# ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 10 | Issue 49 | 16 December 2020 to 22 December 2020 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com



**7** ਖ਼ਬਰਸਾਰ

ਸ਼ਹੀਦ ਜਸਵੰਤ ਸਿੰਘ ਖਾਲੜਾ ਸਬੰਧੀ ਅਜਮੇਰ ਸਿੰਘ ਵੱਲੋਂ ਲਿਖੀ ਕਿਤਾਬ ਕਿਸਾਨ ਮੋਰਚੇ ਵਿਖੇ ਰਿਲੀਜ਼





**11** ਵਿਸ਼ੇਸ਼ ਰਿਪੋਰਟ

ਕੈਨੇਡਾ ਦੇ ਪ੍ਰਧਾਨ ਮੰਤਰੀ ਦੇ ਬਿਆਨ ’ਤੇ ਇਤਰਾਜ਼ ਬੇਲੋੜਾ





**13** ਵਿਸ਼ੇਸ਼ ਰਿਪੋਰਟ

ਅਡਾਨੀ ਅੰਬਾਨੀ ਵਿਰੁਧ ਬਣਿਆ ਕਿਸਾਨੀ ਘੋਲ





**19** ਵਿਸ਼ੇਸ਼ ਲੇਖ

ਕਿਸਾਨ ਮੋਰਚੇ ਕਾਰਨ ਪੰਜਾਬੀ ਦੁਨੀਆਂ ਵਿਚ ਛਾਏ




# ਕਿਸਾਨਾਂ ਅਤੇ ਭਾਰਤ ਸਰਕਾਰ ਦਰਮਿਆਨ ਚੱਲ ਰਹੀ ਲੜਾਈ ’ਚ ਸੁਪਰੀਮ ਕੋਰਟ ਦੀ ਦਖਲ ਸ਼ੁਰੂ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਕਿਸਾਨ ਸੰਘਰਸ਼ ਸਬੰਧੀ ਦਰਜ ਪਟੀਸ਼ਨਾਂ ’ਤੇ ਅੱਜ ਭਾਰਤ ਦੀ ਸੁਪਰੀਮ ਕੋਰਟ ਨੇ ਸੁਣਵਾਈ ਕਰਦਿਆਂ ਭਾਰਤ ਸਰਕਾਰ, ਪੰਜਾਬ ਤੇ ਹਰਿਆਣਾ ਸਰਕਾਰਾਂ ਨੂੰ ਨੋਟਿਸ ਜਾਰੀ ਕਰਕੇ ਕੱਲ੍ਹ ਤੱਕ ਜੁਆਬ ਮੰਗਿਆ ਹੈ। ਇਸ ਮਾਮਲੇ ’ਤੇ 17 ਦਸੰਬਰ ਨੂੰ ਮੁੜ ਸੁਣਵਾਈ ਹੋਵੇਗੀ। ਸੁਪਰੀਮ ਕੋਰਟ ਨੇ ਅੱਜ ਦੀ ਸੁਣਵਾਈ ਦੌਰਾਨ ਸੰਕੇਤ ਦਿੱਤਾ ਕਿ ਉਹ ਖੇਤੀ ਕਾਨੂੰਨਾਂ ਦੇ ਮਸਲੇ ’ਤੇ ਜਾਰੀ ਜਮੂਦ ਨੂੰ ਖਤਮ ਕਰਨ ਲਈ ਸਰਕਾਰ ਅਤੇ ਕਿਸਾਨ ਯੂਨੀਅਨਾਂ ਦੇ ਨੁਮਾਂਇੰਦਿਆਂ ਦੀ ਕਮੇਟੀ ਬਣਾਏਗੀ।

ਸੁਪਰੀਮ ਕੋਰਟ ਦੇ ਇਸ ਇਸ਼ਾਰੇ ’ਤੇ ਟਿੱਪਣੀ ਕਰਦਿਆਂ ਕਿਸਾਨ ਯੂਨੀਅਨਾਂ ਨੇ ਕਿਹਾ ਕਿ ਤਿੰਨ ਖੇਤੀ ਕਾਨੂੰਨਾਂ ਬਾਰੇ ਜਾਰੀ ਜਮੂਦ ਖਤਮ ਕਰਨ ਲਈ ਨਵੀਂ ਕਮੇਟੀ ਬਣਾਉਣ ਦਾ ਸੁਪਰੀਮ ਕੋਰਟ ਦਾ ਸੁਝਾਅ, ਹੱਲ ਨਹੀਂ ਹੈ। ਉਹ ਚਾਹੁੰਦੇ ਹਨ ਕਿ ਤਿੰਨੇ ਕਾਨੂੰਨ ਵਾਪਸ ਲਏ ਜਾਣ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਸੰਸਦ ਵਿੱਚ ਕਾਨੂੰਨ ਬਣਾਉਣ ਤੋਂ ਪਹਿਲਾਂ ਕਿਸਾਨਾਂ ਅਤੇ ਹੋਰਨਾਂ ਦੀ ਕਮੇਟੀ ਬਣਾਉਣੀ ਚਾਹੀਦੀ ਸੀ।

ਸਵਰਾਜ ਇੰਡੀਆ ਦੇ ਆਗੂ ਯੋਗੇਂਦਰ ਯਾਦਵ ਜੋ ਸੰਯੁਕਤ ਕਿਸਾਨ ਮੋਰਚੇ ਦੇ ਮੈਂਬਰ ਵੀ ਹਨ ਨੇ ਟਵੀਟ ਕੀਤਾ, “ਸੁਪਰੀਮ ਕੋਰਟ ਤਿੰਨ ਕਿਸਾਨ ਬਿਲਾਂ ਦੀ ਸਿਰਫ ਸੰਵਿਧਾਨਕ ਵੈਧਤਾ ਦਾ ਫੈਸਲਾ ਕਰ ਸਕਦੀ ਹੈ। ਪਰ ਨਿਆਂਪਾਲਿਕ ਇਨ੍ਹਾਂ ਕਾਨੂੰਨਾਂ ਦੀ ਲੋੜ ਅਤੇ ਵਿਹਾਰਕਤਾ ਦਾ ਫੈਸਲਾ ਨਹੀਂ ਕਰ ਸਕਦੀ। ਇਹ ਮਾਮਲਾ ਕਿਸਾਨਾਂ ਅਤੇ ਉਨ੍ਹਾਂ ਦੇ ਚੁਣੇ ਆਗੂਆਂ ਵਿਚਾਲੇ ਹੈ। ਸੁਪਰੀਮ ਕੋਰਟ ਦੀ ਨਿਗਰਾਨੀ ਵਿੱਚ ਗੱਲਬਾਤ ਹੋਣਾ ਗਲਤ ਕਦਮ ਹੈ।”




ਇਸ ਕਮੇਟੀ ਵਿੱਚ ਸਰਕਾਰ ਤੇ ਦੇਸ਼ ਭਰ ਦੀਆਂ ਕਿਸਾਨ ਜਥੇਬੰਦੀਆਂ ਦੇ ਨੁਮਾਇੰਦੇ ਸ਼ਾਮਲ ਕੀਤੇ ਜਾਣਗੇ। ਇਹ ਪਟੀਸ਼ਨਾਂ ਕਿਸਾਨਾਂ ਨੂੰ ਦਿੱਲੀ ਦੀਆਂ ਸਰਹੱਦਾਂ ਤੋਂ ਹਟਾਉਣ ਲਈ ਪਾਈਆਂ ਗਈਆਂ ਹਨ। ਅਦਾਲਤ ਨੇ ਪਟੀਸ਼ਨਰਾਂ ਨੂੰ, ਪ੍ਰਦਰਸ਼ਨਕਾਰੀ ਕਿਸਾਨ ਯੂਨੀਅਨਾਂ ਨੂੰ ਧਿਰ ਬਣਾਉਣ ਲਈ ਕਿਹਾ ਹੈ। ਇਸ ਦੇ ਨਾਲ ਹੀ ਅਦਾਲਤ ਨੇ ਕੇਂਦਰ ਨੂੰ ਕਿਹਾ ਕਿ ਸਰਕਾਰ ਕਿਸਾਨ ਹਿੱਤਾਂ ਦੇ ਖਿਲਾਫ ਕੁੱਝ ਨਹੀਂ ਕਰੇਗੀ। ਅਦਾਲਤ ਨੇ ਕੇਂਦਰ ਨੂੰ ਕਿਹਾ ਕਿ ਹੁਣ ਤੱਕ ਸਰਕਾਰ ਦੀ ਕਿਸਾਨਾਂ ਵਿਚਾਲੇ ਹੋਈ ਗੱਲਬਾਤ ਦਾ ਸਪਸ਼ਟ ਕੋਈ ਹੋਰ ਲਾਭ ਨਹੀਂ ਹੋਇਆ।

## ਕਿਸਾਨੀ ਸੰਘਰਸ਼ ਲਈ ਜਥੇਦਾਰ ਅਕਾਲ ਤਖ਼ਤ ਹੋਣ ਲੱਗੇ ਸਰਗਰਮ

**ਅੰਮ੍ਰਿਤਸਰ/ਏ.ਟੀ.ਨਿਊਜ਼:** ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਅਕਾਲ ਤਖ਼ਤ ਨੇ ਕਿਹਾ ਕਿ ਭਾਰਤ ਸਰਕਾਰ ਵੱਲੋਂ ਲਾਗੂ ਕੀਤੇ ਖੇਤੀ ਕਾਨੂੰਨਾਂ ਖ਼ਿਲਾਫ਼ ਕਿਸਾਨ ਲਗਾਤਾਰ ਇਨਾਂ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦੀ ਮੰਗ ਕਰ ਰਹੇ ਹਨ। ਉਨਾਂ ਕਿਹਾ ਕਿ ਇਹ ਲੰਬਾ ਸੰਘਰਸ਼ ਹੁਣ ਦਿੱਲੀ ਦੀ ਸਰਹੱਦ ’ਤੇ ਲਗਾਤਾਰ ਚੱਲ ਰਿਹਾ ਹੈ। ਉਨਾਂ ਕਿਹਾ ਕਿ ਜੇਕਰ ਲੋੜ ਪਈ ਤਾਂ ਉਹ ਵੀ ਇਸ ਸੰਘਰਸ਼ ਵਿਚ ਜਾ ਕੇ ਕਿਸਾਨਾਂ ਦਾ ਸਾਥ ਦੇਣਗੇ। ਉਨਾਂ ਭਾਰਤ ਸਰਕਾਰ ਨੂੰ ਕਿਹਾ ਕਿ ਜਲਦ ਤੋਂ ਜਲਦ ਕਿਸਾਨਾਂ ਦੇ ਨਾਲ ਬੈਠਕ ਕਰ ਕੇ ਇਸ ਦਾ ਕੋਈ ਯੋਗ ਹੱਲ ਕੱਢਣ ਤਾਂ ਜੋ ਇਸ ਸੰਘਰਸ਼ ਨੂੰ ਖ਼ਤਮ ਕੀਤਾ ਜਾ ਸਕੇ।

ਉਨਾਂ ਕਿਹਾ ਕਿ ਤਖ਼ਤ ਦਮਦਮਾ ਸਾਹਿਬ ਤੇ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਇਸ ਧਰਨੇ ਵਿਚ ਕਿਸਾਨਾਂ ਦੇ ਸਹਿਯੋਗ ਲਈ ਲੰਗਰ ਤੇ ਸਿਹਤ ਸਹੂਲਤਾਂ ਦੇਣ ਦੇ ਲਈ ਲਗਾਤਾਰ ਕੰਮ ਕਰ ਰਹੇ ਹਨ।

ਉਨਾਂ ਕਿਹਾ ਸੀ ਕਿ ਕੁਝ ਤਾਕਤਾਂ ਕਿਸਾਨੀ ਅੰਦੋਲਨ ਨੂੰ ਖ਼ਾਲਿਸਤਾਨੀ ਤੇ ਪੰਜਾਬ ਅਤੇ ਸਿੱਖਾਂ ਦਾ ਅੰਦੋਲਨ ਬਣਾ ਕੇ ਪੇਸ਼ ਕਰ ਰਹੀਆਂ ਹਨ। ਇਸ ਅੰਦੋਲਨ ਨੂੰ ਗ਼ਲਤ ਰਾਹ ’ਤੇ ਲੈ ਜਾ ਕੇ ਦੇਸ਼ ਵਿਰੋਧੀ ਸਾਬਿਤ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਜੋ ਕਿ ਸਰਾਸਰ ਗ਼ਲਤ ਹੈ। ਕਿਸਾਨ ਅੰਦੋਲਨ ਪੂਰੀ ਤਰਾਂ ਕਿਸਾਨ ਦੇ ਹੱਕ ਦਾ ਅੰਦੋਲਨ ਹੈ। ਕਿਸਾਨ ਆਪਣੇ ਹੱਕਾਂ ਲਈ ਆਵਾਜ਼ ਉਠਾ ਰਹੇ ਹਨ, ਇਸ ਲਈ ਕਿਸਾਨ ਜਿਹੜੇ ਕਾਨੂੰਨਾਂ ਨੂੰ ਸਵੀਕਾਰ ਨਹੀਂ ਕਰਨਾ ਚਾਹੁੰਦੇ, ਸਰਕਾਰ ਨੂੰ ਉਨਾਂ ਨੂੰ ਲਾਗੂ ਨਹੀਂ ਕਰਨਾ ਚਾਹੀਦਾ।।

# ਭਾਰਤ ਸਰਕਾਰ ਵੱਲੋਂ ਕਿਸਾਨਾਂ ’ਤੇ ਕੀਤੇ ਜਾ ਰਹੇ ਜ਼ੁਲਮ ਤੋਂ ਦੁਖੀ ਬਾਬਾ ਰਾਮ ਸਿੰਘ ਨੇ ਖੁਦ ਨੂੰ ਗੋਲੀ ਮਾਰੀ



**ਅੰਮ੍ਰਿਤਸਰ ਟਾਈਮਜ਼ ਬਿਊਰੋ:** ਸਿੰਘੂ ਸਰਹੱਦ ’ਤੇ ਬੁੱਧਵਾਰ ਦੇਰ ਸ਼ਾਮ ਬਾਬਾ ਰਾਮ ਸਿੰਘ ਸੀਂਗੜਾ, ਕਰਨਾਲ ਵਾਲਿਆਂ ਨੇ ਖੁਦ ਨੂੰ ਗੋਲੀ ਮਾਰ ਲਈ। ਗੋਲੀ ਵੱਜਣ ਨਾਲ ਉਹਨਾਂ ਦੀ ਮੌਤ ਹੋ ਗਈ। ਇਹ ਕਰਨ ਤੋਂ ਪਹਿਲਾਂ ਉਹਨਾਂ ਇਕ ਚਿੱਠੀ ਲਿਖੀ ਜਿਸ ਵਿਚ ਉਹਨਾਂ ਲਿਖਿਆ ਕਿ ਉਹ ਸਰਕਾਰ ਵੱਲੋਂ ਕਿਸਾਨਾਂ ਨਾਲ ਕੀਤੇ ਜਾ ਰਹੇ ਜ਼ੁਲਮ ਤੋਂ ਤੰਗ ਆ ਕੇ ਆਪਣੀ ਜਾਨ ਦੇ ਰਹੇ ਹਨ ਤੇ ਉਹ ਕਿਸਾਨਾਂ ਦਾ ਇਹ ਦਰਦ ਨਹੀਂ ਦੇਖ ਸਕਦੇ।ਬਾਬਾ ਰਾਮ ਸਿੰਘ ਕਰਨਾਲ ਜਿਲ੍ਹੇ ਦੇ ਨਿਸਿੰਗ ਇਲਾਕੇ ਵਿੱਚ ਪੈਂਦੇ ਸਿੰਘੜਾ ਪਿੰਡ ਨਾਲ ਸਬੰਧਿਤ ਹਨ। ਉਹ ਸਿੱਖ ਜਗਤ ਦੀ ਇਕ ਸਤਿਕਾਰਯੋਗ ਸਖਸ਼ੀਅਤ ਸਨ ਤੇ ਕਈ ਗੁਰਦੁਆਰਾ ਸਾਹਿਬ ਦੀ ਸੇਵਾ ਸੰਭਾਲ ਕਰ ਰਹੇ ਸਨ। ਉਨ੍ਹਾਂ ਨੂੰ ਇਥੋਂ ਦੇ ਇਕ ਨਿਜੀ ਹਸਪਤਾਲ ਵਿੱਚ ਦਾਖਲ ਕਰਾਇਆ ਗਿਆ ਜਿਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ। ਉਹ ਸਿੰਘੜਾ ਪਿੰਡ ਦੇ ਗੁਰਦੁਆਰਾ ਨਾਨਕਸਰ ਵਿੱਚ ਬੈਠਦੇ ਸਨ। ਬਾਬਾ ਰਾਮ ਸਿੰਘ ਦੀ ਮ੍ਰਿਤਕ ਦੇਹ ਨੂੰ ਕੇਸੀਜੀਐਮਸੀ ਲਿਆਂਦਾ ਗਿਆ ਜਿਥੇ ਸੰਗਤਾਂ ਦੇ ਮਿਤਕ ਦੇਹ ਦਾ ਪੋਸਟਮਾਰਟਮ ਕਰਨ ਤੋਂ ਮਨ੍ਹਾਂ ਕਰ ਦਿੱਤਾ। ਇਸ ਤੋਂ ਬਾਅਦ ਮ੍ਰਿਤਕ ਦੇਹ ਨੂੰ ਨਾਨਕਸਰ ਗੁਰਦੁਆਰੇ ਲਿਜਾਇਆ ਗਿਆ ਜਿਥੇ ਵੱਡੀ ਗਿਣਤੀ ਵਿਚ ਸੰਗਤਾਂ ਦਾ ਇਕੱਠ ਹੋ ਗਿਆ ਹੈ।ਉਹ ਕਿਸਾਨੀ ਸੰਘਰਸ਼ ਵਿਚ ਵੱਡੇ ਪੱਧਰ ’ਤੇ ਲੰਗਰ ਚਲਾ ਰਹੇ ਸਨ ਅਤੇ ਪੰਜ ਲੱਖ ਨਕਦ ਮਦਦ ਵੀ ਕਰ ਚੁੱਕੇ ਸਨ। ਉਨ੍ਹਾਂ ਆਪਣੇ ਖੁਦਕੁਸ਼ੀ ਨੋਟ ਚ ਲਿਖਿਆ ਕਿ ਸਾਰੇ ਲੋਕ ਕਿਸਾਨਾਂ ਦੇ ਸਮਰਥਨ ਚ ਕੁਝ ਨਾ ਕੁਝ ਕਰ ਰਹੇ ਹਨ, ਉਹ ਕਿਸਾਨਾਂ ਖਾਤਰ ਆਪਣੀ ਜਾਨ ਦੇ ਰਹੇ ਹਨ। ਬਾਬਾ ਜੀ ਨੇ ਪਹਿਲਾਂ ਕੀਰਤਨ ਵੀ ਕੀਤਾ ਅਤੇ ਕੀਰਤਨ ਦੌਰਾਨ ਕਿਸਾਨਾਂ ਦਾ ਦੁੱਖ ਬਿਆਨ ਕੀਤਾ। ਉਹ ਮੋਰਚੇ ਦੌਰਾਨ ਕੰਬਲ ਵੀ ਵੰਡਦੇ ਰਹੇ।

## ਕਿਸਾਨਾਂ ਨੇ ਸਰਕਾਰ ਦੀਆਂ ਸੋਧਾਂ ਵਾਲੀ ਤਜਵੀਜ਼ ਲਿਖਤੀ ਰੂਪ ’ਚ ਰੱਦ ਕੀਤੀ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਸੰਯੁਕਤ ਕਿਸਾਨ ਮੋਰਚੇ ਨੇ ਅੱਜ ਭਾਰਤ ਸਰਕਾਰ ਨੂੰ ਲਿਖਤੀ ਸੁਨੇਹਾ ਭੇਜ ਕੇ ਸਰਕਾਰ ਵੱਲੋਂ ਭੇਜੀ ਗਈ ਸੋਧਾਂ ਦੀ ਤਜਵੀਜ਼ ਰੱਦ ਕਰ ਦਿੱਤੀ ਹੈ। ਕਿਸਾਨ ਆਗੂਆਂ ਨੇ ਇਸ ’ਤੇ ਵਿਚਾਰ ਵਟਾਂਦਰੇ ਤੋਂ ਬਾਅਦ 9 ਦਸੰਬਰ ਵਾਲੀ ਸਰਕਾਰੀ ਤਜਵੀਜ਼ ਨੂੰ ਖਾਰਜ ਕਰ ਦਿੱਤਾ ਸੀ। ਕਿਸਾਨਾਂ ਦਾ ਵਿਰੋਧ ਅੱਜ 20ਵੇਂ ਦਿਨ ਵਿਚ ਦਾਖਲ ਹੋ ਗਿਆ। ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਦਰਸਨ ਪਾਲ ਨੇ ਕੇਂਦਰ ਸਰਕਾਰ ਨੂੰ ਲਿਖਤੀ ਜਵਾਬ ਵਿੱਚ ਕਿਹਾ ਕਿ ਸਾਰੀਆਂ ਕਿਸਾਨ ਜਥੇਬੰਦੀਆਂ ਨੇ ਸਰਕਾਰ ਵੱਲੋਂ ਭੇਜੀ ਤਜਵੀਜ਼ ’ਤੇ ਵਿਚਾਰ ਵਟਾਂਦਰੇ ਕੀਤੇ ਹਨ ਅਤੇ ਸਰਬਸੰਮਤੀ ਨਾਲ ਇਸ ਨੂੰ ਰੱਦ ਕਰ ਦਿੱਤਾ ਹੈ ਕਿਉਂਕਿ ਇਹ 5 ਦਸੰਬਰ ਨੂੰ ਸਰਕਾਰ ਦੇ ਨੁਮਾਇੰਦਿਆਂ ਦੀ ਜੁਬਾਨੀ ਤਜਵੀਜ਼ ਦੀ ਸਿਰਫ ਲਿਖਤੀ ਕਾਪੀ ਸੀ। ਕਿਸਾਨ ਯੂਨੀਅਨਾਂ ਨੇ ਸਰਕਾਰ ਨੂੰ ਲਿਖੇ ਆਪਣੇ ਪੱਤਰ ਵਿੱਚ ਇਹ ਵੀ ਕਿਹਾ ਕਿ ਉਹ ਕਿਸਾਨ ਅੰਦੋਲਨ ਦੇ ਅਕਸ ਨੂੰ ਢਾਹ ਨਾ ਲਗਾਏ ਅਤੇ ਹੋਰ ਕਿਸਾਨ ਜਥੇਬੰਦੀਆਂ ਨਾਲ ਗੱਲਬਾਤ ਬੰਦ ਕਰੇ।

TRANS-ALLIANCE
TOGETHER WE SAVE

## FUEL DISCOUNTS

UPTO 80 CENTS PER GALLON DISCOUNT
MAJOR NETWORK OF TRUCK STOPS

TA PETRO TA EXPRESS AMBEST Love's Roady's

## FUEL CARDS

NO CREDIT - NO PROBLEM
BEST CUSTOMER SERVICE

QUIKQ WEX




FLEET ONE FACTORING

WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN

WE SHOW UP
24-HOUR ROADSIDE ASSISTANCE

ROAD SQUAD connect

## TRUCK REPAIR & TIRE DISCOUNTS

GET NATIONAL ACCOUNT
NEARLY 3,000 HIGHLY SKILLED TECHNICIANS COAST TO COAST

TA TRUCK SERVICE
MORE BAYS. EXPERTISE. SOLUTIONS.

## FUEL MANAGEMENT

DAILY FUEL RATES IN PHONE APP

CALL FOR MORE INFO

(855)641-6955, (888)795-7035

# ਅਮਰੀਕਾ ਵਿਚ ਕੇਵਲ 4 ਦਿਨਾਂ ਵਿਚ ਕੋਰੋਨਾ ਵਾਇਰਸ ਦੇ 10 ਲੱਖ ਮਾਮਲੇ ਵਧੇ

## ਕੈਲੀਫੋਰਨੀਆ ਵਿਚ ਆਈ ਸੀ ਯੂ ਵਿਚ ਕੋਈ ਬੈੱਡ ਖਾਲੀ ਨਹੀਂ

**ਕੈਲੀਫੋਰਨੀਆ/ਹੁਸਨ ਲੜੋਆ ਬੰਗਾ:** ਅਮਰੀਕਾ ਵਿਚ ਕੋਰੋਨਾ ਵਾਇਰਸ ਦਾ ਫੈਲਾਅ ਰੁਕਣ ਦਾ ਨਾਂ ਨਹੀਂ ਲੈ ਰਿਹਾ ਤੇ ਕੋਰੋਨਾ ਪ੍ਰਭਾਵਿਤ ਲੋਕਾਂ ਦੀ ਗਿਣਤੀ ਵਿਚ ਤੇਜੀ ਨਾਲ ਵਾਧਾ ਹੋ ਰਿਹਾ ਹੈ। ਕੋਰੋਨਾ ਦੇ ਪਹਿਲੇ 10 ਲੱਖ ਮਾਮਲੇ ਦਰਜ ਹੋਣ ਵਿਚ 3 ਮਹੀਨੇ ਦਾ ਸਮਾਂ ਲੱਗਿਆ ਸੀ ਪ੍ਰੰਤੂ 1.5 ਕਰੋੜ ਤੋਂ 1.6 ਕਰੋੜ ਮਾਮਲੇ ਹੋਣ ਲਈ ਕੇਵਲ 4 ਦਿਨਾਂ ਦਾ ਸਮਾਂ ਲੱਗਾ ਹੈ। ਇਸ ਤੋਂ ਸਹਿਜੇ ਹੀ ਅੰਦਾਜ਼ਾ ਹੋ ਜਾਂਦਾ ਹੈ ਕਿ ਵਾਇਰਸ ਕਿੰਨੀ ਤੇਜੀ ਨਾਲ ਫੈਲ ਰਿਹਾ ਹੈ। ਹਾਲਤ ਇਹ ਬਣ ਗਏ ਹਨ ਕਿ ਕੈਲੀਫੋਰਨੀਆ ਖੇਤਰ ਵਿਚ ਗੰਭੀਰ ਹਾਲਤ ਵਾਲੇ ਮਰੀਜ਼ਾਂ ਲਈ ਹਸਪਤਾਲਾਂ ਵਿਚ ਕੋਈ ਬੈੱਡ ਨਹੀਂ ਬਚਿਆ ਹੈ। ਆਈ.ਸੀ.ਯੂ ਪੂਰੀ ਤਰਾਂ ਭਰ ਚੁੱਕੇ ਹਨ। ਆਸ ਕੀਤੀ ਜਾਂਦੀ ਹੈ ਕਿ ਕੋਰੋਨਾ ਟੀਕਾਕਰਨ ਦੇ ਬਾਅਦ ਹੀ ਕੋਰੋਨਾ ਵਾਇਰਸ ਦਾ ਪਸਾਰ ਰੁਕ ਸਕਦਾ ਹੈ।

**ਸੋਮਵਾਰ ਤੋਂ ਲੱਗਣਗੇ ਟੀਕੇ**

ਕੋਰੋਨਾ ਦੇ ਪਸਾਰ ਨੂੰ ਰੋਕਣ ਲਈ ਪਹਿਲਾਂ ਅਧਿਕਾਰਤ ਟੀਕਾ ਵੰਡ ਦਿੱਤਾ ਗਿਆ ਹੈ ਤੇ ਇਸ ਨੂੰ ਲਗਾਉਣ ਦਾ ਕੰਮ ਸੋਮਵਾਰ ਤੋਂ ਸ਼ੁਰੂ ਹੋਣ ਦੀ ਆਸ ਹੈ। ਜਨਰਲ ਗੁਸਟੇਵ ਪਰਨਾ ਸਹਿ ਮੁੱਖੀ ਆਪਰੇਸ਼ਨ ਰੈਪ ਸਪੀਡ ਨੇ ਦੱਸਿਆ ਕਿ 'ਮੈਂ ਅੱਜ ਹੁਣੇ ਹੀ ਗੱਲ ਕੀਤੀ ਹੈ। ਟੀਕਿਆਂ ਨੂੰ ਪੈਕ ਕੀਤਾ ਜਾ ਰਿਹਾ ਹੈ। ਸੋਮਵਾਰ ਸਵੇਰ ਨੂੰ ਟੀਕੇ ਨਿਰਮਾਣ ਇਕਾਈਆਂ ਤੋਂ ਵੰਡ ਕੇਂਦਰਾਂ ਵਿਚ ਪਹੁੰਚ ਜਾਣਗੇ।' ਨੈਸ਼ਨਲ ਸੈਂਟਰ ਫਾਰ ਇਮਿਊਨੀਜੇਸ਼ਨ ਐਂਡ ਰੈਸਪੀਰੇਟਰੀ ਡਸੀਜ਼ ਦੀ ਮੁਖੀ ਡਾ. ਨੈਨਸੀ ਮੈਸ਼ਨੀਰ ਅਨੁਸਾਰ ਟੀਕੇ ਲੱਗਣ ਦਾ ਕੰਮ ਸੋਮਵਾਰ ਤੋਂ ਸ਼ੁਰੂ ਹੋ ਜਾਵੇਗਾ। ਉਨਾਂ ਕਿਹਾ ਕਿ ਸਿਹਤ ਕਾਮਿਆਂ ਤੇ ਨਰਸਿੰਗ ਘਰਾਂ ਵਿਚ ਦੇ ਵਾਸੀਆਂ ਨੂੰ ਸਭ ਤੋਂ ਪਹਿਲਾਂ ਟੀਕੇ ਲਾਏ ਜਾਣਗੇ। ਮਰੀਜ਼ਾਂ ਤੇ ਮਰੀਜ਼ਾਂ ਦੀ ਦੇਖਭਾਲ ਕਰਨ ਵਾਲਿਆਂ ਨੂੰ 'ਤੱਥ ਪੱਤਰ' ਦਿੱਤੇ ਜਾਣਗੇ ਜਿਨਾਂ ਵਿਚ ਟੀਕੇ ਦੇ ਜੋਖ਼ਮ ਤੇ ਫ਼ਾਇਦੇ ਬਾਰੇ ਦੱਸਿਆ ਜਾਵੇਗਾ।

# ਗੁਰਦੁਆਰਾ ਸ਼ਹੀਦਾਂ ਲੈਵੀਟੋਨ ਲੋਗਾਆਈਲੈਂਡ, ਨਿਊਯਾਰਕ ਤੋਂ ਕਿਸਾਨਾਂ 'ਤੇ ਥੋਪੇ ਗਏ ਤਿੰਨ ਕਾਲੇ ਕਾਨੂੰਨਾਂ ਦੇ ਵਿਰੋਧ ਵਿਚ ਰੋਸ ਕਾਰ ਰੈਲੀ ਕੱਢੀ

**ਨਿਊਯਾਰਕ ( ਰਾਜ ਗੋਗਨਾ)**

ਬੀਤੇ ਦਿਨ ਨਿਊਯਾਰਕ ਵਿੱਚ ਕਾਰ ਰੈਲੀ ਕੀਤੀ ਗਈ ਜਿਸ ਵਿਚ ਹਰ ਭਾਈਚਾਰੇ ਨੇ ਹਿੱਸਾ ਲਿਆ। ਇਸ ਕਾਰ ਰੈਲੀ ਵਿਚ ਭਾਰਤ ਸਰਕਾਰ ਵੱਲੋਂ ਭਾਰਤ ਦੇ ਕਿਸਾਨ-ਮਜ਼ਦੂਰਾਂ ਦੇ ਖ਼ਿਲਾਫ਼ ਪਾਸ ਕੀਤੇ ਬਿੱਲਾਂ ਨੂੰ ਵਾਪਸ ਲੈਣ ਤੇ ਕਿਸਾਨਾਂ ਦੇ ਹੱਕਾਂ ਦੀ ਪ੍ਰਾਪਤੀ ਲਈ ਆਵਾਜ਼ ਬੁਲੰਦ ਕੀਤੀ ਗਈ ਅਤੇ ਭਾਰਤ ਦੀ ਮੋਦੀ ਦੀ ਭ੍ਰਿਸ਼ਟ ਸਰਕਾਰ ਦਾ ਚਿਹਰਾ ਦੁਨੀਆ ਸਾਹਮਣੇ ਨੰਗਾ ਕੀਤਾ ਗਿਆ ਜਿਸ ਨੂੰ ਇੰਨਟਰਫੇਥ ਆਰਗੇਨਾਈਜੇਸ਼ਨ ਹਿਊਮਨ ਰਾਇਟਸ ਸਾਂਝਾ ਪੰਜਾਬ ਨਿਊਯਾਰਕ ਯੂਥ ਅਤੇ ਗੁਰਦੁਆਰਾ ਸ਼ਹੀਦਾਂ ਧੰਨ ਧੰਨ ਬਾਬਾ ਦੀਪ ਸਿੰਘ ਜੀ ਦੇ ਸਥਾਨ ਵੱਲੋਂ ਸਾਂਝੇ ਤੌਰ 'ਤੇ ਆਯੋਜਿਤ ਕੀਤਾ ਗਿਆ । ਗੱਡੀਆਂ ਦਾ ਇਕ ਵੱਡਾ ਕਾਫ਼ਲਾ ਜਿਸ ਵਿਚ ਹਰ ਵਰਗ ਦੇ ਲੋਕਾਂ ਸ਼ਾਮਲ ਸਨ, ਨੇ ਆਪਣੇ ਕਿਸਾਨ ਮਜ਼ਦੂਰ ਭਰਾਵਾਂ ਦੀ ਆਵਾਜ਼ ਨੂੰ ਦੁਨੀਆ




ਦੇ ਕੋਨੇ ਕੋਨੇ ਵਿੱਚ ਪਹੁੰਚਾਉਣ ਦਾ ਯਤਨ ਕੀਤਾ। ਇਹ ਕਾਰ ਰੋਸ ਰੈਲੀ ਗੁਰਦੁਆਰਾ ਸ਼ਹੀਦਾਂ ਲੈਵੀਟੋਨ, ਨਿਊਯਾਰਕ ਤੋਂ ਦੁਪਹਿਰ 1.30 ਵਜੇ ਦੁਪਹਿਰ ਨੂੰ ਸ਼ੁਰੂ ਹੋਈ ਜੋ ਵੱਖ-ਵੱਖ ਰਸਤਿਆਂ ਤੋਂ ਹੁੰਦੀ ਹੋਈ ਨਾਸੂ ਕਾਊਂਟੀ ਦੇ ਆਫ਼ਿਸ ਸਾਹਮਣੇ ਜਾ ਕੇ ਸਮਾਪਤ ਹੋਈ।

# ਇਲੈਕਟੋਰਲ ਬਾਇਡਨ ਦੀ ਜਿੱਤ 'ਤੇ ਲਗੀ ਮੋਹਰ

**✪ ਬਾਇਡਨ ਨੂੰ 306 ਤੇ ਟਰੰਪ ਨੂੰ ਮਿਲੀਆਂ 232 ਵੋਟਾਂ ✪ ਕਾਂਗਰਸ ਦਾ ਸਾਂਝਾ ਇਜਲਾਸ 6 ਜਨਵਰੀ ਨੂੰ ਸੱਦਿਆ**

ਵਾਸ਼ਿੰਗਟਨ

ਇਲੈਕਟੋਰਲ ਕਾਲਜ (ਚੋਣ ਸਮੂਹ) ਵੱਲੋਂ ਰਾਸ਼ਟਰਪਤੀ ਚੋਣਾਂ ਵਿੱਚ ਮਿਲੀ ਜਿੱਤ 'ਤੇ ਅਧਿਕਾਰਤ ਮੋਹਰ ਲਾਉਣ ਮਗਰੋਂ ਅਮਰੀਕਾ ਦੇ ਨਵੇਂ ਚੁਣੇ ਰਾਸ਼ਟਰਪਤੀ ਜੋਅ ਬਾਇਡਨ ਨੇ ਅਮਰੀਕੀਆਂ ਨੂੰ ਕਿਹਾ ਕਿ ਇਹ 'ਅੱਗੇ ਵਧਣ ਦਾ ਸਮਾਂ' ਹੈ। 538 ਮੈਂਬਰੀ ਇਲੈਕਟੋਰਲ ਕਾਲਜ ਨੇ 306 ਵੋਟਾਂ ਹਾਸਲ ਕਰਨ ਵਾਲੇ ਬਾਇਡਨ ਨੂੰ ਰਸਮੀ ਤੌਰ 'ਤੇ ਜੇਤੂ ਐਲਾਨ ਦਿੱਤਾ ਹੈ। 78 ਸਾਲਾ ਡੈਮੋਕ੍ਰੇਟ ਆਗੂ ਲਈ ਅਗਲੇ ਸਾਲ 20 ਜਨਵਰੀ ਨੂੰ ਮੁਲਕ ਦੇ 46ਵੇਂ ਰਾਸ਼ਟਰਪਤੀ ਵਜੋਂ ਅਹੁਦਾ ਸੰਭਾਲਣ ਲਈ ਚੋਣ ਸਮੂਹ ਦਾ ਇਹ ਫੈਸਲਾ ਕਾਫ਼ੀ ਅਹਿਮ ਤੇ ਅਤਿ ਲੋੜੀਂਦਾ ਸੀ। ਇਸ ਦੌਰਾਨ ਰਿਪਬਲਿਕਨ ਪਾਰਟੀ ਦੇ ਸਿਖਰਲੇ ਆਗੂਆਂ ਨੇ ਡੈਮੋਕਰੈਟ ਜੋਅ ਬਾਇਡਨ ਨੂੰ ਪਹਿਲੀ ਵਾਰ ਰਾਸ਼ਟਰਪਤੀ ਚੋਣਾਂ ਦਾ ਜੇਤੂ ਦੱਸਿਆ ਹੈ। ਕਾਬਿਲੇਗੌਰ ਹੈ ਕਿ ਅਮਰੀਕੀ ਚੋਣ ਪ੍ਰਬੰਧ ਵਿੱਚ ਵੋਟਰ ਅਸਲ ਵਿੱਚ ਆਪਣੀਆਂ ਵੋਟਾਂ ਇਲੈਕਟਰਜ਼ (ਚੋਣਕਾਰਾਂ) ਨੂੰ ਪਾਉਂਦੇ ਹਨ, ਜੋ ਅਮਰੀਕੀ ਚੋਣਾਂ ਤੋਂ ਕੁਝ ਹਫ਼ਤਿਆਂ ਮਗਰੋਂ (ਦੋਵਾਂ) ਉਮੀਦਵਾਰਾਂ ਨੂੰ ਰਸਮੀ ਤੌਰ 'ਤੇ ਵੋਟਾਂ ਪਾਉਂਦੇ ਹਨ। ਬਾਇਡਨ ਨੂੰ 3 ਨਵੰਬਰ ਦੀਆਂ ਚੋਣਾਂ ਵਿੱਚ 306 ਇਲੈਕਟੋਰਲ ਕਾਲਜ ਵੋਟਾਂ ਮਿਲੀਆਂ ਹਨ ਜਦੋਂਕਿ ਉਨਾਂ ਦੇ ਵਿਰੋਧੀ ਰਿਪਬਲਿਕਨ ਉਮੀਦਵਾਰ ਤੇ ਮੌਜੂਦਾ ਅਮਰੀਕੀ ਸਦਰ ਦੇ ਹਿੱਸੇ 232 ਵੋਟਾਂ ਆਈਆਂ। ਇਲੈਕਟੋਰਲ ਕਾਲਜ ਵੋਟਾਂ ਨੂੰ ਹੁਣ ਅਗਲੇ ਮਹੀਨੇ ਰਸਮੀ ਗਿਣਤੀ ਲਈ ਕਾਂਗਰਸ ਕੋਲ ਭੇਜਿਆ ਜਾਵੇਗਾ। ਸੈਨੇਟ ਵਿਚਲੇ ਕੁਝ ਰਿਪਬਲਿਕਨਾਂ ਨੇ ਹਾਲਾਂਕਿ ਇਸ਼ਾਰਾ ਕੀਤਾ ਹੈ ਕਿ ਉਹ ਅਹਿਮ ਸੂਬਿਆਂ ਦੇ ਨਤੀਜਿਆਂ ਬਾਰੇ ਉਜਰ ਜਤਾਉਣਗੇ। ਕਾਂਗਰਸ (ਸੈਨੇਟ ਤੇ ਪ੍ਰਤੀਨਿਧ ਸਭਾ) ਦਾ ਸਾਂਝਾ ਇਜਲਾਸ 6 ਜਨਵਰੀ ਨੂੰ ਸੱਦਿਆ ਗਿਆ ਹੈ। ਬਾਇਡਨ ਨੇ ਡੈਲਾਵੇਅਰ ਦੇ ਵਿਲਮਿੰਗਟਨ ਤੋਂ (ਚੋਣਾਂ 'ਚ) ਆਪਣੀ ਜਿੱਤ ਦੇ ਐਲਾਨ ਮਗਰੋਂ ਕਿਹਾ ਕਿ ਅਮਰੀਕੀ ਜਮਹੂਰੀਅਤ ਨੂੰ 'ਦਬਾਉਣ, ਪਰਖਣ ਤੇ ਧਮਕਾਉਣ' ਦੀ ਕੋਸ਼ਿਸ਼ ਕੀਤੀ ਗਈ ਤੇ ਇਹ ਪਹਿਲਾਂ ਨਾਲੋਂ ਵੀ 'ਲਚਕਦਾਰ, ਸੱਚੀ-ਸੁੱਚੀ ਤੇ ਮਜ਼ਬੂਤ' ਹੋ ਕੇ ਨਿਕਲੀ। ਉਨਾਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਨਤੀਜਿਆਂ ਨੂੰ ਉਲਟਾਉਣ ਲਈ ਕੀਤੇ ਯਤਨਾਂ ਦੀ ਨਿਖੇਧੀ ਕਰਦਿਆਂ ਕਿਹਾ ਕਿ 'ਆਖਿਰ ਨੂੰ ਲੋਕਾਂ ਦੀ ਇੱਛਾ 'ਤੇ ਮੋਹਰ ਲੱਗੀ।' ਬਾਇਡਨ ਨੇ ਕਿਹਾ, 'ਮੁਲਕ ਵਿੱਚ ਜਮਹੂਰੀਅਤ ਦੀ ਲਾਟ ਲੰਮੇ ਸਮੇਂ ਤੋਂ ਜਗ ਰਹੀ ਸੀ ਤੇ ਅਸੀਂ ਇਹ ਜਾਣਦੇ ਹਾਂ ਕਿ ਨਾ ਮਹਾਮਾਰੀ ਤੇ ਨਾ ਹੀ ਸੱਤਾ ਦੀ ਦੁਰਵਰਤੋਂ ਨਾਲ ਇਸ ਲਾਟ ਨੂੰ ਬੁਝਾਇਆ ਜਾ ਸਕਦਾ ਹੈ।'

# 2020 ਵਿਚ ਭਾਰਤ ਨੇ ਅਮਰੀਕਾ ਤੋਂ 3.4 ਅਰਬ ਡਾਲਰ ਦੇ ਖ਼ਰੀਦੇ ਹਥਿਆਰ

**ਵਾਸ਼ਿੰਗਟਨ/ਏ.ਟੀ.ਨਿਊਜ਼:** ਭਾਰਤ ਵੱਲੋਂ ਅਮਰੀਕਾ ਤੋਂ ਖ਼ਰੀਦੇ ਗਏ ਹਥਿਆਰਾਂ ਵਿੱਚ ਟਰੰਪ ਪ੍ਰਸ਼ਾਸਨ ਦੇ ਆਖ਼ਰੀ ਸਾਲ ਦੌਰਾਨ ਜ਼ਬਰਦਸਤ ਵਾਧਾ ਹੋਇਆ ਹੈ। ਅਧਿਕਾਰਤ ਅੰਕੜਿਆਂ ਅਨੁਸਾਰ ਇਹ ਸਾਲ 2020 ਵਿਚ 62 ਕਰੋੜ ਡਾਲਰ ਤੋਂ ਵੱਧ ਕੇ 3.4 ਅਰਬ ਡਾਲਰ ਹੋ ਗਏ। ਅਮਰੀਕੀ ਰੱਖਿਆ ਕਾਰਪੋਰੇਸ਼ਨ ਏਜੰਸੀ ਅਨੁਸਾਰ ਭਾਰਤ ਨੂੰ ਅਮਰੀਕੀ ਹਥਿਆਰਾਂ ਦੀ ਵਿਕਰੀ ਵਿਚ ਉਛਾਲ ਅਜਿਹੇ ਸਮੇਂ ਆਇਆ ਜਦੋਂ 2020 ਵਿਚ ਅਮਰੀਕਾ ਤੋਂ ਦੂਜੇ ਦੇਸ਼ਾਂ ਨੂੰ ਹਥਿਆਰਾਂ ਦੀ ਕੁਲ ਵਿਕਰੀ ਘਟ ਕੇ 50.8 ਅਰਬ ਡਾਲਰ ਰਹਿ ਗਈ। ਅਮਰੀਕਾ ਨੇ 2019 ਵਿੱਚ 55.7 ਅਰਬ ਡਾਲਰ ਦੇ ਹਥਿਆਰ ਦੂਜੇ ਦੇਸ਼ਾਂ ਨੂੰ ਵੇਚੇ ਸਨ, ਜਦੋਂ ਕਿ 2017 ਵਿੱਚ ਇਹ ਅੰਕੜਾ 41.9 ਡਾਲਰ ਸੀ। ਅੰਕੜਿਆਂ ਅਨੁਸਾਰ ਸਾਲ 2020 ਵਿੱਚ ਯੂ ਐੱਸ ਦੇ ਹਥਿਆਰਾਂ ਦੇ ਵੱਡੇ ਖ਼ਰੀਦਦਾਰ ਭਾਰਤ ਨੇ ਸਾਲ 2019 ਵਿੱਚ 62 ਕਰੋੜ ਡਾਲਰ ਦੇ ਮੁਕਾਬਲੇ ਸਾਲ 2020 ਵਿੱਚ 3.4 ਅਰਬ ਡਾਲਰ ਦੇ ਹਥਿਆਰ ਖ਼ਰੀਦੇ ਹਨ।

# ਅਮਰੀਕਾ ਵਿਚ ਸਿਹਤ ਵਰਕਰਾਂ ਨੂੰ ਅਗਲੇ ਕੁਝ ਦਿਨਾਂ ਵਿਚ ਟੀਕੇ ਲੱਗਣੇ ਹੋਣਗੇ ਸ਼ੁਰੂ

## ਕੋਰੋਨਾ ਕਾਰਨ ਪ੍ਰਤੀ ਦਿਨ ਮੌਤਾਂ ਦਾ ਅੰਕੜਾ 3000 ਤੋਂ ਪਾਰ

**ਕੈਲੀਫੋਰਨੀਆ/ਹੁਸਨ ਲੜੋਆ ਬੰਗਾ:** ਪ੍ਰਮੁੱਖ ਅਮਰੀਕੀ ਵੈਕਸੀਨ ਵਿਗਿਆਨੀਆਂ ਨੇ ਦਿਨ ਭਰ ਚੱਲੀ ਮੀਟਿੰਗ ਤੋਂ ਬਾਅਦ ਸਿਫ਼ਾਰਿਸ਼ ਕੀਤੀ ਹੈ ਕਿ ਫੂਡ ਐਂਡ ਡਰੱਗ (ਐਫ.ਡੀ.ਏ) ਪ੍ਰਸ਼ਾਸਨ ਨੂੰ ਅਮਰੀਕਨਾਂ ਨੂੰ ਕੋਵਿਡ-19 ਵੈਕਸੀਨ ਦੇਣ ਲਈ ਅਧਿਕਾਰਤ ਕਰ ਦਿੱਤਾ ਜਾਵੇ। ਜਨਤਿਕ ਸੁਣਵਾਈ ਤੋਂ ਬਾਅਦ ਬਾਇਆਲੋਜੀ ਪ੍ਰੋਡਕਟਸ ਐਡਵਾਈਜ਼ਰੀ ਕਮੇਟੀ ਨੇ 18-4 ਦੇ ਬਹੁਮਤ ਨਾਲ ਫਾਈਜ਼ਰ ਤੇ ਇਸ ਦੀ ਭਾਈਵਾਲ ਕੰਪਨੀ ਬਾਇਓਨਟੈੱਕ ਵੱਲੋਂ ਤਿਆਰ ਕੀਤੇ ਟੀਕੇ ਨੂੰ ਪ੍ਰਵਾਨਗੀ ਦਿੱਤੀ। ਕਮੇਟੀ ਦਾ ਇਕ ਮੈਂਬਰ ਗੈਰ ਹਾਜ਼ਰ ਰਿਹਾ। ਐਫ. ਡੀ. ਏ ਵੱਲੋਂ ਅਗਲੇ ਕੁਝ ਘੰਟਿਆਂ ਦੌਰਾਨ ਟੀਕੇ ਦੀ ਹੰਗਾਮੀ ਸਥਿਤੀ ਵਿਚ ਵਰਤੋਂ ਨੂੰ ਪ੍ਰਵਾਨਗੀ ਦਿੱਤੇ ਜਾਣ ਦੀ ਸੰਭਾਵਨਾ ਹੈ। ਫਾਈਜ਼ਰ- ਬਾਇਨਟਿਕ ਦੇ ਵੈਕਸੀਨ ਦੀ ਪੁਸ਼ਟੀ ਹੋਣ ਉਪਰੰਤ ਐਫ ਡੀ ਏ ਲਈ ਅਮਰੀਕਨਾਂ ਨੂੰ ਟੀਕੇ ਲਾਉਣ ਦਾ ਰਾਹ ਸਾਫ਼ ਹੋ ਗਿਆ ਹੈ। ਟੀਕੇ ਲਾਉਣ ਦੀ ਸ਼ੁਰੂਆਤ ਅਗਲੇ ਕੁਝ ਦਿਨਾਂ ਦੌਰਾਨ ਸਿਹਤ ਵਰਕਰਾਂ ਤੇ ਨਰਸਿੰਗ ਕੇਂਦਰਾਂ ਦੇ ਵਾਸੀਆਂ ਤੋਂ ਹੋਵੇਗੀ। ਇਸ ਸਮੇਂ ਦੇਸ਼ ਵਿਚ ਕੋਰੋਨਾ ਵਾਇਰਸ ਨਾਲ ਰੋਜ਼ਾਨਾ ਮੌਤਾਂ ਦੀ ਗਿਣਤੀ 3000 ਨੂੰ ਪਾਰ ਕਰ ਗਈ ਹੈ। ਜੌਹਨ ਹੋਪਕਿੰਨਜ ਯੂਨੀਵਰਸਿਟੀ ਅਨੁਸਾਰ ਲੰਘੇ ਬੁੱਧਵਾਰ ਕੋਰੋਨਾ ਨਾਲ ਜੂਝਦੇ ਹੋਏ 3124 ਅਮਰੀਕੀ ਦਮ ਤੋੜ ਗਏ। ਪਿਛਲੇ ਹਫ਼ਤੇ ਇਕ ਦਿਨ ਵਿਚ ਸਭ ਤੋਂ ਵਧ ਮੌਤਾਂ ਦਾ ਰਿਕਾਰਡ 2885 ਸੀ। ਨਵੀਂ ਇਨਫੈਕਸ਼ਨ ਦਾ ਜੋਖ਼ਮ ਵਧਿਆ ਹੈ। ਮਰੀਜ਼ਾਂ ਦੀ ਗਿਣਤੀ ਵਧਣ ਕਾਰਨ ਹਸਪਤਾਲਾਂ ਵਿਚ ਮੰਜਿਆਂ ਦੀ ਘਾਟ ਪੈਦਾ ਹੋ ਗਈ ਹੈ। ਇਸ ਲਈ ਰਾਜ 'ਸਟੇਅ ਐਟ ਹੋਮ' ਦੇ ਆਦੇਸ਼ ਜਾਰੀ ਕਰ ਰਹੇ ਹਨ। 38 ਰਾਜਾਂ ਨੇ ਮਾਸਕ ਪਹਿਨਣਾ ਜ਼ਰੂਰੀ ਕਰ ਦਿੱਤਾ ਹੈ।

# ਕਰੋਨਾ ਦਵਾਈ ਦੀ ਸਪਲਾਈ ਅਮਰੀਕਾ ਦੇ 50 ਰਾਜਾਂ ਨੂੰ ਜਾਰੀ

**ਮਿਸ਼ੀਗਨ/ਏ.ਟੀ.ਨਿਊਜ਼:** ਕਰੋਨਾ ਦੀ ਦਵਾਈ ਅਮਰੀਕਾ ਦੀ ਕੰਪਨੀ ਫਾਈਜ਼ਰ ਨੇ ਕੱਢੀ ਹੈ ਅਤੇ ਜਿਸ ਨੇ ਅੱਜ ਸਵੇਰੇ ਅਮਰੀਕਾ ਦੀਆਂ 50 ਸਟੇਟਾਂ ਵਿੱਚ ਇਹ ਦਵਾਈ ਭੇਜ ਦਿੱਤੀ ਹੈ। ਇਸ ਨੂੰ ਫੈਡਰਲ ਐਕਸਪ੍ਰੈਸ ਅਤੇ ਯੂ ਪੀ ਐਸ ਦੇ ਟਰੱਕਾਂ ਵਿੱਚ 636 ਜਗਾ ਭੇਜਿਆ ਜਾ ਰਿਹਾ ਹੈ। ਦਵਾਈ ਪਹਿਲੇ ਗੇੜ ਵਿੱਚ ਹਸਪਤਾਲਾਂ ਵਿੱਚ ਕੰਮ ਕਰਨ ਵਾਲ਼ਿਆਂ ਅਤੇ ਮਰਨ ਕਿਨਾਰੇ ਮਰੀਜ਼ਾਂ ਨੂੰ ਮੁਹੱਈਆ ਕੀਤੀ ਜਾਵੇਗੀ। ਇਸ ਤੋਂ ਬਿਨਾਂ ਬਜ਼ੁਰਗਾਂ ਦੀ ਦੇਖ-ਭਾਲ ਲਈ ਬਣੇ ਲੌਂਗ ਕੇਅਰ ਸੈਂਟਰਾਂ ਵਿੱਚ ਵੀ ਭੇਜੀ ਜਾਵੇਗੀ। ਅਮਰੀਕਾ ਵਿੱਚ 40% ਮੌਤਾਂ ਇਨਾਂ ਸੈਂਟਰਾਂ ਵਿੱਚ ਹੋਈਆਂ ਹਨ। ਇਸ ਤੋਂ ਅਗਲੇ ਗੇੜ ਵਿੱਚ ਫ਼ੌਜ ਅਤੇ ਪੁਲਿਸ ਮੁਲਾਜ਼ਮਾਂ ਲਈ ਵੰਡੀ ਜਾਵੇਗੀ। ਆਮ ਲੋਕਾਂ ਤੱਕ ਪਹੁੰਚਣ ਲਈ ਇੱਕ ਅਨੁਮਾਨ ਅਨੁਸਾਰ ਅਪ੍ਰੈਲ ਮਹੀਨਾ ਹੋ ਜਾਵੇਗਾ ਅਤੇ ਮਈ ਮਹੀਨੇ ਤੱਕ ਆਮ ਜੀਵਨ ਪਹਿਲਾਂ ਵਾਂਗ ਹੋਣ ਦੀ ਉਮੀਦ ਹੈ।

# ਬਰੈਂਪਟਨ ਦੇ ਹਰਮਨਜੀਤ ਸਿੰਘ ਗਿੱਲ ਨੂੰ ਅਨੋਖੀ ਬਹਾਦਰੀ ਦਿਖਾਉਣ ਬਦਲੇ ਮਿਲਿਆ ਕਾਰਨੀਗੀ ਮੈਡਲ,

## ਕੈਨੇਡਾ ਅਤੇ ਅਮਰੀਕਾ 'ਚ 17 ਲੋਕਾਂ ਨੂੰ ਮਿਲਿਆ ਕਾਰਨੀਗੀ ਮੈਡਲ



**ਨਿਊਯਾਰਕ/ਬਰੈਂਪਟਨ/ਰਾਜ ਗੋਗਨਾ:** ਬਰੈਂਪਟਨ ਕੈਨੇਡਾ ਦੇ ਹਰਮਨਜੀਤ ਸਿੰਘ ਗਿੱਲ, ਜਿਸ ਨੂੰ ਹਰਮਨ ਗਿੱਲ ਵੀ ਕਿਹਾ ਜਾਂਦਾ ਹੈ ਨੂੰ ਕਾਰਨੀਗੀ ਮੈਡਲ ਨਾਲ ਸਨਮਾਨਤ ਕੀਤਾ ਗਿਆ। ਕਾਰਨੀਗੀ ਮੈਡਲ ਉਨਾਂ ਆਮ ਨਾਗਰਿਕਾਂ ਨੂੰ ਦਿੱਤਾ ਜਾਂਦਾ ਹੈ, ਜੋ ਆਪਣੀ ਜ਼ਿੰਦਗੀ ਨੂੰ ਅਨੋਖੇ ਢੰਗ ਨਾਲ ਦਾਅ ਤੇ ਲਗਾ ਕਿ ਦੂਜਿਆਂ ਦੀਆਂ ਜ਼ਿੰਦਗੀਆਂ ਨੂੰ ਬਚਾਉਣ ਦੀ ਕੋਸ਼ਿਸ਼ ਕਰਦੇ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਹਰਮਨ ਗਿੱਲ ਉਸ ਸਮੇਂ 20 ਸਾਲਾਂ ਦਾ ਸੀ ਜਦੋਂ ਉਸ ਨੇ ਸੰਨ 2018 ਵਿਚ ਬਰੈਂਪਟਨ ਦੇ ਵਿਲਿਅਮਜ਼ ਪਾਰਕਵੇਅ ਦੇ ਨੇੜੇ ਕ੍ਰੈਡਿਟ ਵਿਊ ਡਰਾਇਵ ਲਾਗੇ ਇੱਕ ਐਸਯੂਵੀ ਜੋ ਅਚਾਨਕ ਇਕ ਘਰ ਨਾਲ ਟਕਰਾ ਕੇ ਅੱਗ ਦੀਆਂ ਲਪਟਾਂ ਵਿੱਚ ਆ ਗਈ ਸੀ ਜਿਸ ਵਿੱਚ ਤਿੰਨ ਲੋਕ ਸਵਾਰ ਸਨ ਉਸ ਨੇ ਇਨਾਂ ਤਿੰਨ ਜਣਿਆਂ ਨੂੰ ਬਚਾ ਲਿਆ ਸੀ।

ਵੱਡੇ ਖ਼ਤਰੇ ਦੇ ਬਾਵਜੂਦ, ਗਿੱਲ ਐਸਯੂਵੀ ਵੱਲ ਭੱਜਿਆ ਅਤੇ ਵਾਰੀ -ਵਾਰੀ ਤਿੰਨਾਂ ਜਣਿਆਂ ਨੂੰ ਬਚਾ ਲਿਆ। ਇਸ ਹਾਦਸੇ ਵਿੱਚ ਉਸ ਦੇ ਹੱਥ ਉੱਤੇ ਸੱਟਾਂ ਵੀ ਲੱਗ ਗਈਆਂ ਸਨ। ਇਹ ਐਵਾਰਡ ਸਾਲ 1904 ਤੋਂ ਸ਼ੁਰੂ ਹੋਇਆ ਸੀ ਜੋ ਅਨੋਖੀ ਬਹਾਦਰੀ ਵਿਖਾਉਣ ਤੇ ਦਿੱਤਾ ਜਾਂਦਾ ਹੈ ਅਤੇ ਇਹ ਐਵਾਰਡ ਅਨੋਖੀ ਬਹਾਦਰੀ ਵਿਖਾਉਣ ਦੇ ਬਦਲੇ ਹਰਮਨਜੀਤ ਗਿੱਲ ਨੂੰ ਕੈਨੇਡਾ ਦੀ ਧਰਤੀ 'ਤੇ ਮਿਲੇਗਾ।

# ਅਮਰੀਕੀ ਕਾਨੂੰਨ ਘਾੜਿਆਂ, ਮਨੁੱਖੀ ਅਧਿਕਾਰ ਮਾਹਰਾਂ ਤੇ ਸੰਯੁਕਤ ਰਾਸ਼ਟਰ ਦੇ ਸਲਾਹਕਾਰਾਂ ਨੇ ਆਲਮੀ ਮਨੁੱਖੀ ਅਧਿਕਾਰ ਦਿਵਸ ਉਤੇ ਦਿੱਲੀ ਕਿਸਾਨ ਮੋਰਚੇ ਦੀ ਪੁਰਜ਼ੋਰ ਹਮਾਇਤ ਕੀਤੀ

**ਵਾਸ਼ਿੰਗਟਨ ਡੀ.ਸੀ./ਬਲਵਿੰਦਰਪਾਲ ਸਿੰਘ ਖਾਲਸਾ:** ਦਸ ਦਸੰਬਰ ਦਾ ਦਿਨ ਸੰਯੁਕਤ ਰਾਸ਼ਟਰ ਸੰਘ ਵੱਲੋਂ ਆਲਮੀ ਮਨੁੱਖੀ ਅਧਿਕਾਰਾਂ ਨੂੰ ਸਮਰਪਿਤ ਦਿਨ ਹੈ। ਇਸ ਦਿਨ ਵਿਸ਼ੇਸ਼ ਕਰਕੇ ਏਜੀਪੀਸੀ ਤੇ ਅਮਰੀਕਨ ਸਿੱਖ ਕਾਕਸ ਕਮੇਟੀ ਦੀਆਂ ਪੁਰਜੋਰ ਕੋਸ਼ਿਸ਼ਾਂ ਕਰਕੇ ਕੋਵਿਡ 19 ਦੀਆਂ ਪਾਬੰਦੀਆਂ ਨਾਲ ਸਹਿਮਤ ਹੁੰਦਿਆਂ, ਇਕ ਵੱਡੀ ਜ਼ੂਮ ਮੀਟਿੰਗ ਦਾ ਵੱਡਾ ਪ੍ਰਬੰਧ ਕੀਤਾ ਗਿਆ, ਜਿਸ ਵਿਚ ਅਮਰੀਕੀ ਕਾਂਗਰਸ ਮੈਂਬਰ ਜਾਹਨ ਗੈਰਾਮੰਡੀ, ਜੋ ਅਮਰੀਕਨ ਸਿੱਖ ਕਾਕਸ ਕਮੇਟੀ ਦੇ ਕੋ-ਚੇਅਰ ਹਨ ਨੇ ਵਿਸ਼ੇਸ਼ ਤੌਰ ਤੇ ਹਿੱਸਾ ਲਿਆ, ਜਿਸ ਵਿਚ ਉਨਾਂ ਦਾ ਸਾਥ ਦਿੱਤਾ, ਕਾਂਗਰਸਮੈਨ ਟੀ.ਜੇ ਕਾਕਸ ਨੇ। ਇਨਾਂ ਤੋਂ ਇਲਾਵਾ ਸਿੱਖ ਕਾਕਸ ਦੇ ਚੇਅਰਮੈਨ ਹਰਪ੍ਰੀਤ ਸਿੰਘ ਸੰਧੂ, ਸੰਯੁਕਤ ਰਾਸ਼ਟਰ ਸੰਘ ਦੀ ਗਲੋਬਰ ਸਟੀਅਰਿੰਗ ਕਮੇਟੀ ਮੈਂਬਰ ਡਾ. ਇਕਤਦਾਰ ਚੀਮਾ, ਸੰਵਿਧਾਨਾਂ ਦੇ ਮਾਹਰ ਤੇ ਰਿਆਤ ਬਹਾਰਾ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਡਾ. ਦਲਜੀਤ ਸਿੰਘ, ਕਨੈਕਟੀਕਟ ਸਟੇਟ ਸੈਨੇਟਰ ਕੈਥੀ ਉਸਟਨ, ਕੈਨੇਡਾ ਦੇ ਮੈਂਬਰ ਪਾਰਲੀਮੈਂਟ ਸੁੱਖ ਧਾਲੀਵਾਲ ਤੇ ਬ੍ਰਿਟਿਸ਼ ਪਾਰਲੀਮੈਂਟ ਮੈਂਬਰ ਪ੍ਰੀਤ ਗਿੱਲ ਸ਼ਾਮਲ ਹੋਏ। ਇਸ ਤੋਂ ਇਲਾਵਾ ਹੋਰ ਬਹੁਤ ਸਾਰੇ ਮਨੁੱਖੀ ਅਧਿਕਾਰ ਸਰਗਰਮੀਆਂ ਵਾਲੇ ਮੈਂਬਰ ਸ਼ਾਮਲ ਹੋਏ। ਗੱਲਬਾਤ ਵਿਚ ਜਨਾਬ ਗੈਰਾਮੰਡੀ ਨੇ ਕਿਹਾ ਕਿ ਅਮਰੀਕੀ ਕਾਂਗਰਸ ਭਾਰਤੀ ਕਿਸਾਨਾਂ ਦੇ ਮਨੁੱਖੀ ਅਧਿਕਾਰਾਂ ਦੀ ਬਹੁਤ ਕਦਰ ਕਰਦੀ ਹੈ ਤੇ ਉਨਾਂ ਦੁਆਰਾ ਭਾਰਤ ਸਰਕਾਰ ਦੁਆਰਾ ਕਿਸਾਨਾਂ ਦੀ ਉਪਜ ਦੀਆਂ ਵਾਜਬ ਕੀਮਤਾਂ ਦੇਣ ਦੇ ਉਲਟ ਬਣਾਏ ਕਾਨੂੰਨਾਂ ਦੇ ਵਿਰੁੱਧ ਕੀਤੇ ਜਾ ਰਹੇ ਲੋਕਤਾਂਤਰਿਕ ਰੋਸ ਮੁਜ਼ਾਹਰੇ ਦੀ ਪੁਰਜ਼ੋਰ ਹਮਾਇਤ ਕਰਦੀ ਹੈ। ਲੋਕਤੰਤਰੀ ਦੇਸ਼ਾਂ ਵਿਚ ਸ਼ਾਂਤੀ ਨਾਲ ਕੱਠੇ ਹੋਣ, ਵਿਚਾਰ ਪ੍ਰਗਟ ਕਰਨ, ਰੋਸ ਪ੍ਰਗਟ ਕਰਨ ਦੀ ਸੰਵਿਧਾਨਿਕ ਗਰੰਟੀ ਹੈ ਤੇ ਇਸ ਵਿਚ ਕਿਸੇ ਕਿਸਮ ਦੀ ਕੋਈ ਪਾਬੰਦੀ ਨਹੀਂ ਹੋਣੀ ਚਾਹੀਦੀ, ਬਲਕਿ ਸਰਕਾਰ ਨੂੰ ਮੁਜਾਹਰਾ ਕਰਨ ਵਾਸਤੇ ਸਹਿਯੋਗ


ਟੀ.ਜੇ ਕਾਕਸ


ਜਾਹਨ ਗੈਰਾਮੰਡੀ

ਕਰਨਾ ਚਾਹੀਦਾ ਹੈ ਕਿਉਂਕਿ ਇਹ ਉਨਾਂ ਦਾ ਕਾਨੂੰਨੀ ਹੱਕ ਹੈ। ਪਰ ਭਾਰਤ ਸਰਕਾਰ ਦੁਆਰਾ ਪਾਣੀ ਦੀਆਂ ਤੋਪਾਂ ਦੀ ਵਰਤੋਂ ਕਰਨੀ, ਲਾਠੀਚਾਰਜ ਕਰਨਾ ਤੇ ਅੱਥਰੂ ਗੈਸ ਦੀ ਵਰਤੋਂ ਕਰਨੀ ਬਹੁਤ ਗਲਤ ਤੇ ਜ਼ਾਲਮਾਨਾ ਕਾਰਵਾਈ ਹੈ। ਅਮਰੀਕੀ ਕਾਂਗਰਸ ਇਸਦਾ ਸਖਤੀ ਨਾਲ ਵਿਰੋਧ ਕਰਦੀ ਹੈ। ਲਗਭਗ ਮਿਲਦੇ ਜੁਲਦੇ ਵਿਚਾਰਾਂ ਦਾ ਪ੍ਰਗਟਾਵਾ ਕਾਂਗਰਸਮੈਨ ਟੀ.ਜੇ.ਕਾਕਸ ਨੇ ਪ੍ਰਗਟ ਕੀਤਾ। ਡਾ. ਚੀਮਾ ਨੇ ਕਿਹਾ ਕਿ ਸੰਯੁਕਤ ਰਾਸ਼ਟਰ ਸੰਘ ਦਿੱਲੀ ਦੇ ਮੋਰਚੇ ਉਤੇ ਖਾਸ ਨਜ਼ਰ ਰੱਖ ਰਿਹਾ ਹੈ ਤੇ ਕਿਸਾਨਾਂ ਦੇ ਰੋਸ ਮੁਜ਼ਾਹਰੇ ਦੀ ਹਮਾਇਤ ਕਰਦਾ ਹੈ। ਸੰਯੁਕਤ ਰਾਸ਼ਟਰ ਮੁਖੀ ਨੇ ਖਾਸ ਤੌਰ ’ਤੇ ਦਿੱਲੀ ਕਿਸਾਨ ਮੋਰਚੇ ਦੀ ਹਮਾਇਤ ਕੀਤੀ ਹੈ।

ਸਭ ਨੇ ਇਕ ਆਵਾਜ ਵਿਚ ਕਿਹਾ ਕਿ ਮੋਦੀ ਸਰਕਾਰ ਨੂੰ ਕਿਸਾਨਾਂ ਨਾਲ ਗੱਲਬਾਤ ਕਰਕੇ ਮਸਲੇ ਦਾ ਹੱਲ ਛੇਤੀ ਲੱਭਣਾ ਚਾਹੀਦਾ ਹੈ ਤਾਂ ਕਿ ਲੋਕ ਸੰਤੁਸ਼ਟ ਹੋ ਸਕਣ। ਏਜੀਪੀਸੀ ਦੇ ਪ੍ਰਧਾਨ ਸ. ਜਸਵੰਤ ਸਿੰਘ ਹੋਠੀ ਤੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਹੁਰਾਂ ਅਮਰੀਕਨ ਸਿੱਖ ਕਾਕਸ ਕਮੇਟੀ ਦੀਆਂ ਮਨੁੱਖੀ ਅਧਿਕਾਰਾਂ ਦੀ ਰਖਵਾਲੀ ਵਾਸਤੇ ਕੀਤੀਆਂ ਸ਼ਾਨਦਾਰ ਕੋਸ਼ਿਸ਼ਾਂ ਵਾਸਤੇ ਅਮਰੀਕੀ ਕਾਂਗਰਸਮੈਨਾਂ ਦਾ ਹਾਰਦਿਕ ਧੰਨਵਾਦ ਕੀਤਾ ਤੇ ਕਿਹਾ ਕਿ ਅੱਗੇ ਤੋਂ ਵੀ ਅਜਿਹੇ ਯਤਨ ਹੁੰਦੇ ਰਹਿਣਗੇ।

## ਰਾਸ਼ਟਰਪਤੀ ਟਰੰਪ ਦੇ ਅਟਾਰਨੀ ਜਨਰਲ ਵੱਲੋਂ ਅਸਤੀਫ਼ਾ

**ਕੈਲੀਫੋਰਨੀਆ/ਹੁਸਨ ਲੜੋਆ ਬੰਗਾ:** ਅਟਾਰਨੀ ਜਨਰਲ ਵਿਲੀਅਮ ਬਰ ਜਿਨਾਂ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਲਈ ਬਹੁਤ ਹੀ ਪ੍ਰਭਾਵੀ ਢੰਗ ਤਰੀਕੇ ਨਾਲ ਕੰਮ ਕੀਤਾ ਤੇ ਰਾਸ਼ਟਰਪਤੀ ਦਾ ਪੁਰਜ਼ੋਰ ਸਮਰਥਨ ਕੀਤਾ, ਨੇ ਅਸਤੀਫ਼ਾ ਦੇ ਦਿੱਤਾ ਹੈ। ਰਾਸ਼ਟਰਪਤੀ ਨੇ ਖ਼ੁਦ ਟਵਿੱਟਰ ਉੱਪਰ ਇਸ ਬਾਰੇ ਜਾਣਕਾਰੀ ਦਿੰਦਿਆਂ ਅਟਾਰਨੀ ਜਨਰਲ ਵਜੋਂ ਉਸ ਦੀਆਂ ਸੇਵਾਵਾਂ ਦੀ ਪ੍ਰਸੰਸਾ ਕੀਤੀ ਹੈ ਤੇ ਉਸ ਨੂੰ ਅਥਾਹ ਭਰੋਸੇਮੰਦ ਤੇ ਹੌਂਸਲੇ ਵਾਲਾ ਵਿਅਕਤੀ ਕਰਾਰ ਦਿੱਤਾ ਹੈ। ਰਾਸ਼ਟਰਪਤੀ ਨੇ ਕਿਹਾ ਹੈ ਕਿ ਵਾਈਟ ਹਾਊਸ ਵਿਚ ਖ਼ੁਸ਼ਗਵਾਰ ਮਾਹੌਲ ਵਿਚ ਹੋਈ ਮੀਟਿੰਗ ਦੌਰਾਨ ਬਰ ਦੇ ਅਸਤੀਫ਼ੇ ਬਾਰੇ ਨਿਰਣਾ ਲਿਆ ਗਿਆ। ਆਪਣੇ ਅਸਤੀਫ਼ੇ ਵਿਚ ਬਰ ਨੇ ਰਾਸ਼ਟਰਪਤੀ ਦਾ ਧੰਨਵਾਦ ਕੀਤਾ ਹੈ। ਦਰਅਸਲ ਇਕ ਮਹੀਨਾ ਪਹਿਲਾਂ ਵਿਲੀਅਮ


ਵਿਲੀਅਮ ਬਰ (ਖੱਬੇ) ਰਾਸ਼ਟਰਪਤੀ ਡੋਨਾਲਡ ਟਰੰਪ ਨਾਲ

ਬਰ ਨੇ ਐਲਾਨ ਕੀਤਾ ਸੀ ਕਿ ਚੋਣਾਂ ਵਿਚ ਵੱਡੀ ਪੱਧਰ ਉੱਪਰ ਹੇਰਾਫੇਰੀ ਹੋਣ ਦਾ ਕੋਈ ਸਬੂਤ ਨਹੀਂ ਹੈ। ਇਸ ਤੋਂ ਬਾਅਦ ਰਾਸ਼ਟਰਪਤੀ ਤੇ ਅਟਾਰਨੀ ਜਨਰਲ ਵਿਚਾਲੇ ਪਹਿਲਾਂ ਵਾਲੀ ਗੱਲ ਨਹੀਂ ਸੀ ਰਹੀ। ਰਾਸ਼ਟਰਪਤੀ ਦੀ ਚੋਣ ਜਿੱਤੇ ਜੋਅ ਬਾਇਡੇਨ ਦੇ ਪੁੱਤਰ ਦੇ ਵਿੱਤੀ ਲੈਣ ਦੇਣ ਸਬੰਧੀ ਬੇਨਿਯਮੀਆਂ ਬਾਰੇ ਵੀ ਅਟਾਰਨੀ ਜਨਰਲ ਦੀ ਰਾਸ਼ਟਰਪਤੀ ਨਾਲੋਂ ਵੱਖਰੀ ਸੋਚ ਸੀ।

## ਦਫ਼ਤਰ ਸੰਭਾਲਦਿਆਂ ਹੀ 100 ਦਿਨਾਂ ਦੇ ਅੰਦਰ 10 ਕਰੋੜ ਅਮਰੀਕੀਆਂ ਨੂੰ ਕੋਵਿਡ-19 ਵੈਕਸੀਨ ਮੁਹੱਈਆ ਕਰਵਾਵਾਂਗੇ

### ਬਾਇਡਨ ਦਾ ਦਾਅਵਾ




**ਵਿਲਮਿੰਗਟਨ/ਏ.ਟੀ.ਨਿਊਜ਼:** ਕੋਰੋਨਾ ਵਾਇਰਸ ਸੰਕ੍ਰਮਣ ਨਾਲ ਫੈਲੀ ਮਹਾਂਮਾਰੀ ਦੀ ਜੰਗ ’ਚ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਆਪਣਾ ਪਲਾਨ ਤਿਆਰ ਕਰ ਲਿਆ ਹੈ। ਇਸ ਤਹਿਤ ਉਨਾਂ ਨੇ ਅਹੁਦਾ ਸੰਭਾਲਣ ਤੋਂ ਬਾਅਦ ਸ਼ੁਰੂਆਤੀ 100 ਦਿਨਾਂ ਦੇ ਵਿਚਕਾਰ 100 ਮਿਲੀਅਨ ਅਮਰੀਕੀਆਂ ਦੀ ਵੈਕਸੀਨੇਸ਼ਨ ਦਾ ਪ੍ਰੋਗਰਾਮ ਬਣਾਇਆ ਹੈ। ਇਸ ਦੇ ਨਾਲ ਹੀ ਬਾਇਡਨ ਸਰਕਾਰ ਸਕੂਲਾਂ ਨੂੰ ਦੁਬਾਰਾ ਖੋਲਣ ਦੀ ਆਪਣੀ ਯੋਜਨਾ ਸ਼ੁਰੂ ਕਰ ਦੇਵੇਗੀ ਤੇ ਮਾਸਕ ਪਾਉਣ ਦੇ ਪ੍ਰਤੀ ਸਖ਼ਤ ਰਵੱਈਆ ਦਿਖਾਏਗੀ। ਮੰਗਲਵਾਰ ਨੂੰ ਆਪਣੀ ਹੈਲਥ ਟੀਮ ਦੇ ਰਸਮੀ ਐਲਾਨ ਦੇ ਨਾਲ ਬਾਇਡਨ ਨੇ ਦੇਸ਼ ਦੇ ਪਹਿਲੇ ਰੱਖਿਆ ਸਕੱਤਰ ਦੇ ਤੌਰ ’ਤੇ ਰਿਟਾਇਡ ਆਰਮੀ ਜਨਰਲ ਲੋਇਡ ਆਸਟਿਨ ਨੂੰ ਨੋਮੀਨੇਟ ਕਰਨ ਦਾ ਵੀ ਐਲਾਨ ਕਰ ਦਿੱਤਾ ਹੈ। 20 ਜਨਵਰੀ ਨੂੰ ਆਪਣਾ ਅਹੁਦਾ ਸੰਭਾਲਣ ਵਾਲੇ ਬਾਇਡਨ ਨੇ ਕਿਹਾ, ‘100 ਦਿਨਾਂ ’ਚ ਅਸੀਂ ਬਿਮਾਰੀ ਦੀ ਦਿਸ਼ਾ ਬਦਲ ਦੇਵਾਂਗੇ, ਅਮਰੀਕਾ ਵਿਚ ਲੋਕਾਂ ਦੀ ਜ਼ਿੰਦਗੀ ਵਿਚ ਵਧੀਆ ਬਦਲਾਅ ਲਿਆਉਣਗੇ।’ ਹੁਣ ਤੱਕ ਇਸ ਮਹਾਂਮਾਰੀ ਦੇ ਕਾਰਨ 2 ਲੱਖ 83 ਹਜ਼ਾਰ ਤੋਂ ਜ਼ਿਆਦਾ ਅਮਰੀਕੀਆਂ ਦੀ ਮੌਤ ਹੋ ਚੁੱਕੀ ਹੈ ਤੇ ਕਈ ਲੋਕ ਬੇਰੁਜ਼ਗਾਰ ਹੋ ਗਏ ਹਨ।

## ਸੈਕਰਮੈਂਟੋਂ ਵਿੱਚ ਕਿਸਾਨਾਂ ਦਾ ਸਮਰਥਨ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:** ਦਿੱਲੀ ਵਿਖੇ ਕਿਸਾਨ ਸਮੂਹ ਵੱਲੋਂ ਆਪਣੀਆਂ ਹੱਕੀ ਮੰਗਾਂ ਲਈ ਕੀਤੇ ਜਾ ਰਹੇ ਸੰਘਰਸ਼ ਨੂੰ ਵੱਖ ਵੱਖ ਸਮਾਜਿਕ ਸੰਸਥਾਵਾਂ ਤੇ ਪੰਜਾਬੀ ਭਾਈਚਾਰਾ ਵੱਖ ਵੱਖ ਤਰੀਕਿਆਂ ਰਾਹੀਂ ਆਪਣੇ ਹੀਲੇ ਵਸੀਲੇ ਰਾਹੀਂ ਯੋਗਦਾਨ ਪਾ ਰਿਹਾ ਹੈ ਪੰਜਾਬੀ ਬਾਜ਼ਾਰ ਦੇ ਗੁਰਮਿੰਦਰ ਗੁਰੀ ਦੀ ਅਗਵਾਈ ਹੇਠ ਪੰਜਾਬੀ ਭਾਈਚਾਰੇ ਨਾਲ ਮਿਲ ਕੇ ਕਿਸਾਨਾਂ ਦੇ ਹੱਕ ਵਿੱਚ ਵਿਖਾਵਾ ਕੀਤਾ ਗਿਆ , ਇਸ ਰੋਡ ਸ਼ੋਅ ਵਿੱਚ ਸਥਾਨਕ ਲੋਕ ਸ਼ਾਮਿਲ ਹੋਏ , ਪੰਜਾਬੀ ਬਾਜ਼ਾਰ ਦੀ ਪਾਰਕ ਲਾਟ ਵਿੱਚ ਇਕੱਠੇ ਹੋਕੇ 200 ਕਾਰਾਂ ਜੀਪਾਂ ਦੇ ਕਾਫ਼ਲੇ ਰਾਹੀਂ ਐਲਕਗਰੋਵ ਤੇ ਸੈਰਰਾਮੈਂਟੋ ਦੀਆਂ ਸੜਕਾਂ ’ਤੇ ਰੋਡ ਸ਼ੋਅ ਕੀਤਾ। ਇਸ ਵਿੱਚ ਗੁਰਮਿੰਦਰ ਗੁਰੀ, ਗੁਰਮੇਲ ਸਿੰਘ, ਨਵਜੋਤ ਸਿੰਘ, ਗੁਰਜੰਟ ਸਿੰਘ, ਗੁਰਪ੍ਰੀਤ ਸਿੰਘ, ਲਖਵਿੰਦਰ ਸਿੰਘ, ਸ਼ਤਰਪਾਲ ਸਿੰਘ, ਰਸਪਾਲ ਫਰਵਾਲਾ, ਹਰਦੀਪ ਗਿੱਲ, ਤਾਰਾ ਸਿੰਘ ਕਰੀਹਾ, ਬੀਗਾਚਾ ਸਿੰਘ ਆਦਿ ਵਿਸ਼ੇਸ਼ ਤੌਰ ’ਤੇ ਸ਼ਾਮਿਲ ਸਨ ਇਸ ਮੌਕੇ ਪੰਜਾਬੀ ਬਾਜ਼ਾਰ ਸੈਕਰਾਮੈਂਟੋ ਵੱਲੋਂ ਲੰਗਰ ਦੀ ਸੇਵਾ ਕੀਤੀ ਗਈ। ਇਸ ਮੌਕੇ ਰੋਡ ਸ਼ੋਅ ਪ੍ਰਬੰਧਕਾਂ ਨੇ ਕਿਹਾ ਕਿ ਉਹ ਹਰ ਤਰਾਂ ਨਾਲ ਕਿਸਾਨਾਂ ਦੇ ਨਾਲ ਹਨ ਤੇ ਸਰਕਾਰ ਬਿਨਾਂ ਕਿਸੇ ਦੇਰੀ ਦੇ ਕਿਸਾਨਾਂ ਦੇ ਖ਼ਿਲਾਫ਼ ਪਾਸ ਕੀਤੇ ਗਏ ਤਿੰਨੋਂ ਕਾਨੂੰਨਾਂ ਨੂੰ ਵਾਪਿਸ ਲਵੇ, ਇਸ ਤੋਂ ਇਲਾਵਾ ਸੈਕਰਾਮੈਂਟੋ ਦੇ ਕਿਸਾਨ ਪੱਖੀ ਲੋਕ ਕਿਸਾਨਾਂ ਦੀ ਹਰ ਤਰਾਂ ਦੀ ਮਦਦ ਵੀ ਕਰਨਗੇ।

## ਟਰੰਪ ਸਮਰਥਕਾਂ ਤੇ ਵਿਰੋਧੀਆਂ ਵਿਚਾਲੇ ਝੜਪ

**ਵਾਸ਼ਿੰਗਟਨ, ਡੀ ਸੀ/ਹੁਸਨ ਲੜੋਆ ਬੰਗਾ:** ਲੰਘੇ ਦਿਨ ਇੱਥੇ ਫਰੀਡਮ ਪਲਾਜ਼ਾ ਵਿਚ ਅਮਰੀਕੀ ਝੰਡੇ ਹੱਥਾਂ ਵਿਚ ਫੜੀ ਤੇ ‘ਮੇਕ ਅਮਰੀਕਾ ਗਰੇਟ ਅਗੇਨ’ ਟੋਪ ਪਹਿਨੀ ਭੀੜ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸਮਰਥਨ ਵਿਚ ਪ੍ਰਦਰਸ਼ਨ ਕੀਤਾ। ਇਸ ਮੌਕੇ ਬੁਲਾਰਿਆਂ ਨੇ ਚੋਣਾਂ ਵਿਚ ਹੇਰਾਫੇਰੀ ਦੇ ਦੋਸ਼ ਲਾਏ ਜਿਹੜੇ ਦੋਸ਼ ਅੱਜ ਤੱਕ ਕਿਸੇ ਵੀ ਪੱਧਰ ’ਤੇ ਸਾਬਤ ਨਹੀਂ ਹੋ ਸਕੇ। ਭੀੜ ਇਕੱਤਰ ਹੋਣ ਦੇ ਕੁਝ ਹੀ ਸਮੇਂ ਬਾਅਦ ਸਥਿਤੀ ਬੇਕਾਬੂ ਹੋ ਗਈ। ਟਰੰਪ ਸਮਰਥਕਾਂ ਤੇ ਵਿਰੋਧੀਆਂ ਵਿਚਾਲੇ ਧੱਕਾ ਮੁੱਕੀ ਸ਼ੁਰੂ ਹੋ ਗਈ। ਟਰੰਪ ਸਮਰਥਕਾਂ ਨੇ ਸੜਕ ਉੱਪਰ ਖੜੇ ਲੋਕਾਂ ਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ। ਕੁਝ ਲੋਕਾਂ ਦੇ ਹੱਥਾਂ ਵਿਚ ਚਾਕੂ ਵੀ ਵੇਖੇ ਗਏ। ਪੁਲਿਸ ਨੇ ਗੁੱਥਮ-ਗੁੱਥਾ ਹੋਏ ਲੋਕਾਂ ਨੂੰ ਛੁਡਾਉਣ ਲਈ ਕਾਲੀ ਮਿਰਚ ਦਾ ਛਿੜਕਾਅ ਕੀਤਾ। ਇਹ ਰੈਲੀ ‘ਵੋਮੈਨ ਫਾਰ ਅਮਰੀਕਾ ਫਸਟ’ ਜੋ ਇਕ ਕੰਜ਼ਰਵੇਟਿਵ ਗਰੁੱਪ ਹੈ, ਵੱਲੋਂ ਆਯੋਜਿਤ ਕੀਤੀ ਗਈ ਸੀ। ਪਿਛਲੇ ਮਹੀਨੇ ਇਸ ਗਰੁੱਪ ਨੇ ‘ਸਟਾਪ ਦ ਸਟੀਲ’ ਰੈਲੀ ਕੀਤੀ ਸੀ ਜਿਸ ਵਿਚ ਹਜ਼ਾਰਾਂ ਲੋਕਾਂ ਨੇ ਹਿੱਸਾ ਲਿਆ ਸੀ।

## ਭਾਰਤੀ ਮੂਲ ਦੀ ਮੰਜੂ ਵਿਜ ਜੁਆਇੰਟ ਫੋਰਸਜ਼ ਟ੍ਰੇਨਿੰਗ ਬੇਸ ਦੀ ਡਿਪਟੀ ਕਮਾਂਡਰ ਬਣੀ



**ਕੈਲੀਫੋਰਨੀਆ/ਹੁਸਨ ਲੜੋਆ ਬੰਗਾ:** ਭਾਰਤੀ ਮੂਲ ਦੀ ਅਮਰੀਕਨ ਔਰਤ ਅਮਰੀਕੀ ਫੌਜ ਦੀ ਲੈਫਟੀਨੈਂਟ ਕਰਨਲ ਮੰਜੂ ਵਿਜ ਨੂੰ ਜੁਆਇੰਟ ਟ੍ਰੇਨਿੰਗ ਬੇਸ ਲਾਸ ਆਲਮੀਟੋਸ, ਕੈਲੀਫੋਰਨੀਆ ਦੀ ਨਵੀਂ ਡਿਪਟੀ ਕਮਾਂਡਰ ਨਿਯੁਕਤ ਕੀਤਾ ਗਿਆ ਹੈ। ਇਸ ਸਮੇਂ ਉਹ ਕੈਲੀਫੋਰਨੀਆ ਆਰਮੀ ਨੈਸ਼ਨਲ ਗਾਰਡ ਦੀ 40ਵੀਂ ਇਨਫੈਨਟਰੀ ਡਵੀਜ਼ਨ ਦੇ ਹੈਡਕੁਆਰਟਰ ਕਮਾਂਡਰ ਵਜੋਂ ਤਾਇਨਾਤ ਹਨ। ਵਿਜ 1992 ’ਚ ਫੌਜ ਵਿਚ ਭਰਤੀ ਹੋਈ ਸੀ। ਕੈਲੀਫੋਰਨੀਆ ਆਰਮੀ ਨੈਸ਼ਨਲ ਗਾਰਡ ਵਿਚ ਆਉਣ ਤੋਂ ਪਹਿਲਾਂ ਉਨਾਂ ਨੇ 5 ਸਾਲ ਇਕ ਸੈਨਿਕ ਵਜੋਂ ਸਰਗਰਮ ਡਿਊਟੀ ਨਿਭਾਈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Editor: Malkeet Singh Manager: Pardeep Singh Online Editor: Sukhwinder Singh Asst. Editor: Balwinderpal Singh Online Interview Host: Balraj Pannu
Designer: Balbir Singh Content Composer: Amritpal Singh US Distributor: Amritsar Times Inc Owner: Amritsar Times Pvt Ltd.
Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਜਥੇਦਾਰ ਦਾ ਖਾਲੀ ਅਹੁਦਾ ਜਲਦ ਭਰੇਗੀ ਸ਼੍ਰੋਮਣੀ ਕਮੇਟੀ

## ਸਰੂਪ ਕਾਇਮ ਰੱਖਦੇ ਹੋਏ ਮਿਸ਼ਨ ਪ੍ਰਤੀ ਅਡੋਲ ਰਹੇ ਸਿੱਖ ਸੰਗਤ : ਬੀਬੀ ਜਗੀਰ ਕੌਰ

**ਸ੍ਰੀ ਆਨੰਦਪੁਰ ਸਾਹਿਬ/ਏ.ਟੀ.ਨਿਊਜ਼:** ਤਖ਼ਤ ਸ੍ਰੀ ਕੇਸਗੜ ਸਾਹਿਬ ਵਿੱਚ ਜਥੇਦਾਰ ਰਘਬੀਰ ਸਿੰਘ ਨਾਲ ਮੀਟਿੰਗ ਕਰਨ ਮਗਰੋਂ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਿਹਾ ਕਿ ਪੰਜਾਬ ਵਿਚਲੇ ਤਿੰਨ ਸਿੱਖ ਕੌਮ ਦੇ ਤਖ਼ਤਾਂ 'ਚੋਂ ਖਾਲੀ ਪਏ ਇੱਕ ਤਖ਼ਤ ਦੇ ਜਥੇਦਾਰ ਦੇ ਅਹੁਦੇ ਨੂੰ ਭਰਨ ਲਈ ਜਲਦੀ ਹੀ ਪੈਨਲ ਤਿਆਰ ਕੀਤਾ ਜਾਵੇਗਾ।

ਉਨਾਂ ਕਿਹਾ ਕਿ ਤਿੰਨੋਂ ਤਖਤਾਂ ਨਾਲ ਸਬੰਧਤ ਮੁਲਾਜ਼ਮਾਂ ਦੇ ਰਿਫਰੈਸ਼ਰ ਕੋਰਸ ਕਰਵਾਉਣ ਦਾ ਫ਼ੈਸਲਾ ਵੀ ਕੀਤਾ ਗਿਆ ਹੈ। ਉਨਾਂ ਦੱਸਿਆ ਕਿ ਹਰ ਦੋ ਮਹੀਨੇ ਬਾਅਦ ਸਮੁੱਚੇ ਸ਼੍ਰੋਮਣੀ ਕਮੇਟੀ ਮੈਂਬਰਾਂ ਦਾ ਇਜਲਾਸ ਸੱਦਿਆ ਜਾਇਆ ਕਰੇਗਾ, ਜਿਸ ਵਿੱਚ ਉਹ ਕੌਮ ਦੀ ਬਿਹਤਰੀ ਲਈ ਆਪਣੀ ਰਾਏ ਦੇ ਸਕਣਗੇ। ਦਰਬਾਰ ਸਾਹਿਬ ਵਿੱਚ ਬੀਬੀਆਂ ਨੂੰ ਕੀਰਤਨ ਕਰਨ ਦੀ ਇਜਾਜ਼ਤ ਦੇਣ ਬਾਰੇ ਪੁੱਛਣ 'ਤੇ ਉਨਾਂ ਕਿਹਾ ਕਿ ਸਿੱਖ ਰਹਿਤ ਮਰਿਆਦਾ 'ਚ ਕਿਤੇ ਵੀ ਇਸਤਰੀ ਜਾਂ ਪੁਰਸ਼ ਨਹੀਂ ਲਿਖਿਆ ਗਿਆ, ਸਿਰਫ ਸਿੱਖ ਦੀ ਗੱਲ ਕੀਤੀ ਗਈ ਹੈ। ਜਿੱਥੋਂ ਤੱਕ ਦਰਬਾਰ ਸਾਹਿਬ ਜਾਂ ਤਖ਼ਤ ਸਾਹਿਬਾਨ ਦੀ ਗੱਲ ਹੈ ਤਾਂ ਉਥੋਂ ਦੇ ਕੁਝ ਨਿਯਮ ਤੇ ਰਵਾਇਤਾਂ ਹਨ। ਜੇਕਰ ਕੋਈ ਉਨਾਂ ਨਿਯਮਾਂ, ਸ਼ਰਤਾਂ ਤੇ ਤਜ਼ਰਬੇ ਨੂੰ ਪੂਰਾ ਕਰਨ ਵਾਲਾ ਬੀਬੀਆਂ ਦਾ ਜਥਾ ਮੰਗ ਕਰੇਗਾ ਤਾਂ ਉਸ ਨੂੰ ਵਿਚਾਰਿਆ ਜਾਵੇਗਾ। ਬੀਬੀ ਜਗੀਰ ਕੌਰ ਨੇ ਬੀਤੇ ਦਿਨ ਨਿਸ਼ਾਨ ਸਾਹਿਬ ਸਬੰਧੀ ਪੈਦਾ ਹੋਏ ਵਿਵਾਦ 'ਤੇ ਕਿਹਾ ਕਿ ਦਿੱਲੀ ਵਿੱਚ ਖੇਤੀ ਕਾਨੂੰਨਾਂ ਖ਼ਿਲਾਫ਼ ਸੰਘਰਸ਼ ਕਰ ਰਹੀ ਸਿੱਖ ਸੰਗਤ ਨੂੰ ਆਪਣਾ ਸਰੂਪ ਕਾਇਮ ਰੱਖਦੇ ਹੋਏ ਆਪਣੇ ਮਿਸ਼ਨ ਪ੍ਰਤੀ ਅਡੋਲ ਰਹਿਣਾ ਚਾਹੀਦਾ ਹੈ ਅਤੇ ਨਿੰਦਾ ਕਰਨ ਵਾਲਿਆਂ ਦੀ ਪਰਵਾਹ ਨਹੀਂ ਕਰਨੀ ਚਾਹੀਦੀ। ਉਨਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੀ ਕਿਸਾਨਾਂ ਵਿਚੋਂ ਉਪਜੀ ਇੱਕ ਸੰਸਥਾ ਹੈ ਅਤੇ ਲੋੜ ਪੈਣ 'ਤੇ ਹਰ ਵਾਰ ਸੇਵਾ ਲਈ ਅੱਗੇ ਆਈ ਹੈ।

# ਬਜ਼ੁਰਗ ਕਿਸਾਨਾਂ ਨਾਲ ਪੁਲਿਸ ਤਸ਼ੱਦਦ ਦੀ ਕਹਾਣੀ ਗਾਇਕ ਸੁੱਖ ਖਰੌੜ ਨੇ ਕੀਤੀ ਉਜਾਗਰ

## ਜ਼ਖ਼ਮੀ ਹੋਣ ਤੋਂ ਬਾਅਦ ਦੱਸਿਆ ਕਿਵੇਂ ਪੁਲਿਸ ਨੇ ਬਜ਼ੁਰਗਾਂ ਨੂੰ ਡੰਡਿਆਂ ਤੇ ਅੱਥਰੂ ਗੈਸ ਨਾਲ ਜ਼ਖ਼ਮੀ ਕੀਤਾ

**ਜਲੰਧਰ/ਏ.ਟੀ.ਨਿਊਜ਼:** ਬੀਤੇ ਦਿਨੀਂ ਪੰਜਾਬੀ ਗੀਤਕਾਰ ਤੇ ਗਾਇਕ ਸੁੱਖ ਖਰੌੜ (ਰੱਬ ਸੁੱਖ ਰੱਖੇ) 'ਤੇ ਪੁਲਿਸ ਵੱਲੋਂ ਲਾਠੀਚਾਰਜ ਕੀਤਾ ਗਿਆ। ਇਸ ਦੌਰਾਨ ਸੁੱਖ ਖਰੌੜ ਦੀ ਅੱਖ ਬੁਰੀ ਤਰਾਂ ਨਾਲ ਜ਼ਖ਼ਮੀ ਹੋ ਗਈ। ਸੁੱਖ ਖਰੌੜ ਚੰਡੀਗੜ ਵਿਖੇ ਸਾਥੀਆਂ ਨਾਲ ਕਿਸਾਨਾਂ ਲਈ ਧਰਨੇ ਪ੍ਰਦਰਸ਼ਨ ਕਰ ਰਹੇ ਸਨ ਤੇ ਉੱਥੇ ਸਥਿਤ ਬੀ. ਜੇ. ਪੀ. ਦਫ਼ਤਰ ਦਾ ਘਿਰਾਓ ਕਰਨ ਜਾ ਰਹੇ ਸਨ। ਸੁੱਖ ਨੇ ਆਪਣੇ ਜ਼ਖ਼ਮੀ ਹੋਣ ਦੀ ਜਾਣਕਾਰੀ ਇੰਸਟਾਗ੍ਰਾਮ 'ਤੇ ਇਕ ਵੀਡੀਓ ਪੋਸਟ ਕਰਕੇ ਦਿੱਤੀ। ਹੁਣ ਸੁੱਖ ਵੱਲੋਂ ਤਸਵੀਰ ਤੇ ਵੀਡੀਓਜ਼ ਸਾਂਝੀਆਂ ਕਰਕੇ ਉੱਥੋਂ ਦੀ ਸਥਿਤੀ ਬਿਆਨ ਕੀਤੀ ਗਈ ਕਿ ਕਿਵੇਂ ਪੁਲਿਸ ਵੱਲੋਂ ਬਜ਼ੁਰਗਾਂ 'ਤੇ ਵਾਟਰ ਕੈਨਨ ਦੇ ਨਾਲ-ਨਾਲ ਉਨਾਂ ਦੇ ਡੰਡੇ ਮਾਰੇ ਗਏ।' ਇਸ ਵੀਡੀਓ ਵਿਚ ਸੁੱਖ ਪੁਲਿਸ ਵੱਲੋਂ ਕੀਤੇ ਲਾਠੀਚਾਰਜ ਨੂੰ ਦਿਖਾ ਰਹੇ ਹਨ ਤੇ ਵੀਡੀਓ 'ਚ ਲਿਖਿਆ ਹੈ, 'ਚੱਲਦੇ ਪੀਸਫੁਲ ਪ੍ਰੋਟੈਸਟ ਵਿਚ ਵਾਟਰ ਕੈਨਨ ਮਾਰੇ, ਬਜ਼ੁਰਗਾਂ ਦੇ ਵੀ ਡੰਡੇ ਮਾਰ ਰਹੇ ਹੋ, ਸ਼ਰਮ ਆਉਣੀ ਚਾਹੀਦੀ।'



ਉੱਥੇ ਦੂਜੀ ਵੀਡੀਓ ਸਾਂਝੀ ਕਰਦਿਆਂ ਸੁੱਖ ਖਰੌੜ ਨੇ ਆਪਣੀ ਹਾਲਤ ਬਾਰੇ ਦੱਸਿਆ ਹੈ। ਸੁੱਖ ਨੇ ਲਿਖਿਆ, 'ਮੈਂ ਠੀਕ ਹਾਂ, ਜਿਹੜੇ ਵੀ ਕੇਅਰ ਕਰਨ ਵਾਲੇ ਪੁੱਛ ਰਹੇ।' ਇਸ ਵੀਡੀਓ ਵਿਚ ਸੁੱਖ ਸਟੇਜ 'ਤੇ ਖੜ ਕੇ ਭਾਸ਼ਣ ਦੇ ਰਹੇ ਹਨ।

ਸੁੱਖ ਨੇ ਲਿਖਿਆ, 'ਅੱਜ ਮੇਰੀ ਅੱਖ ਨਹੀਂ ਖੁੱਲ ਰਹੀ ਪਰ ਕੱਲ ਬਥੇਰਿਆਂ ਦੀਆਂ ਅੱਖਾਂ ਖੁੱਲ ਗਈਆਂ ਹੋਣਗੀਆਂ।'

# ਸਿੰਘੂ ਬਾਰਡਰ 'ਤੇ ਲਗੀਆਂ ਪ੍ਰਸ਼ਾਦੇ ਬਣਾਉਣ ਦੀਆਂ ਮਸ਼ੀਨਾਂ

**ਨਵੀਂ ਦਿੱਲੀ/ਏ.ਟੀ.ਨਿਊਜ਼:** ਸਿੰਘੂ ਬਾਰਡਰ ਉਪਰ ਰੋਜ਼ਾਨਾ ਹਜ਼ਾਰਾਂ ਲੋਕਾਂ ਦਾ ਇਕੱਠ ਹੋ ਜਾਂਦਾ ਹੈ ਤੇ ਸਾਰਿਆਂ ਲਈ ਸਮੇਂ ਸਿਰ ਲੰਗਰ ਤਿਆਰ ਕਰਨ ਦੀ ਸੇਵਾ ਵਿੱਚ ਵੱਖ-ਵੱਖ ਸੰਸਥਾਵਾਂ ਲੱਗੀਆਂ ਹੋਈਆਂ ਹਨ। ਲੋਕਾਂ ਦੀ ਆਮਦ ਨੂੰ ਦੇਖਦੇ ਹੋਏ ਕਈ ਥਾਵਾਂ ਉਪਰ ਇੱਥੇ ਕੌਮੀ ਮਾਰਗ-1 ਉਪਰ ਰੋਟੀ/ਪ੍ਰਸ਼ਾਦੇ ਸੇਕਣ ਵਾਲੀਆਂ ਮਸ਼ੀਨਾਂ ਲਾਈਆਂ ਗਈਆਂ ਹਨ। ਕਈਆਂ ਵੱਲੋਂ ਵੱਡੇ ਤਵਿਆਂ 'ਤੇ ਰੋਟੀਆਂ ਸੇਕੀਆਂ ਜਾਂਦੀਆਂ ਹਨ। ਖ਼ਾਸ ਕਰਕੇ ਧਾਰਮਿਕ ਸੰਸਥਾਵਾਂ ਵੱਲੋਂ ਜਾਂ ਪਿੰਡਾਂ ਤੋਂ ਆਈਆਂ ਟਰਾਲੀਆਂ ਵਿੱਚ ਚੁੱਲਿਆਂ ਦਾ ਪ੍ਰਬੰਧ ਹੋਣ ਕਰ ਕੇ ਉਨਾਂ ਨੂੰ ਔਖ ਨਹੀਂ ਹੁੰਦੀ। ਦਿੱਲੀ ਸਰਕਾਰ ਵੱਲੋਂ ਗੁਰੂ ਤੇਗ਼ ਬਹਾਦਰ ਸਮਾਰਕ ਦੇ ਕੈਂਪਸ ਵਿੱਚ ਤਿੰਨ ਰੋਟੀਆਂ ਪਕਾਉਣ ਵਾਲੀਆਂ ਮਸ਼ੀਨਾਂ ਲਾਈਆਂ ਗਈਆਂ ਹਨ। ਕੌਮੀ ਮਾਰਗ-1 ਉਪਰ ਇਕ ਸਵੈ-ਸੇਵੀ ਸੰਸਥਾ ਵੱਲੋਂ ਰੋਟੀ ਬਣਾਉਣ ਵਾਲੀ ਮਸ਼ੀਨ ਲਾਈ ਗਈ ਹੈ, ਜਿੱਥੇ ਧਰਨੇ ਵਿੱਚ ਸ਼ਾਮਲ ਔਰਤਾਂ ਵੱਲੋਂ ਆਟੇ ਦੇ ਪੇੜੇ ਬਣਾਉਣ ਦੀ ਸੇਵਾ ਰੋਜ਼ਾਨਾ ਕੀਤੀ ਜਾਂਦੀ ਹੈ। ਦੁਪਹਿਰੇ ਤੇ ਸ਼ਾਮ ਨੂੰ ਲੰਗਰ ਚਲਾਏ ਜਾਂਦੇ ਹਨ ਤੇ ਵਧਦੀ ਸੰਗਤ ਨੂੰ ਦੇਖਦੇ ਹੋਏ ਮਸ਼ੀਨਾਂ ਨਾਲ ਕੰਮ ਸੌਖਾ ਹੋ ਜਾਂਦਾ ਹੈ।

# ਕਿਸਾਨ ਅੰਦੋਲਨ 'ਚ ਘੁਸਪੈਠ ਨਹੀਂ ਹੋਣ ਦਿਆਂਗੇ : ਅਰਸ਼ੀ

ਨਵੀਂ ਦਿੱਲੀ: ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾਈ ਆਗੂ ਅਤੇ ਸਾਬਕਾ ਵਿਧਾਇਕ ਹਰਦੇਵ ਸਿੰਘ ਅਰਸ਼ੀ ਨੇ ਕਿਹਾ ਕਿ ਸਰਕਾਰੀ ਤੇ ਆਰਐੱਸਐੱਸ ਅਨਸਰਾਂ ਦੇ ਕਿਸਾਨ ਅੰਦੋਲਨ 'ਚ ਘੁਸਪੈਠ ਦੇ ਮਨਸੂਬਿਆਂ ਨੂੰ ਸਫ਼ਲ ਨਹੀਂ ਹੋਣ ਦਿੱਤਾ ਜਾਵੇਗਾ। ਉਨਾਂ ਕਿਹਾ ਕਿ ਕਿਸਾਨ ਅੰਦੋਲਨ ਦੀ ਚੜਤ ਤੋਂ ਬੁਖਲਾਈ ਆਰਐੱਸਐੱਸ ਦੇ ਕਬਜ਼ੇ ਵਾਲੀ ਮੋਦੀ ਸਰਕਾਰ ਕਿਸਾਨੀ ਸੰਘਰਸ਼ ਦੀ ਦਿਸ਼ਾ ਨੂੰ ਭਟਕਾਉਣ ਲਈ ਹਥਕੰਡੇ ਵਰਤਣ ਤੋਂ ਬਾਜ਼ ਨਹੀਂ ਆ ਰਹੀ, ਪਰ ਸੁਚੇਤ ਕਿਸਾਨ ਤੇ ਸੂਝਵਾਨ ਆਗੂ ਇਨਾਂ ਯਤਨਾਂ ਨੂੰ ਸਫ਼ਲ ਨਹੀਂ ਹੋਣ ਦੇਣਗੇ। ਕਿਸਾਨ ਆਗੂ ਨੇ ਕਿਹਾ ਕਿ ਸਰਕਾਰ ਕਿਸਾਨ ਆਗੂਆਂ ਨਾਲ ਗੱਲਬਾਤ ਜਾਰੀ ਰੱਖਣ ਦਾ ਢੰਡੋਰਾ ਤਾਂ ਪਿੱਟ ਰਹੀ ਹੈ, ਪਰ ਰਸਮੀ ਸੱਦਾ ਨਹੀਂ ਦੇ ਰਹੀ।

# ਦੇ ਦੋ ਮੋਬਾਈਲ ਟਾਵਰਾਂ ਨੂੰ ਲਗਾਈ ਅੱਗ

**ਜਗਰਾਉਂ/ਏ.ਟੀ.ਨਿਊਜ਼:** ਜਗਰਾਉਂ ਇਲਾਕੇ 'ਚ ਦੋ ਥਾਵਾਂ 'ਤੇ ਜੀਓ ਕੰਪਨੀ ਦੇ ਦੋ ਟਾਵਰਾਂ ਨੂੰ ਅੱਗ ਲਗਾ ਦੇਣ ਦੀ ਘਟਨਾ ਸਾਹਮਣੇ ਆਈ ਹੈ । ਇਸ ਮਾਮਲੇ 'ਚ ਪੁਲਿਸ ਨੇ ਥਾਣਾ ਸਿਟੀ ਤੇ ਥਾਣਾ ਹਠੂਰ ਵਿਖੇ ਅਣ-ਪਛਾਤਿਆਂ ਖ਼ਿਲਾਫ ਮਾਮਲੇ ਦਰਜ ਕੀਤੇ ਹਨ । ਪੁਲਿਸ ਪਾਸੋਂ ਜਾਣਕਾਰੀ ਅਨੁਸਾਰ ਇਹ ਮਾਮਲੇ ਸਚਿਨ ਕੁਮਾਰ ਮੁਹਾਲੀ ਦੇ ਬਿਆਨਾਂ 'ਤੇ ਦਰਜ ਕੀਤੇ ਗਏ ਹਨ । ਜਿਸ ਨੇ ਦੱਸਿਆ ਕਿ ਜਗਰਾਉਂ ਅਤੇ ਹਠੂਰ ਏਰੀਏ 'ਚ ਅਚਨਚੇਤ ਹਜਾਰਾਂ ਮੋਬਾਈਲ ਫੋਨਾਂ ਦਾ ਨੈੱਟਵਰਕ ਪ੍ਰਭਾਵਿਤ ਹੋਣ ਬਾਰੇ ਜਦੋਂ ਸ਼ਿਕਾਇਤਾਂ ਮਿਲੀਆਂ ਤਾਂ ਕੰਪਨੀ ਵਲੋਂ ਮੌਕੇ 'ਤੇ ਜਾ ਕੇ ਦੇਖਿਆ ਕਿ ਅਣਪਛਾਤੇ ਵਿਅਕਤੀਆਂ ਨੇ ਟਾਵਰ ਦੀਆਂ ਤਾਰਾਂ ਤੇ ਕੇਬਲਾਂ ਨੂੰ ਅੱਗ ਲਗਾਈ ਹੋਈ ਸੀ ਜਿਸ ਨਾਲ ਇਲਾਕੇ 'ਚ ਮੋਬਾਈਲ ਸੇਵਾਵਾਂ ਪ੍ਰਭਾਵਿਤ ਹੋਈਆਂ ਸਨ । ਇਸ ਸਬੰਧੀ ਸਿਟੀ ਥਾਣਾ ਜਗਰਾਉਂ ਦੇ ਥਾਣੇਦਾਰ ਗੁਰਚਰਨ ਸਿੰਘ ਜੋ ਇਸ ਮਾਮਲੇ ਦੀ ਜਾਂਚ ਕਰ ਰਹੇ ਹਨ ਨੇ ਕਿਹਾ ਕਿ ਇਹ ਸਰਾਰਤੀ ਅਨਸਰਾਂ ਦਾ ਕੰਮ ਹੈ, ਜਿਨ੍ਹਾਂ ਨੂੰ ਜਲਦੀ ਹੀ ਕਾਬੂ ਕਰ ਲਿਆ ਜਾਵੇਗਾ ।



# ਭਾਰਤ ਦੀ ਅਰਥਵਿਵਸਥਾ ਖਤਰੇ ਵਿਚ ਆ ਸਕਦੀ ਹੈ 10 ਫੀਸਦੀ ਦੀ ਗਿਰਾਵਟ'

**ਨਵੀਂ ਦਿੱਲੀ /ਏ.ਟੀ.ਨਿਊਜ਼:** ਭਾਰਤ ਦੀ ਵੱਡੀ ਆਰਥਿਕ ਹਾਲਤ ਕਾਫੀ ਅਨਿਸ਼ਚਿਤ ਹੈ ਅਤੇ ਚਾਲੂ ਵਿੱਤੀ ਸਾਲ 'ਚ ਕੁਲ ਘਰੇਲੂ ਉਤਪਾਦ (ਜੀ. ਡੀ. ਪੀ.) 'ਚ ਕਰੀਬ 10 ਫੀਸਦੀ ਦੀ ਗਿਰਾਵਟ ਆ ਸਕਦੀ ਹੈ। ਸਾਬਕਾ ਚੀਫ ਸਟੈਟਿਸਟਿਕਟ ਪ੍ਰਣਵ ਸੇਨ ਨੇ ਇਹ ਰਾਏ ਜਤਾਈ ਹੈ।

ਸੇਨ ਅੰਕੜਿਆਂ ਬਾਰੇ ਸਥਾਈ ਕਮੇਟੀ (ਐੱਸ. ਸੀ. ਈ. ਐੱਸ.) ਦੇ ਪ੍ਰਮੁੱਖ ਵੀ ਹਨ। ਉਨਾਂ ਕਿਹਾ ਕਿ ਕਮੇਟੀ ਅਜੇ ਤੱਕ ਆਪਣੀ ਰਿਪੋਰਟ ਨੂੰ ਅੰਤਿਮ ਰੂਪ ਨਹੀਂ ਦੇ ਸਕੀ ਹੈ। ਸਤੰਬਰ ਤਿਮਾਹੀ ਵਿਚ ਭਾਰਤੀ ਅਰਥਵਿਵਸਥਾ 'ਚ ਉਮੀਦ ਤੋਂ ਬਿਹਤਰ ਸੁਧਾਰ ਦਰਜ ਕੀਤਾ ਹੈ। ਨਿਰਮਾਣ ਖੇਤਰ ਦੇ ਬਿਹਤਰ ਪ੍ਰਦਰਸ਼ਨ ਨਾਲ ਸਤੰਬਰ ਦੀ ਦੂਜੀ ਤਿਮਾਹੀ ਵਿਚ ਜੀ. ਡੀ. ਪੀ. 'ਚ ਗਿਰਾਵਟ ਘੱਟ ਕੇ 7.5 ਫੀਸਦੀ ਰਹਿ ਗਈ ਹੈ। ਚਾਲੂ ਵਿੱਤੀ ਸਾਲ ਦੀ ਪਹਿਲੀ ਤਿਮਾਹੀ ਵਿਚ ਭਾਰਤੀ ਅਰਥਵਿਵਸਥਾ 'ਚ 23.9 ਫੀਸਦੀ ਦੀ ਗਿਰਾਵਟ ਆਈ ਸੀ। ਰਿਜ਼ਰਵ ਬੈਂਕ ਅਨੁਸਾਰ 2020-21 ਵਿਚ ਭਾਰਤੀ ਅਰਥਵਿਵਸਥਾ 'ਚ 7.5 ਫੀਸਦੀ ਦੀ ਗਿਰਾਵਟ ਆਉਣ ਦਾ ਅਨੁਮਾਨ ਹੈ।

ਸੇਨ ਨੇ ਇਕ ਪ੍ਰੈੱਸ ਕਾਨਫਰੰਸ ਵਿਚ ਕਿਹਾ ਕਿ ਨਰੇਂਦਰ ਮੋਦੀ ਸਰਕਾਰ ਵੱਲੋ ਅਰਥਵਿਵਸਥਾ ਦਾ ਕੁਲ ਵੱਡਾ ਪ੍ਰਬੰਧ ਬਹੁਤ ਚੰਗਾ ਨਹੀਂ ਹੈ ਪਰ ਅਰਥਵਿਵਸਥਾ 'ਚ ਇਹ ਸੁਸਤੀ ਉਨਾਂ ਦੇ ਕਾਬੂ ਤੋਂ ਬਾਹਰ ਹੈ। ਸੇਨ ਨੇ ਕਿਹਾ, 'ਫਿਲਹਾਲ ਭਾਰਤ ਦੀ ਮੌਜੂਦਾ ਵੱਡੀ ਆਰਥਿਕ ਹਾਲਤ ਕਾਫੀ ਅਨਿਸ਼ਚਿਤ ਹੈ। ਮੈਂ ਕਹਾਂਗਾ ਕਿ ਸਾਨੂੰ ਬਹੁਤ ਸਾਵਧਾਨ ਰਹਿਣਾ ਹੋਵੇਗਾ । ਮੈਨੂੰ ਲੱਗਦਾ ਹੈ ਕਿ ਆਸ-ਪਾਸ ਕੁੱਝ ਜ਼ਿਆਦਾ ਉਮੀਦ ਦਾ ਮਾਹੌਲ ਹੈ। ਉਨਾਂ ਕਿਹਾ ਕਿ ਚਾਲੂ ਵਿੱਤੀ ਸਾਲ ਯਾਨੀ 2020-21 ਵਿਚ ਭਾਰਤ ਦੀ ਅਰਥਵਿਵਸਥਾ ਦੀ ਅਸਲੀ ਵਾਧਾ ਦਰ ਨਕਾਰਾਤਮਕ 10 ਫੀਸਦੀ ਰਹੇਗੀ।

ਪ੍ਰਸਿੱਧ ਅਰਥਸ਼ਾਸਤਰੀ ਨੇ ਕਿਹਾ, 'ਸਾਨੂੰ ਪਤਾ ਹੈ ਕਿ ਕੰਪਨੀਆਂ ਦੀ ਤੁਲਣਾ 'ਚ ਸੂਖਮ, ਲਘੂ ਅਤੇ ਮਝੌਲੇ ਅਦਾਰੇ (ਐੱਮ. ਐੱਸ. ਐੱਮ. ਈ.) ਖੇਤਰ ਜ਼ਿਆਦਾ ਪ੍ਰਭਾਵਿਤ ਹੋਇਆ ਹੈ। ਅਜਿਹੇ 'ਚ ਰਾਸ਼ਟਰੀ ਖਾਤਿਆਂ ਤੋਂ ਜੋ ਅੰਕੜੇ ਆ ਰਹੇ ਹਨ, ਉਹ ਅਰਥਵਿਵਸਥਾ ਦੀ ਕੁੱਝ ਜ਼ਿਆਦਾ ਆਪਟੀਮਿਸਟ ਤਸਵੀਰ ਵਿਖਾ ਰਹੇ ਹਨ। ਸੇਨ ਨੇ ਨਿਵੇਸ਼ਕਾਂ ਦਾ ਭਰੋਸਾ ਕਾਇਮ ਕਰਨ 'ਤੇ ਵੀ ਜ਼ੋਰ ਦਿੱਤਾ। ਉਨਾਂ ਕਿਹਾ ਕਿ ਨਿਵੇਸ਼ਕ ਉਹ ਨਵੇਂ ਲੋਕ ਹਨ, ਜੋ ਨਵੀਂ ਉਤਪਾਦਨ ਸਮਰੱਥਾ 'ਚ ਆਪਣਾ ਪੈਸਾ ਲਾਉਂਦੇ ਹੈ। ਇਹ ਪੂਰੀ ਤਰਾਂ ਨਦਾਰਦ ਹੈ। ਉਨਾਂ ਕਿਹਾ ਕਿ ਜਦੋਂ ਤੱਕ ਨਿਵੇਸ਼ ਵਾਪਸ ਨਹੀਂ ਪਰਤਦਾ ਅਰਥਵਿਵਸਥਾ ਅੱਗੇ ਨਹੀਂ ਵੱਧ ਸਕਦੀ ਹੈ। ਸੇਨ ਨੇ ਕਿਹਾ, 'ਹੁਣ ਅਜਿਹੀ ਹਾਲਤ ਹੈ, ਤਾਂ ਸਾਡੀ ਉਤਪਾਦਨ ਸਮਰੱਥਾ 2019-20 ਦੀ ਤੁਲਣਾ 'ਚ ਜ਼ਿਆਦਾ ਉੱਚੀ ਨਹੀਂ ਰਹੇਗੀ। ਅਸਲ 'ਚ ਇਹ ਇਸ ਤੋਂ ਘੱਟ ਰਹੇਗੀ, ਕਿਉਂਕਿ ਕੁੱਝ ਸਮਰੱਥਾ ਹੁਣ ਬੰਦ ਹੋ ਚੁੱਕੀ ਹੈ।

# ਮਾਣਹਾਨੀ ਮਾਮਲੇ ਵਿਚ ਸੁਖਬੀਰ ਨੂੰ ਰਾਹਤ

## ✪ ਹਾਈ ਕੋਰਟ ਨੇ ਚੰਡੀਗੜ ਦੀ ਜ਼ਿਲਾ ਅਦਾਲਤ ਵੱਲੋਂ ਜਾਰੀ ਵਾਰੰਟ ਕੀਤਾ ਰੱਦ

## ✪ ਕੇਜਰੀਵਾਲ ਨਾਲ ਜੁੜਿਆ ਹੈ ਮਾਮਲਾ

**ਚੰਡੀਗੜ/ਏ.ਟੀ.ਨਿਊਜ਼:** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਅਕਾਲੀ ਦਲ ਦੇ ਪ੍ਰਧਾਨ ਤੇ ਪੰਜਾਬ ਦੇ ਸਾਬਕਾ ਮੁੱਖ ਉਪ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਰਾਹਤ ਦਿੱਤੀ ਹੈ। ਹਾਈ ਕੋਰਟ ਨੇ ਚੰਡੀਗੜ ਦੀ ਜ਼ਿਲਾ ਅਦਾਲਤ ਵੱਲੋਂ ਉਨਾਂ ਖ਼ਿਲਾਫ਼ ਜਾਰੀ ਵਾਰੰਟ ਰੱਦ ਕਰ ਦਿੱਤਾ ਹੈ। ਇਸ ਦੇ ਨਾਲ ਹੀ ਹਾਈ ਕੋਰਟ ਨੇ ਨੋਟਿਸ ਜਾਰੀ ਕਰ ਕੇ ਪੁੱਛਿਆ ਹੈ ਕਿ ਕਿਉਂ ਨਾ ਜ਼ਿਲਾ ਅਦਾਲਤ ਵਿਚ ਬਾਦਲ ਖ਼ਿਲਾਫ਼ ਚੱਲ ਰਹੇ ਟਰਾਇਲ 'ਤੇ ਰੋਕ ਲਗਾ ਦਿੱਤੀ ਜਾਵੇ।

ਪਿਛਲੀ ਸੁਣਵਾਈ ਦੌਰਾਨ ਐਡਵੋਕੇਟ ਪੀਆਈਪੀ ਸਿੰਘ ਨੇ ਦੱਸਿਆ ਸੀ ਕਿ ਪਟੀਸ਼ਨਰ ਰਾਜਿੰਦਰ ਪਾਲ ਸਿੰਘ ਜੋ ਕਿ ਅਖੰਡ ਕੀਰਤਨੀ ਜਥੇ ਦੇ ਬੁਲਾਰੇ ਸਨ, ਨੇ ਸਾਲ 2017 ਵਿਚ ਸੁਖਬੀਰ ਸਿੰਘ ਬਾਦਲ ਖ਼ਿਲਾਫ਼ ਚੰਡੀਗੜ ਦੀ ਅਦਾਲਤ ਵਿਚ ਮਾਣਹਾਨੀ ਮਾਮਲੇ ਵਿਚ ਫ਼ੌਜਦਾਰੀ ਸ਼ਿਕਾਇਤ ਦਰਜ ਕਰਵਾਈ ਸੀ। ਪਟੀਸ਼ਨ ਵਿਚ ਸ਼ਿਕਾਇਤਕਰਤਾ ਨੇ ਦੋਸ਼ ਲਾਇਆ ਸੀ ਕਿ ਉਸ ਦੇ ਘਰ ਸਾਲ 2017 ਦੀਆਂ ਚੋਣਾਂ ਵੇਲੇ 'ਆਪ' ਦੇ ਕਨਵੀਨਰ ਅਰਵਿੰਦ ਕੇਜਰੀਵਾਲ ਆਏ ਸਨ ਤੇ ਸਵੇਰ ਦਾ ਨਾਸ਼ਤਾ ਕੀਤਾ ਸੀ। ਵਕੀਲ ਪੀਆਈਪੀ ਸਿੰਘ ਨੇ ਦੱਸਿਆ ਕਿ ਸੁਖਬੀਰ ਬਾਦਲ ਨੇ ਅਖੰਡ ਕੀਰਤਨੀ ਜਥੇ ਨੂੰ ਅੱਤਵਾਦੀ ਜਥੇਬੰਦੀ ਇੰਟਰਨੈਸ਼ਨਲ ਬੱਬਰ ਖ਼ਾਲਸਾ ਦੀ ਮੋਹਰੀ ਜਥੇਬੰਦੀ ਦੱਸਿਆ ਸੀ। ਵਕੀਲ ਅਨੁਸਾਰ ਪਟੀਸ਼ਨਰ ਦਾ ਬੱਬਰ ਖ਼ਾਲਸਾ ਨਾਲ ਕੋਈ ਸਬੰਧ ਨਹੀਂ ਰਿਹਾ, ਜਿਸ ਕਰਕੇ ਪਟੀਸ਼ਨਰ ਨੇ ਸੁਖਬੀਰ ਸਿੰਘ ਬਾਦਲ ਖ਼ਿਲਾਫ਼ ਫ਼ੌਜਦਾਰੀ (ਮਾਣਹਾਨੀ) ਕੇਸ ਦਾਇਰ ਕੀਤਾ ਸੀ।

## ਕਿਸਾਨ ਅੰਦੋਲਨ ਦੇ ਹੱਕ ਵਿੱਚ ਰੋਸ ਪ੍ਰਦਰਸ਼ਨਾਂ ਦਾ ਹਿੱਸਾ ਬਣੋ-ਫੈਡਰੇਸ਼ਨ ਆਫ਼ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ.

**ਲੰਡਨ/ਏ.ਟੀ.ਨਿਊਜ਼:** ਦੁਨੀਆ ਭਰ ਵਿੱਚ ਵੱਸਦੇ ਪੰਜਾਬੀਆਂ ਖ਼ਾਸਕਰ ਸਿੱਖਾਂ ਨੂੰ ਕਿਸਾਨ ਅੰਦੋਲਨ ਦੇ ਹੱਕ ਵਿੱਚ ਕੀਤੇ ਜਾ ਰਹੇ ਰੋਸ ਪ੍ਰਦਰਸ਼ਨਾਂ ਅਤੇ ਰੈਲੀਆਂ ਵਿੱਚ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ ਗਈ ਹੈ। ਇਹ ਅਪੀਲ ਬਰਤਾਨੀਆ ਵਿੱਚ ਅਜ਼ਾਦ ਸਿੱਖ ਰਾਜ ਖ਼ਾਲਿਸਤਾਨ ਦੇ ਨਿਸ਼ਾਨੇ ਨੂੰ ਸਮਰਪਿਤ ਅਤੇ ਯਤਨਸ਼ੀਲ ਸਿੱਖ ਜਥੇਬੰਦੀਆਂ ਦੇ ਸੰਗਠਨ ਫੈਡਰੇਸ਼ਨ ਆਫ਼ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ. ਵੱਲੋਂ ਨਿਮਰਤਾ ਸਹਿਤ ਕੀਤੀ ਗਈ ਹੈ। ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ,ਕੇ ਦੇ ਕੋਆਰਡੀਨੇਟਰਜ਼ ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਭਾਈ ਜੋਗਾ ਸਿੰਘ ਵਲੋਂ ਅਪੀਲ ਕਰਦਿਆਂ ਆਖਿਆ ਗਿਆ ਕਿ ਉਹ ਪੰਜਾਬ ਸਮੇਤ ਵੱਖ ਵੱਖ ਰਾਜਾਂ ਦੇ ਕਿਸਾਨਾਂ ਵੱਲੋਂ ਕੀਤੇ ਜਾ ਰਹੇ ਹੱਕੀ ਅੰਦੋਲਨ ਜਾਂ ਰੋਸ ਮੁਜ਼ਾਹਰਿਆਂ ਅਤੇ ਰੈਲੀਆਂ ਦਾ ਡਟ ਕੇ ਸਮਰਥਨ ਕਰਦੇ ਹਨ। ਬੀਤੇ ਸਮੇਂ ਵਿੱਚ ਇੰਗਲੈਂਡ ਦੀ ਧਰਤੀ ਅਤੇ ਰੋਸ ਮੁਜ਼ਾਹਰਿਆਂ ਸਮੇਤ ਅਨੇਕਾਂ ਰੈਲੀਆਂ ਹੋ ਚੁੱਕੀਆਂ ਹਨ ਅਤੇ ਇਹ ਕਾਰਵਾਈ ਲਗਾਤਾਰ ਜਾਰੀ ਹੈ ਅਤੇ ਉਦੋਂ ਤੱਕ ਜਾਰੀ ਰਹੇਗੀ ਜਦੋਂ ਤੱਕ ਭਾਰਤ ਦੀ ਹਿੰਦੂਤਵੀ ਕੇਂਦਰ ਸਰਕਾਰ ਕਿਸਾਨਾਂ ਨੂੰ ਆਰਥਿਕ ਪੱਖ ਤੋਂ ਘਸਿਆਰੇ ਬਣਾਉਣ ਲਈ ਹੋਂਦ ਵਿੱਚ ਲਿਆਂਦੇ ਕਾਲੇ ਕਾਨੂੰਨ ਰੱਦ ਨਹੀਂ ਹੋ ਜਾਂਦੇ। ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ. ਵੱਲੋਂ ਮਹਿਸੂਸ ਕੀਤਾ ਗਿਆ ਕਿ ਇਹ ਕਾਲੇ ਕਾਨੂੰਨ ਕਾਰਪੋਰੇਟ ਘਰਾਣਿਆਂ ਦੇ ਕਹਿਣ 'ਤੇ ਅਤੇ ਪੂਰੇ ਦੇਸ਼ ਨੂੰ ਉਨਾਂ ਕਾਰਪੋਰੇਟ ਘਰਾਣਿਆਂ ਖ਼ਾਸਕਰ ਅੰਬਾਨੀ-ਅਡਾਨੀ ਦੇ ਹਵਾਲੇ ਕਰਨ ਦੀ ਫ਼ਿਰਾਕ ਵਿੱਚ ਹੈ। ਇਨਾਂ ਦੀ ਉਕਤ ਕੋਝੀ ਅਤੇ ਕਮੀਨੀ ਨੀਤੀ ਨੂੰ ਅਮਲ ਵਿੱਚ ਨਹੀਂ ਆਉਣ ਦਿੱਤਾ ਜਾਵੇਗਾ। ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ. ਵੱਲੋਂ ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀਆਂ ਖ਼ਾਸਕਰ ਸਿੱਖਾਂ ਨੂੰ ਸਨਿਮਰ ਅਪੀਲ ਹੈ ਕਿ ਹਰ ਦੇਸ਼, ਹਰ ਸਟੇਟ, ਹਰ ਸ਼ਹਿਰ ਵਿੱਚ ਰੋਸ ਰੈਲੀਆਂ ਅਤੇ ਰੋਸ ਮੁਜ਼ਾਹਰੇ ਕੀਤੇ ਜਾਣ।

## ਚੋਣਾਂ ਹਾਰੀ ਭਾਰਤੀ ਮੂਲ ਦੀ ਸਾਰਾ ਗਿਡਨ ਬਚਿਆ ਡੇਢ ਕਰੋੜ ਡਾਲਰ ਚੋਣ ਫ਼ੰਡ ਸਮਾਜ ਸੇਵੀ ਸੰਸਥਾਵਾਂ ਨੂੰ ਦੇਵੇਗੀ



**ਕੈਲੇਫੋਰਨੀਆ/ਹੁਸਨ ਲੜੋਆ ਬੰਗਾ:** ਅਮਰੀਕੀ ਵਿਚ ਹਾਲ ਹੀ ਵਿਚ ਹੋਈਆਂ ਆਮ ਚੋਣਾਂ ਵਿਚ ਬਹੁਤ ਸਾਰੇ ਉਮੀਦਵਾਰ ਅਜਿਹੇ ਵੀ ਹਨ ਜੋ ਬੇਸ਼ੱਕ ਚੋਣ ਹਾਰ ਗਏ ਹਨ ਪਰ ਉਨਾਂ ਕੋਲ ਚੋਣ ਫ਼ੰਡ ਕਾਫ਼ੀ ਬਚ ਗਿਆ ਹੈ। ਅਜਿਹੀ ਹੀ ਇਕ ਉਮੀਦਵਾਰ ਭਾਰਤੀ ਮੂਲ ਦੀ ਅਮਰੀਕਨ ਸਾਰਾ ਗਿਡਨ ਹੈ ਜੋ ਮੈਨੀ ਤੋਂ ਸੈਨੇਟ ਦੀ ਚੋਣ ਹਾਰ ਗਈ ਸੀ ਪਰ ਉਸ ਕੋਲ ਇਸ ਸਮੇਂ ਤਕਰੀਬਨ ਡੇਢ ਕਰੋੜ ਡਾਲਰ ਚੋਣ ਫ਼ੰਡ ਮੌਜੂਦ ਹੈ। 'ਦ ਬਾਂਗਰ ਡੇਲੀ ਨਿਊਜ਼' ਦੀ ਰਿਪੋਰਟ ਅਨੁਸਾਰ ਡੈਮੋਕਰੈਟਿਕ ਆਗੂ ਸਾਰਾ ਗਿਡਨ ਨੂੰ 7.5 ਕਰੋੜ ਡਾਲਰ ਚੋਣ ਫ਼ੰਡ ਵਜੋਂ ਇਕੱਤਰ ਹੋਏ ਸਨ ਜਿਨਾਂ ਵਿਚੋਂ 1.48 ਕਰੋੜ ਡਾਲਰ ਫ਼ੰਡ ਅਜੇ ਵੀ ਉਸ ਕੋਲ ਹੈ। ਰਿਪੋਟਰ ਅਨੁਸਾਰ ਚੋਣ ਮੁਹਿੰਮ ਦੇ ਪ੍ਰਬੰਧਕਾਂ ਨੇ ਇਕ ਰਲੀਜ ਵਿਚ ਕਿਹਾ ਹੈ ਕਿ ਬਚੇ ਫ਼ੰਡ ਵਿਚੋਂ ਦੋ ਸਮਾਜ ਸੇਵੀ ਸੰਸਥਾਵਾਂ ਨੂੰ 7 ਕਰੋੜ ਡਾਲਰ ਦਾਨ ਵਜੋਂ ਦੇਣ ਦੀ ਯੋਜਨਾ ਹੈ। ਹਰੇਕ ਸੰਸਥਾ ਨੂੰ 3.5 ਕਰੋੜ ਦਿੱਤੇ ਜਾਣਗੇ। ਇਨਾਂ ਸੰਸਥਾਵਾਂ ਵਿਚ ਫੁਲ ਪਲੇਟਸ , ਫੁਲ ਪੋਟੈਂਸ਼ੀਅਲ ਐਂਡ ਕੀਪ ਮੀ ਵਾਰਮ ਸ਼ਾਮਿਲ ਹਨ। ਇਹ ਸਮਾਜ ਸੇਵੀ ਸੰਸਥਾਵਾਂ ਲੋੜਵੰਦ ਪਰਿਵਾਰਾਂ ਦੀ ਮਦਦ ਕਰਦੀਆਂ ਹਨ। ਗਿਡਨ ਨੇ ਕਿਹਾ ਹੈ ਕਿ ਮੇਰਾ ਹਮੇਸ਼ਾ ਇਹ ਵਿਸ਼ਵਾਸ ਰਿਹਾ ਹੈ ਕਿ ਸਮਾਜ ਸੇਵਾ ਸਭ ਤੋਂ ਉੱਤਮ ਕੰਮ ਹੈ ਜਿਸ ਰਾਹੀਂ ਲੋਕਾਂ ਦੇ ਜੀਵਨ ਵਿਚ ਸੁਧਾਰ ਹੁੰਦਾ ਹੈ।


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਓਨਰ ਓਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment

ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ



28421 S CHRISMAN RD, UNIT# 3, TRACY, CA

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

Toll Free: 888.725.7441, Office: 209.537.0975, Fax: 209.537.0375

# ਸ਼ਹੀਦ ਜਸਵੰਤ ਸਿੰਘ ਖਾਲੜਾ ਸਬੰਧੀ ਅਜਮੇਰ ਸਿੰਘ ਵੱਲੋਂ ਲਿਖੀ ਕਿਤਾਬ ਕਿਸਾਨ ਮੋਰਚੇ ਵਿਖੇ ਰਿਲੀਜ਼

## ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਦਿਵਸ ਮੌਕੇ ਕੀਤਾ ਸਮਾਗਮ


ਕਿਸਾਨ ਮੋਰਚਾ ਵਿਖੇ 'ਸ਼ਹੀਦ ਜਸਵੰਤ ਸਿੰਘ ਖਾਲੜਾ ਸੋਚ ਸੰਘਰਸ਼ ਤੇ ਸ਼ਹਾਦਤ' ਕਿਤਾਬ ਰਿਲੀਜ਼ ਮੌਕੇ ਦੀਪ ਸਿੱਧੂ, ਲੇਖਕ ਅਜਮੇਰ ਸਿੰਘ, ਰੱਬੀ ਸ਼ੇਰਗਿੱਲ, ਲੱਖਾ ਸਿਧਾਣਾ, ਡਾਥ ਕੰਵਲਜੀਤ ਸਿੰਘ ਤੇ ਮੋਬਿਨ ਫਾਰੂਕੀ।

**ਸਿੰਘੂ ਬਾਰਡਰ, ਨਵੀਂ ਦਿੱਲੀ:**
ਪੰਜਾਬ ਵਿੱਚ ਮਨੁੱਖੀ ਅਧਿਕਾਰਾਂ ਦੀ ਰਾਖ਼ੀ ਲਈ ਜਾਨ ਕੁਰਬਾਨ ਕਰਨ ਵਾਲੇ ਸਰਦਾਰ ਜਸਵੰਤ ਸਿੰਘ ਖਾਲੜਾ ਦੇ ਜੀਵਨ ਸਬੰਧੀ ਸਿੱਖ ਵਿਦਵਾਨ ਅਜਮੇਰ ਸਿੰਘ ਵੱਲੋਂ ਲਿਖੀ ਕਿਤਾਬ 'ਸ਼ਹੀਦ ਜਸਵੰਤ ਸਿੰਘ ਖਾਲੜਾ ਸੋਚ ਸੰਘਰਸ਼ ਤੇ ਸ਼ਹਾਦਤ' ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਦਿਵਸ ਮੌਕੇ ਅੱਜ ਇੱਥੇ ਕੀਤੇ ਸਮਾਗਮ ਦੌਰਾਨ ਰਿਲੀਜ਼ ਕੀਤੀ।

ਕੌਮਾਂਤਰੀ ਪ੍ਰਸਿੱਧੀ ਵਾਲੀ ਖਾਲਸਾ ਏਡ ਸੰਸਥਾ ਵੱਲੋਂ ਕਿਸਾਨ ਅੰਦੋਲਨ ਵਿਖੇ ਲਾਏ ਸਟਾਲ ਵਿਖੇ ਕੀਤੇ ਇੱਕ ਸੰਖੇਪ ਪਰ ਪ੍ਰਭਾਵਸ਼ਾਲੀ ਸਮਾਗਮ ਦੌਰਾਨ 'ਮਾਨਸ ਕੀ ਜਾਤ ਸਭੈ ਏਕੇ ਪਹਿਚਾਨਬੋ' ਦੀ ਭਾਵਨਾ ਨੂੰ ਰੂਪਮਾਨ ਕਰਦਿਆਂ ਕਿਤਾਬ ਰਿਲੀਜ਼ ਕਰਨ ਦੀ ਪ੍ਰਚਲਤ ਰਵਾਇਤ ਤੋਂ ਹਟ ਕੇ ਹਰਿਆਣਵੀ ਹਿੰਦੂ ਕਿਸਾਨ, ਸਿੱਖ, ਮੁਸਲਮਾਨ, ਬੀਬੀ ਅਤੇ ਨੌਜਵਾਨ ਵੱਲੋਂ ਰਿਲੀਜ਼ ਕੀਤੀ ਗਈ। ਇਨਾਂ ਪੰਜ ਜਣਿਆਂ ਦੀ ਚੋਣ ਕਿਸਾਨ ਮੋਰਚੇ ਵਿੱਚ ਮੌਕੇ ਉੱਤੇ ਲੋਕ ਸਮੂਹ ਵਿਚੋਂ ਹੀ ਕੀਤੀ ਗਈ।

ਵਿਲੱਖਣ ਅੰਦਾਜ਼ ਦੀ ਪੰਜਾਬੀ ਗਾਇਕੀ ਵਾਲੇ ਕਲਾਕਾਰ ਰੱਬੀ ਸ਼ੇਰਗਿੱਲ, ਕਿਸਾਨ ਮੋਰਚਾ ਵਿੱਚ ਸਰਗਰਮ ਭੂਮਿਕਾ ਨਿਭਾ ਰਹੇ ਲੱਖਾ ਸਿਧਾਣਾ, ਫਿਲਮੀ ਅਦਾਕਾਰ ਤੇ ਸ਼ੰਭੂ ਕਿਸਾਨ ਮੋਰਚਾ ਦੇ ਸੰਚਾਲਕ ਦੀਪ ਸਿੱਧੂ ਤੋਂ ਇਲਾਵਾ ਖਾਲਸਾ ਏਡ ਦੇ ਤਜਿੰਦਰਪਾਲ ਸਿੰਘ ਪ੍ਰਿੰਸ ਅਤੇ ਮੁਸਲਿਮ ਵਕੀਲ ਮੋਬਿਨ ਫਾਰੂਕੀ ਕਿਤਾਬ ਰਿਲੀਜ ਸਮਾਗਮ ਦੇ ਮੋਹਰੀਆਂ ਵਿਚੋਂ ਸਨ।

ਸ਼ਹੀਦ ਭਾਈ ਖਾਲੜਾ ਦੀ ਜੀਵਨੀ ਦੇ ਵਿਭਿੰਨ ਮਹੱਤਵਪੂਰਨ ਪਹਿਲੂਆਂ ਨੂੰ ਉਜਾਗਰ ਕਰਦੀ ਇਸ ਕਿਤਾਬ ਨੂੰ ਰਿਲੀਜ ਕਰਨ ਲਈ ਮਨੁੱਖੀ ਹੱਕਾਂ ਲਈ ਲੜੇ ਜਾ ਰਹੇ ਮੌਜੂਦਾ ਦੌਰ ਦੇ ਵੱਡੇ ਅਤੇ ਮਹੱਤਵ ਪੂਰਨ ਸੰਘਰਸ਼ ਕਿਸਾਨ ਮੋਰਚਾ ਸਿੰਘੂ ਬਾਰਡਰ ਨੂੰ ਚੁਣਿਆ ਜਾਣਾ ਮਹੱਤਵਪੂਰਨ ਹੈ। ਇਸ ਮੌਕੇ ਬੋਲਦਿਆਂ ਸਿੱਖ ਚਿੰਤਕ ਡਾ. ਕੰਵਲਜੀਤ ਸਿੰਘ ਨੇ ਸਿੱਖ ਸ਼ਹਾਦਤ ਦੇ ਦਾਰਸ਼ਨਿਕ ਪੱਖ 'ਤੇ ਚਾਨਣਾ ਪਾਉਂਦਿਆਂ ਕਿਹਾ ਕਿ ਸਿੱਖ ਸ਼ਹੀਦ ਪ੍ਰਚੰਡ ਰੂਹਾਨੀ ਪ੍ਰਤੀਤੀ ਸੱਤਿਆ ਨਾਲ ਸ਼ਹਾਦਤ ਨੂੰ ਸੁਚੇਤ ਤੌਰ 'ਤੇ ਚੁਣਦਾ ਹੈ, ਇਸ ਜਾਗ੍ਰਿਤੀ ਨਾਲ ਸਰਸ਼ਾਰ ਤਾਂ ਹੋਇਆ ਜਾ ਸਕਦਾ ਹੈ ਪਰ ਕੋਈ ਦੁਨਿਆਵੀ ਵਿਚਾਰ ਇਸ ਨੂੰ ਭਰਮਾ ਨਹੀਂ ਸਕਦਾ ।

ਕਿਤਾਬ ਦੇ ਲੇਖਕ ਸਰਦਾਰ ਅਜਮੇਰ ਸਿੰਘ ਨੇ ਸ਼ਹੀਦ ਜਸਵੰਤ ਸਿੰਘ ਦੀ ਸ਼ਹਾਦਤ ਦੀ ਅਜੋਕੇ ਦੌਰ ਵਿਚ ਪ੍ਰਸੰਗਿਕਤਾ ਦਰਸਾਉਂਦੇ ਕਿਹਾ ਕਿ ਜਸਵੰਤ ਸਿੰਘ ਖਾਲੜਾ ਨੇ ਜਬਰ ਦਾ ਮੁਕਾਬਲਾ ਸਬਰ ਨਾਲ ਕਰਦਿਆਂ ਸਿੱਖੀ ਦੀ ਗੁਰੂ ਅਰਜਨ ਸਾਹਿਬ, ਗੁਰੂ ਤੇਗ ਬਹਾਦਰ ਸਾਹਿਬ, ਭਾਈ ਮਨੀ ਸਿੰਘ ਦੁਆਰਾ ਸਥਾਪਤ ਰਵਾਇਤ ਨੂੰ ਸ਼ਾਨਦਾਰ ਤਰੀਕੇ ਨਾਲ ਨਿਭਾਇਆ। ਉਨਾਂ ਕਿਹਾ ਕਿ ਖਾਲੜਾ ਸਾਹਿਬ ਨੇ ਕੇਵਲ ਮਨੁੱਖੀ ਹੱਕਾਂ ਦੀ ਉਲੰਘਣਾ ਵਿਰੁੱਧ ਉੱਠਣ ਵਾਲੀ ਅਵਾਜ਼ ਨੂੰ ਜ਼ੁਲਮ ਨਾਲ ਬੰਦ ਕਰਨ ਦੀ ਕਵਾਇਦ ਵਜੋਂ ਸੀਮਤ ਕਰਕੇ ਨਹੀਂ ਵੇਖਿਆ ਬਲਕਿ ਜ਼ਾਲਮ ਵੱਲੋਂ ਇਸ ਆਵਾਜ਼ ਨੂੰ ਝੂਠ ਬੋਲ ਕੇ ਬੰਦ ਕਰਨ ਦੀ ਕਪਟ ਭਰੀ ਚਾਲ ਵਜੋਂ ਵੀ ਵੇਖਿਆ। ਜਿੱਥੇ ਉਨਾਂ ਨੇ ਜ਼ਾਲਮ ਨੂੰ ਵੰਗਾਰਿਆ ਉੱਥੇ ਉਸਦੇ ਕਪਟ ਨੂੰ ਵੀ ਬੇਨਕਾਬ ਕੀਤਾ।

When tired of all treatments for any disease at any age TRY
HOMEOPATHIC
EXPERIENCED CONSULTANT PHYSICIAN SINCE 1973
ਹੋਰ ਇਲਾਜਾਂ ਤੋਂ ਥੱਕ ਗਏ ਹੋ ਤਾਂ ਹੋਮੀਉਪੈਥੀ ਅਜਮਾਉ
WE SELL HOMEOPATHY MEDICINES
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ,
ਖਾਰਿਸ਼, ਮੁਹਾਸੇ, ਵਜਨ ਦਾ ਘਟਣਾ ਜਾਂ ਵਧਣਾ,
ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ

GURDIP SINGH SANDHU
DHMS-Gold Medalist, BAMS,MDEH, INDIA
Ex Principal Homeopathic medical colleges in India,
Prof., Chief Medical Officer,
Ex Member NCH and CA Homeomedical Society
Working under act SB 577 state of CA
American Red Cross
Cell Phone: 408 687 1899
Office: 925 999 8278
7021 village park way Dublin ca 94568
Email: homeomedicine@yahoo.com
ਡਾ ਸੰਧੂ ਦੇ ਲਾਈਵ ਸਿਹਤ ਵਿਗਿਆਨ ਦੇ ਪ੍ਰੋਗਰਾਮ ਸੁਨਣ ਲਈ
ਜੱਸ ਪੰਜਾਬੀ ਟੀ ਵੀ ਤੇ ਰੇਡੀਓ SabRang ਰੋਜ਼ਾਨਾ ਸੁਣੋ
(Download Sub Rang Radio station application)

Homeopathicvibes
We treat Acute and chronic diseases like Asthma, Allergies, Mood swings, Migraine, Anxiety,Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....

Now we have two locations :
940, E. El Camino Real, Sunnyvale, CA 94087
Office : (408) 737-7100 Fax: (408) 737-7102
39039 Paseo Padre Pkwy Suite #209 (upstairs) Fremont CA 94538
www.homeopathicvibes.com
We sell and ship homeopathic remedies through out North America.
ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ
Harminder Singh Gill D.H.M.S;B.C.I.H
(Ex Homeopathic Medical officer Punjab Govt.)

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

Allstate You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**



**PROPERTY ADDRESS: 27022 RIVER ROADM, NEWMAN CA 95360.**



RANJIT SINGH
(Lic: 01922089)

# RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

# ਦਿੱਲੀ ਸਰਹੱਦ 'ਤੇ ਕਿਸਾਨਾਂ ਵੱਲੋਂ ਭੁੱਖ ਹੜਤਾਲ ਕਰਕੇ ਰੋਸ ਪ੍ਰਗਟ

## ✪ ਕਿਸਾਨਾਂ ਵੱਲੋਂ ਦੇਸ਼ ਵਿਆਪੀ ਤਿੱਖੇ ਸੰਘਰਸ਼ ਦੀ ਚਿਤਾਵਨੀ ✪ ਸੁਰੱਖਿਆ ਬਲਾਂ ਨੇ ਘੇਰਾਬੰਦੀ ਕੀਤੀ ਮਜ਼ਬੂਤ

**ਸਿੰਘੂ ਸਰਹੱਦ/ਏ.ਟੀ.ਨਿਊਜ਼:** ਦਿੱਲੀ ਦੁਆਲੇ ਘੇਰਾ ਘੱਤੀ ਬੈਠੇ ਕਿਸਾਨ ਆਗੂਆਂ ਨੇ ਕੇਂਦਰ ਸਰਕਾਰ ਦੇ ਅੜੀਅਲ ਵਤੀਰੇ ਵਿਰੁੱਧ ਰੋਸ ਪ੍ਰਗਟ ਕਰਨ ਲਈ ਵੱਖ-ਵੱਖ ਮੋਰਚਿਆਂ ਉੱਪਰ ਇਕ ਦਿਨ ਲਈ ਭੁੱਖ ਹੜਤਾਲ ਕੀਤੀ ਅਤੇ ਚਿਤਾਵਨੀ ਦਿੱਤੀ ਕਿ ਜੇਕਰ ਕੇਂਦਰ ਸਰਕਾਰ ਨੇ ਕਿਸਾਨ ਸੰਘਰਸ਼ ਨੂੰ ਬਦਨਾਮ ਕਰਨ ਦੀ ਨੀਤੀ ਛੱਡ ਕੇ ਕਿਸਾਨ ਵਿਰੋਧੀ ਤਿੰਨੇ ਕਾਨੂੰਨ ਵਾਪਸ ਨਾ ਲਏ ਤਾਂ ਉਸ ਨੂੰ ਦੇਸ਼ ਵਿਆਪੀ ਤਿੱਖੇ ਸੰਘਰਸ਼ ਦਾ ਸਾਹਮਣਾ ਕਰਨਾ ਪਵੇਗਾ। ਸਿੰਘੂ ਬਾਰਡਰ ਵਿਖੇ 32 ਜਥੇਬੰਦੀਆਂ ਦੇ ਸਾਂਝੇ ਮੰਚ ਦੀ ਸਟੇਜ ਉੱਪਰ ਇਨਾਂ ਜਥੇਬੰਦੀਆਂ ਦੇ ਆਗੂਆਂ ਨਾਲ ਹਰਿਆਣਾ ਬੀ.ਕੇ.ਯੂ. ਦੇ ਪ੍ਰਧਾਨ ਗੁਰਨਾਮ ਸਿੰਘ ਚੜੂਨੀ, ਉੱਤਰ ਪ੍ਰਦੇਸ਼ ਦੇ ਹਿਮਾਂਸ਼ੂ ਤਿਵਾੜੀ ਤੇ ਓਡੀਸਾ ਦੇ ਕਿਸਾਨ ਆਗੂ ਅਕਸ਼ੇ ਕੁਮਾਰ ਨੇ ਵੀ ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ ਕੀਤੀ ਭੁੱਖ ਹੜਤਾਲ ਵਿਚ ਹਿੱਸਾ ਲਿਆ। ਇੱਥੇ ਹੀ ਜੀ.ਟੀ.ਰੋਡ ਉੱਪਰ ਹੀ ਵੱਖਰੀ ਸਟੇਜ ਲਗਾ ਕੇ ਬੈਠੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਆਗੂ ਸਤਨਾਮ ਸਿੰਘ ਪੰਨੂੰ, ਸਰਵਣ ਸਿੰਘ ਪੰਧੇਰ ਤੇ ਸਾਥੀਆਂ ਨੇ ਭੁੱਖ ਹੜਤਾਲ ਕੀਤੀ। ਸਿੰਘੂ ਬਾਰਡਰ ਦੇ ਮੁੱਖ ਮੰਚ 'ਤੇ 35 ਆਗੂਆਂ ਨੇ ਅਰਦਾਸ ਨਾਲ ਭੁੱਖ ਹੜਤਾਲ ਖੋਲਣ ਦਾ ਐਲਾਨ ਕੀਤਾ। ਇਸ ਮੰਚ ਉੱਪਰ ਭੁੱਖ ਹੜਤਾਲ 'ਚ ਸ਼ਾਮਿਲ ਹੋਣ ਵਾਲਿਆਂ ਵਿਚ ਬਲਬੀਰ ਸਿੰਘ ਰਾਜੇਵਾਲ, ਜਗਜੀਤ ਸਿੰਘ ਡੱਲੇਵਾਲ, ਹਰਮੀਤ ਸਿੰਘ ਕਾਦੀਆਂ, ਮਨਜੀਤ ਸਿੰਘ ਆਦਿ ਸ਼ਾਮਿਲ ਸਨ।

**ਕਿਸਾਨ ਆਗੂਆਂ ਦਾ ਸਖ਼ਤ ਵਤੀਰਾ**

ਭੁੱਖ ਹੜਤਾਲ ਦੌਰਾਨ ਸਿੰਘੂ ਬਾਰਡਰ ਦੀ ਸਟੇਜ ਉੱਪਰ ਬੋਲਣ ਵਾਲੇ ਲਗਭਗ ਸਾਰੇ ਹੀ ਆਗੂਆਂ ਦਾ ਵਤੀਰਾ ਕਾਫ਼ੀ ਸਖ਼ਤ ਰਿਹਾ। ਉਨਾਂ ਕੇਂਦਰੀ ਮੰਤਰੀਆਂ ਦੀ ਸਖ਼ਤ ਆਲੋਚਨਾ ਕਰਦਿਆਂ ਕਿਹਾ ਕਿ ਉਹ ਇਕ ਪਾਸੇ ਤਾਂ ਸਾਡੇ ਨਾਲ ਗੱਲਬਾਤ ਦੀਆਂ ਗੱਲਾਂ ਕਰ ਰਹੇ ਹਨ ਤੇ ਦੂਜੇ ਪਾਸੇ ਸਾਡੇ ਸੰਘਰਸ਼ ਨੂੰ ਅਨੇਕ ਤਰਾਂ ਦੇ ਗ਼ਲਤ ਨਾਂਅ ਦੇ ਕੇ ਬਦਨਾਮ ਕਰਨ ਤੇ ਕਿਸਾਨ ਸੰਘਰਸ਼ ਨੂੰ ਕਮਜ਼ੋਰ ਕਰਨ ਲਈ ਭਾਜਪਾ ਵਰਕਰਾਂ ਨੂੰ ਸੱਦ ਕੇ ਕਿਸਾਨ ਸੰਗਠਨਾਂ ਦਾ ਨਾਂਅ ਦੇ ਰਹੇ ਹਨ। ਮੰਚ ਤੋਂ ਫੇਰ ਸਭ ਆਗੂਆਂ ਨੇ ਇਕਸੁਰ ਹੋ ਕੇ ਇਹੋ ਗੱਲ ਆਖੀ ਕਿ ਤਿੰਨੇ ਕਾਨੂੰਨ ਰੱਦ ਕਰਵਾਏ ਬਗੈਰ ਕੋਈ ਸਮਝੌਤਾ ਨਹੀਂ। ਮੰਚ ਤੋਂ ਬੋਲਦਿਆਂ ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਮੈਂ ਦਿੱਲੀ ਵਿਚ ਸੁਪਰੀਮ ਕੋਰਟ ਦੇ ਵਕੀਲਾਂ ਨਾਲ ਵਿਚਾਰ-ਵਟਾਂਦਰਾ ਕਰਕੇ ਆਇਆ ਹਾਂ ਤੇ ਉਨਾਂ ਦਾ ਕਹਿਣਾ ਹੈ ਕਿ ਖੇਤੀ ਕਾਨੂੰਨ ਪਾਸ ਕਰਕੇ ਭਾਰਤੀ ਸੰਵਿਧਾਨ ਦੀ ਉਲੰਘਣਾ ਕੀਤੀ ਗਈ ਹੈ। ਰਾਜੇਵਾਲ ਨੇ ਜ਼ੋਰ ਦੇ ਕੇ ਕਿਹਾ ਕਿ ਜੇਕਰ ਅਸੀਂ ਤਜਵੀਜ਼ਾਂ ਨਾਲ ਇਹ ਕਾਨੂੰਨ ਪ੍ਰਵਾਨ ਕਰ ਲਏ ਤਾਂ ਖੇਤੀ ਵਿਸ਼ੇ ਉੱਤੇ ਕੇਂਦਰ ਸਰਕਾਰ ਦੀ ਮੋਹਰ ਲੱਗ ਜਾਵੇਗੀ ਤੇ ਫਿਰ ਉਹ ਖੇਤੀ ਮਾਮਲਿਆਂ ਬਾਰੇ ਜਦ ਮਰਜ਼ੀ ਨੋਟੀਫ਼ਿਕੇਸ਼ਨ ਰਾਹੀਂ ਤਬਦੀਲੀ ਕਰ ਸਕੇਗੀ ਅਤੇ ਖੇਤੀ ਵਿਸ਼ਾ ਰਾਜਾਂ ਤੋਂ ਖੋਹ ਲਿਆ ਜਾਵੇਗਾ। ਇਸ ਕਰਕੇ ਖੇਤੀ ਵਿਸ਼ੇ ਨੂੰ ਸੂਬਿਆਂ ਦੀ ਸੂਚੀ ਵਿਚ ਹੀ ਰੱਖਣ ਲਈ ਇਹ ਤਿੰਨੇ ਕਾਨੂੰਨ ਰੱਦ ਕਰਵਾਉਣੇ ਬੇਹੱਦ ਜ਼ਰੂਰੀ ਹਨ। ਉਨਾਂ ਕਿਹਾ ਕਿ ਕਿਸਾਨ ਸੰਘਰਸ਼ ਹੁਣ ਪੰਜਾਬ ਦਾ ਨਹੀਂ, ਸਗੋਂ ਪੂਰੇ ਭਾਰਤ ਵਿਚ ਫੈਲ ਰਿਹਾ ਹੈ ਤੇ ਸਰਕਾਰ ਦੀ ਕਿਸਾਨਾਂ ਤੇ ਹੋਰ ਲੋਕਾਂ ਨੂੰ ਗੁੰਮਰਾਹ ਕਰਨ ਦੀ ਸਾਜ਼ਿਸ਼ ਕਾਮਯਾਬ ਨਹੀਂ ਹੋਵੇਗੀ।



**ਸਿੰਘੂ ਬਾਰਡਰ ਵਿਖੇ ਸੁਰੱਖਿਆ ਬਲਾਂ ਦੀ ਘੇਰਾਬੰਦੀ ਤੇਜ਼**

ਸਿੰਘੂ ਬਾਰਡਰ ਵਿਖੇ ਮੁੱਖ ਕਿਸਾਨ ਮੋਰਚੇ ਦੇ ਦਿੱਲੀ ਵਾਲੇ ਪਾਸੇ ਪੁਲਿਸ ਵੱਲੋਂ ਰੁਕਾਵਟਾਂ ਖੜੀਆਂ ਕਰਨ ਕਰਕੇ ਜੀ.ਟੀ.ਰੋਡ ਉੱਪਰੋਂ ਆਵਾਜਾਈ ਤਾਂ ਪਹਿਲਾਂ ਤੋਂ ਹੀ ਬੰਦ ਹੈ ਪਰ ਹੁਣ ਮੋਰਚੇ ਦੀ ਗਿਣਤੀ ਲਗਾਤਾਰ ਵਾਧੇ ਤੋਂ ਬਾਅਦ ਪੁਲਿਸ ਤੇ ਅਰਧ ਫ਼ੌਜੀ ਦੀ ਗਿਣਤੀ ਵੀ ਵਧਾ ਦਿੱਤੀ ਹੈ ਤੇ ਰੁਕਾਵਟਾਂ ਵੀ ਤਿੰਨ ਪਰਤਾਂ ਵਿਚ ਖੜੀਆਂ ਕਰ ਦਿੱਤੀਆਂ ਹਨ। ਹੁਣ ਸੁਰੱਖਿਆ ਬਲਾਂ ਨੇ ਸਲੈਬਾਂ ਲਗਾ ਕੇ ਤਿੰਨ ਥਾਂ ਰੁਕਾਵਟਾਂ ਖੜੀਆਂ ਕਰ ਦਿੱਤੀਆਂ ਹਨ ਅਤੇ ਸ਼ੰਭੂ ਬਾਰਡਰ ਉੱਪਰ ਬੈਰੀਕੇਡ ਪੁੱਟ ਕੇ ਘੱਗਰ 'ਚ ਸੁੱਟੇ ਜਾਣ ਦੇ ਤਜਰਬੇ ਤੋਂ ਸਿੱਖਦਿਆਂ ਸਾਰੇ ਬੈਰੀਕੇਡਾਂ ਨੂੰ ਇਕ-ਦੂਜੇ ਨਾਲ ਮੋਟੇ ਸੰਗਲ਼ਾਂ ਨਾਲ ਬੰਨ ਕੇ ਵੱਡੇ ਜਿੰਦਰੇ ਲਗਾ ਦਿੱਤੇ ਹਨ। ਪੁਲਿਸ ਨੂੰ ਵੱਡੀ ਦਿੱਕਤ ਇਹ ਆ ਰਹੀ ਹੈ ਕਿ ਪਿੱਛੇ ਮੁੱਖ ਮੰਚ ਹੈ ਤੇ ਅੱਗੇ ਗੁਰੂ ਤੇਗ ਬਹਾਦਰ ਮਿਊਜ਼ਿਅਮ ਸਾਹਮਣੇ ਕਿਸਾਨ ਸੰਘਰਸ਼ ਕਮੇਟੀ ਵਾਲੇ ਬੈਠੇ ਹਨ ਤੇ ਸੁਰੱਖਿਆ ਬਲ ਵਿਚਕਾਰ ਘਿਰੇ ਹੋਏ ਅਤੇ ਉਨਾਂ ਨੇ ਤਿੰਨ ਪਾਸੇ ਤੋਂ ਆਪਣੇ-ਆਪ ਨੂੰ ਵੀ ਬੈਰੀਕੇਡ ਖੜੇ ਕਰਕੇ ਸੁਰੱਖਿਅਤ ਕੀਤਾ ਹੋਇਆ ਹੈ।

**ਮਾਇਆ ਦਾਨ ਕਰਨ ਵਾਲਿਆਂ ਦੀਆਂ ਕਤਾਰਾਂ**

ਸਿੰਘੂ ਬਾਰਡਰ ਮੰਚ ਉੱਪਰ ਆਪ ਮੁਹਾਰੇ ਪੰਜਾਬ, ਹਰਿਆਣਾ ਤੇ ਦਿੱਲੀ ਤੋਂ ਲੋਕ ਮਾਇਆ ਦਾਨ ਕਰਨ ਆ ਰਹੇ ਹਨ। ਖੇਤੀ ਕਾਨੂੰਨਾਂ ਖ਼ਿਲਾਫ਼ ਜਾਰੀ ਕਿਸਾਨ ਅੰਦੋਲਨ ਦੌਰਾਨ ਕਿਸਾਨ ਜਥੇਬੰਦੀਆਂ ਵੱਲੋਂ ਦੇਸ਼ ਭਰ ਵਿਚ ਜ਼ਿਲਾ ਹੈੱਡ ਕੁਆਰਟਰਾਂ 'ਤੇ ਪ੍ਰਦਰਸ਼ਨ ਕੀਤੇ ਗਏ ਅਤੇ ਧਰਨੇ ਦਿੱਤੇ ਗਏ। ਪੁਣੇ ਵਿਖੇ ਕਾਂਗਰਸੀ ਵਰਕਰਾਂ ਵੱਲੋਂ ਕਿਸਾਨਾਂ ਦੇ ਸਮਰਥਨ ਅਤੇ ਖੇਤੀ ਕਾਨੂੰਨਾਂ ਖ਼ਿਲਾਫ਼ ਕੇਂਦਰੀ ਮੰਤਰੀ ਪ੍ਰਕਾਸ਼ ਜਾਵੜੇਕਰ ਦੇ ਘਰ ਦੇ ਬਾਹਰ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਪੁਲਿਸ ਨੇ ਕਾਰਵਾਈ ਕਰਦਿਆਂ ਕੁਝ ਵਿਅਕਤੀਆਂ ਨੂੰ ਹਿਰਾਸਤ ਵਿਚ ਲਿਆ ਅਤੇ ਬਾਅਦ ਵਿਚ ਉਨਾਂ ਨੂੰ ਰਿਹਾਅ ਕਰ ਦਿੱਤਾ ਗਿਆ।

**ਕੈਨੇਡਾ ਸਮਰਥਨ ਕਰ ਕੇ ਭਾਰਤ ਔਖਾ**

ਭਾਰਤ ਦੇ ਕਿਸਾਨਾਂ ਦੇ ਚੱਲ ਰਹੇ ਪ੍ਰਦਰਸ਼ਨ ਬਾਰੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਬਿਆਨ ਨੂੰ ਭਾਰਤੀ ਸਫ਼ੀਰਾਂ ਦੇ ਸਮੂਹ ਨੇ 'ਬੇਲੋੜਾ, ਜ਼ਮੀਨੀ ਸਚਾਈਆਂ ਤੋਂ ਦੂਰ ਅਤੇ ਕੇਵਲ ਬਲਦੀ ਵਿੱਚ ਘਿਓ ਪਾਉਣ ਦੇ ਬਰਾਬਰ' ਕਰਾਰ ਦਿੱਤਾ ਹੈ। ਇਨਾਂ ਸਫ਼ੀਰਾਂ ਨੇ ਦਾਅਵਾ ਕੀਤਾ ਕਿ ਕੈਨੇਡਾ ਦੇ ਸਮਰਥਨ ਨਾਲ ਪ੍ਰਦਰਸ਼ਨਕਾਰੀਆਂ ਨੇ ਆਪਣਾ ਰੁਖ਼ ਹੋਰ ਸਖ਼ਤ ਕਰ ਲਿਆ ਹੈ। ਉਨਾਂ ਕਿਹਾ ਕਿ ਕੈਨੇਡਾ ਦੀਆਂ ਕੁਝ ਸਿਆਸੀ ਪਾਰਟੀਆਂ ਅਤੇ ਆਗੂਆਂ ਵੱਲੋਂ 'ਵੋਟ ਬੈਂਕ ਰਾਜਨੀਤੀ' ਕਰਨ ਕਰਕੇ ਕੀਤੇ ਪ੍ਰਚਾਰ ਨਾਲ 'ਦੁਵੱਲੇ ਸਿਆਸੀ ਸਮੀਕਰਨਾਂ ਵਿਚਾਲੇ ਤਣਾਅ ਵਧਿਆ ਹੈ।' ਉਨਾਂ ਕਿਹਾ ਕਿ ਇਸ ਤੋਂ ਸਭ ਭਲੀਭਾਂਤ ਜਾਣੂ ਹਨ ਕਿ ਵੱਖਵਾਦੀਆਂ ਅਤੇ ਹਿੰਸਕ ਖ਼ਾਲਿਸਤਾਨੀ ਤੱਤਾਂ ਵੱਲੋਂ ਕੈਨੇਡਾ ਦੀ ਸੁਰੱਖਿਅਤ ਧਰਤੀ ਤੋਂ ਭਾਰਤ-ਵਿਰੋਧੀ ਗਤੀਵਿਧੀਆਂ ਨੂੰ ਅੰਜਾਮ ਦਿੱਤਾ ਜਾਂਦਾ ਹੈ। 'ਭਾਰਤੀ ਸਫ਼ੀਰਾਂ ਦੇ ਸਮੂਹ', ਜਿਸ ਵਿੱਚ ਸਾਬਕਾ ਸਫ਼ੀਰ ਵਿਸ਼ਨੂੰ ਪ੍ਰਕਾਸ਼, ਅਜੇ ਸਵਰੂਪ, ਜੀ.ਐਸ. ਅਈਅਰ ਅਤੇ ਐਸ.ਕੇ. ਮਾਥੁਰ ਸ਼ਾਮਲ ਹਨ, ਵੱਲੋਂ ਲਿਖੇ ਖੁੱਲੇ ਪੱਤਰ ਵਿੱਚ ਟਰੂਡੋ ਨੂੰ ਨਿਸ਼ਾਨਾ ਬਣਾਉਂਦਿਆਂ ਕਿਹਾ ਗਿਆ ਕਿ ਲਿਬਰਲ ਪਾਰਟੀ ਦੇ ਵੋਟਰ ਆਧਾਰ ਦੇ ਕੁਝ ਹਿੱਸੇ ਨੂੰ ਖ਼ੁਸ਼ ਕਰਨ ਲਈ ਭਾਰਤ ਦੇ ਅੰਦਰੂਨੀ ਮਾਮਲਿਆਂ ਵਿੱਚ ਕੀਤੀ ਸਿੱਧੀ ਦਖ਼ਲਅੰਦਾਜ਼ੀ ਪੂਰੀ ਤਰਾਂ ਨਾਲ ਨਾ-ਮਨਜ਼ੂਰ ਹੈ ਅਤੇ ਲੰਬੇ ਸਮੇਂ ਵਿੱਚ ਇਸ ਦਾ ਪਰਛਾਵਾਂ ਦੁਵੱਲੇ ਸਬੰਧਾਂ 'ਤੇ ਪਵੇਗਾ। ਖ਼ਾਲਿਸਤਾਨ-ਪੱਖੀ ਤੱਤਾਂ ਦੀਆਂ ਗਤੀਵਿਧੀਆਂ 'ਤੇ ਚਿੰਤਾ ਪ੍ਰਗਟ ਕਰਦਿਆਂ ਬਿਆਨ ਵਿੱਚ ਕਿਹਾ ਗਿਆ ਕਿ ਉਨਾਂ ਵੱਲੋਂ ਕੈਨੇਡਾ ਦੀ ਜਵਾਨੀ ਨੂੰ ਵੀ ਕੱਟੜ ਬਣਾਇਆ ਜਾ ਰਿਹਾ ਹੈ, ਜਿਸ ਦੇ ਲੰਬੇ ਸਮੇਂ ਵਿੱਚ ਗੰਭੀਰ ਸਿੱਟੇ ਨਿਕਲਣਗੇ ਅਤੇ ਇਸ ਨੂੰ ਥੋੜੇ ਸਮੇਂ ਦੀ ਸਿਆਸੀ ਕਾਹਲ ਵਿੱਚ ਅਣਗੌਲਿਆ ਕੀਤਾ ਜਾ ਰਿਹਾ ਹੈ। ਉਨਾਂ ਇਹ ਵੀ ਕਿਹਾ ਕਿ ਪਰਦੇ ਪਿੱਛੇ ਖ਼ਾਲਿਸਤਾਨੀਆਂ ਤੇ ਪਾਕਿਸਤਾਨੀਆਂ ਦੇ ਕੂਟਨੀਤਕ ਅਹੁਦਿਆਂ ਵਿਚਾਲੇ ਸਹਿਯੋਗ ਵੀ ਚੱਲ ਰਿਹਾ ਹੈ।

**ਟਿਕਰੀ ਤੇ ਸਿੰਘੂ ਬਾਰਡਰ 'ਤੇ ਤਰਕਸ਼ੀਲ ਸਾਹਿਤ ਵੰਡਿਆ**

ਤਰਕਸ਼ੀਲ ਸੁਸਾਇਟੀ ਪੰਜਾਬ ਨੇ ਦਿੱਲੀ ਵਿੱਚ ਚੱਲ ਰਹੇ ਕਿਸਾਨ ਮੋਰਚਿਆਂ ਵਿੱਚ ਪੁੱਜ ਕੇ ਜਿੱਥੇ ਕਿਸਾਨ ਸੰਘਰਸ਼ ਦੀ ਹਮਾਇਤ ਕੀਤੀ ਹੈ, ਉੱਥੇ ਹੀ ਤਕਰੀਬਨ 6 ਲੱਖ ਰੁਪਏ ਦੇ ਤਰਕਸ਼ੀਲ ਸਾਹਿਤ ਦਾ ਲੰਗਰ ਲਾ ਕੇ ਸੰਘਰਸ਼ ਵਿੱਚ ਹਿੱਸਾ ਪਾਇਆ। ਤਰਕਸ਼ੀਲ ਸੁਸਾਇਟੀ ਦੇ ਲੁਧਿਆਣਾ ਜ਼ੋਨ ਦੇ ਜਥੇਬੰਦਕ ਮੁਖੀ ਜਸਵੰਤ ਜੀਰਖ ਨੇ ਦੱਸਿਆ ਕਿ ਲੁਧਿਆਣਾ ਜ਼ੋਨ ਦੀਆਂ ਜਗਰਾਓਂ, ਕੁਹਾੜਾ, ਖੰਨਾ, ਜਰਗ, ਮਾਲੇਰਕੋਟਲਾ, ਲੁਧਿਆਣਾ ਆਦਿ ਇਕਾਈਆਂ ਦੇ ਤਰਕਸ਼ੀਲ ਮੈਂਬਰ ਕ੍ਰਮਵਾਰ ਕਰਤਾਰ ਸਿੰਘ, ਸੂਬਾ ਆਗੂ ਮਾਸਟਰ ਤਰਲੋਚਨ ਸਮਰਾਲਾ, ਡਾ. ਹਰਜੀਤ ਸਿੰਘ, ਨਛੱਤਰ ਸਿੰਘ, ਮੋਹਣ ਸਿੰਘ ਬਡਲਾ, ਜਸਵੰਤ ਜੀਰਖ ਦੀ ਅਗਵਾਈ ਹੇਠ ਇਸ ਸੰਘਰਸ਼ ਵਿੱਚ 12 ਤੇ 13 ਦਸੰਬਰ ਨੂੰ ਸ਼ਾਮਲ ਹੋਏ। ਪੰਜਾਬ ਭਰ ਵਿੱਚੋਂ ਤਰਕਸ਼ੀਲ ਮੈਂਬਰਾਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ ਤੇ ਤਰਕਸ਼ੀਲ ਸਾਹਿਤ ਦੀ ਭਰੀ ਵੈਨ ਮਾਸਟਰ ਰਾਜਿੰਦਰ ਭਦੌੜ ਸੂਬਾ ਜਥੇਬੰਦਕ ਮੁਖੀ ਦੀ ਦੇਖ ਰੇਖ ਹੇਠ ਇਸ ਮੋਰਚੇ ਵਿੱਚ ਪੁੱਜੀ, ਜਿੱਥੇ ਕਿਸਾਨਾਂ ਨੇ ਇਹ ਸਾਹਿਤ ਪੜਨ ਵਿੱਚ ਦਿਲਚਸਪੀ ਦਿਖਾਈ।

# ਕਿਸਾਨੀ ਖ਼ਿਲਾਫ਼ ਮਾੜਾ ਕਦਮ ਚੁੱਕਣ ਦਾ ਸਵਾਲ ਹੀ ਨਹੀਂ: ਰਾਜਨਾਥ



**ਨਵੀਂ ਦਿੱਲੀ /ਏ.ਟੀ.ਨਿਊਜ਼:** ਕਿਸਾਨਾਂ ਵੱਲੋਂ ਖੇਤੀ ਕਾਨੂੰਨਾਂ ਖ਼ਿਲਾਫ਼ ਸੰਘਰਸ਼ ਤੇਜ਼ ਕਰਨ ਵਿਚਾਲੇ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਕਿ ਖੇਤੀ ਸੈਕਟਰ 'ਮਾਂ' ਵਰਗਾ ਹੈ ਅਤੇ ਇਸ ਖ਼ਿਲਾਫ਼ ਕੋਈ ਵੀ ਮਾੜਾ ਕਦਮ ਚੁੱਕਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਉਦਯੋਗਿਕ ਚੈਂਬਰ 'ਫਿੱਕੀ' ਦੀ ਸਾਲਾਨਾ ਆਮ ਮੀਟਿੰਗ ਨੂੰ ਸੰਬੋਧਨ ਕਰਦਿਆਂ ਰਾਜਨਾਥ ਸਿੰਘ ਨੇ ਕਿਹਾ ਕਿ ਖੇਤੀ ਖੇਤਰ ਵਿਚ ਹਾਲ ਹੀ 'ਚ ਕਿਸਾਨਾਂ ਦੇ ਹਿੱਤਾਂ ਨੂੰ ਧਿਆਨ ਵਿਚ ਰੱਖ ਕੇ ਸੁਧਾਰ ਕੀਤੇ ਗਏ ਹਨ ਅਤੇ ਸਰਕਾਰ ਹਮੇਸ਼ਾ ਵਿਚਾਰ ਚਰਚਾ 'ਤੇ ਗੱਲਬਾਤ ਲਈ ਤਿਆਰ ਹੈ। ਰੱਖਿਆ ਮੰਤਰੀ ਨੇ ਕਿਹਾ, 'ਅਸੀਂ ਆਪਣੇ ਕਿਸਾਨ ਭਰਾਵਾਂ ਦੀ ਗੱਲ ਸੁਣਨ ਲਈ ਹਮੇਸ਼ਾ ਤਿਆਰ ਹਾਂ। ਉਨਾਂ ਦੇ ਸ਼ੰਕੇ ਦੂਰ ਕਰਨ ਲਈ ਹਰ ਉਹ ਭਰੋਸਾ ਦੇਣ ਲਈ ਤਿਆਰ ਹਾਂ ਜੋ ਅਸੀਂ ਦੇ ਸਕਦੇ ਹਾਂ। ਸਾਡੀ ਸਰਕਾਰ ਵਾਰਤਾ ਤੇ ਚਰਚਾ ਲਈ ਹਮੇਸ਼ਾ ਤਿਆਰ ਹੈ।' ਉਨਾਂ ਕਿਹਾ ਖੇਤੀ ਇੱਕ ਅਜਿਹਾ ਖੇਤਰ ਹੈ ਜੋ ਕਰੋਨਾਵਾਇਰਸ ਮਹਾਮਾਰੀ ਦੇ ਮਾੜੇ ਪ੍ਰਭਾਵਾਂ ਤੋਂ ਬਚਣ ਦੇ ਸਮਰੱਥ ਰਿਹਾ। ਉਨਾਂ ਕਿਹਾ, 'ਸਾਡੀਆਂ ਫ਼ਸਲਾਂ ਤੇ ਉਨਾਂ ਦੀ ਖਰੀਦ ਢੁਕਵੀਂ ਮਾਤਰਾ ਵਿਚ ਹੈ ਅਤੇ ਸਾਡੇ ਗੁਦਾਮ ਭਰੇ ਹੋਏ ਹਨ।'


Buying or Selling home in Sacramento??

ਸੈਕਰਾਮੈਂਟੋ ਏਰੀਆ ਵਿਚ ਘਰ ਖ਼ਰੀਦਣ ਜਾਂ ਵੇਚਣ ਲਈ ਵਿਸ਼ਾਲ ਕਪੂਰ ਨੂੰ ਕਾਲ ਕਰੋ।

MOBILE 916-513-8094




Put my knowledge, Service, experience and professionalism to work for you.



Buying or selling home in Sacramento?

Call 916-513-8094 for free consultation (PUNJABI/ENGLISH/HINDI)

ਸੈਕਰਾਮੈਂਟੋ ਏਰੀਆ ਵਿਚ ਘਰ ਖ਼ਰੀਦਣ ਜਾਂ ਵੇਚਣ ਲਈ ਵਿਸ਼ਾਲ ਕਪੂਰ ਨੂੰ ਕਾਲ ਕਰੋ।

MOBILE. 916-513-8094. OFFICE 916-993-8680 EXT.1102
EMAIL realtor.vkapoor@gmail.com Web. www.hsicarerealty.com
9355 E. Stockton Blvd. suite 170, Elk Grove, CA 95864

VISHAL KAPOOR
Realtor®
DRE#02087894

# ਭਾਜਪਾ ਦੇ ਨਿਸ਼ਾਨੇ ਉਪਰ ਖਬੇਪਖੀ ਯੂਨੀਅਨਾਂ ਦੇ ਲੀਡਰ

**✪ ਕਿਸਾਨ ਅੰਦੋਲਨ ਵਿਚ 'ਟੁਕੜੇ-ਟੁਕੜੇ ਗੈਂਗ' ਨਾਲ ਸਰਕਾਰ ਸਖ਼ਤੀ ਨਾਲ ਨਜਿੱਠੇਗੀ- ਕੇਂਦਰੀ ਮੰਤਰੀ ਰਵੀਸ਼ੰਕਰ ✪ ਕਿਸਾਨ ਅੰਦੋਲਨ ਪਿੱਛੇ ਪਾਕਿਸਤਾਨ ਅਤੇ ਚੀਨ- ਕੇਂਦਰੀ ਮੰਤਰੀ ਰਾਓ ਸਾਹਿਬ ✪ ਸਮਾਜ ਵਿਰੋਧੀ ਤੇ ਖੱਬੇਪੱਖੀ ਅਤੇ ਮਾਓਵਾਦੀ ਲੋਕ ਕਿਸਾਨਾਂ ਦੇ ਮੰਚ ਦਾ ਲਾਹਾ ਲੈਣਾ ਚਾਹੁੰਦੇ ਨੇ : ਤੋਮਰ ✪ ਅੰਦੋਲਨ ਵਿੱਚ ਖੱਬੇਪੱਖੀ ਤੇ ਮਾਓਵਾਦੀ ਤੱਤ ਵੜ ਗਏ : ਪਿਊਸ਼**

**ਦਿੱਲੀ/ਏ.ਟੀ.ਨਿਊਜ਼:** ਮੋਦੀ ਸਰਕਾਰ ਦੇ ਨਿਸ਼ਾਨੇ ਉਪਰ ਕੁਝ ਖੱਬੇਪੱਖੀ ਕਿਸਾਨ ਯੂਨੀਅਨ ਵਾਲੇ ਆ ਚੁਕੇ ਹਨ ਜੋ ਇਸ ਕਿਸਾਨ ਅੰਦੋਲਨ ਰਾਹੀਂ ਖਬੇ ਪਖੀ ਏਜੰਡਾ ਸਿਰਜਣਾ ਚਾਹੁੰਦੇ ਹਨ ਤੇ ਕੇਂਦਰ ਸਰਕਾਰ ਨੂੰ ਅੰਦੋਲਨ ਉਪਰ ਕਾਰਵਾਈ ਦਾ ਹਥਿਆਰ ਦੇ ਰਹੇ ਹਨ। ਮੋਦੀ ਸਰਕਾਰ ਨੇ ਇਸ ਪੱਖ ਨੂੰ ਆਧਾਰ ਬਣਾਕੇ ਕਿਸਾਨ ਅੰਦੋਲਨ ਦੀ ਬਦਨਾਮੀ ਕਰਨ ਲਈ ਹਮਲਾ ਵਿਢਿਆ ਹੋਇਆ ਹੈ।ਕੇਂਦਰੀ ਮੰਤਰੀ ਰਵੀਸ਼ੰਕਰ ਪ੍ਰਸਾਦ ਨੇ ਪਟਨਾ ਵਿੱਚ ਕਿਹਾ ਕਿ ਨਵੇਂ ਖੇਤੀ ਕਾਨੂੰਨਾਂ ਦੇ ਵਿਰੋਧ ਵਿੱਚ ਜਾਰੀ ਕਿਸਾਨ ਅੰਦੋਲਨ ਦੀ ਓਟ ਵਿੱਚ ਆਪਣਾ ਮੁਫ਼ਾਦ ਕੱਢਣ ਦੇ ਯਤਨ ਵਿੱਚ ਲੱਗੇ 'ਟੁਕੜੇ-ਟੁਕੜੇ ਗੈਂਗ' ਨਾਲ ਸਖ਼ਤੀ ਨਾਲ ਨਜਿੱਠੇਗੀ। ਇਹ ਸ਼ਬਦ ਉਨਾਂ ਨੇ ਬਿਹਾਰ ਵਿੱਚ ਖੇਤੀ ਕਾਨੂੰਨਾਂ ਦਾ ਪ੍ਰਚਾਰ ਕਰਨ ਲਈ ਭਾਜਪਾ ਦੇ ਦੇਸ਼ ਵਿਆਪੀ ਪ੍ਰੋਗਰਾਮ 'ਕਿਸਾਨ ਚੌਪਾਲ ਸੰਮੇਲਨ' ਦੀ ਸ਼ੁਰੂਆਤ ਕਰਦਿਆਂ ਬਖ਼ਤਿਆਰਪੁਰ ਵਿਧਾਨ ਸਭਾ ਹਲਕੇ ਵਿੱਚ ਬੋਲਦਿਆਂ ਕਹੇ। ਉਨਾਂ ਨੇ ਕਿਹਾ, ਉਹ ਕਹਿ ਰਹੇ ਹਨ ਕਿ ਜਦੋਂ ਤੱਕ ਇਹ ਕਾਨੂੰਨ ਵਾਪਸ ਨਹੀਂ ਹੁੰਦੇ ਉਹ ਅੰਦੋਲਨ ਵਾਪਸ ਨਹੀਂ ਲੈਣਗੇ। ਅਸੀਂ ਕਹਿਣਾ ਚਾਹੁੰਦੇ ਹਾਂ ਕਿ ਮੋਦੀ ਸਰਕਾਰ ਕਿਸਾਨਾਂ ਦਾ ਸਤਿਕਾਰ ਕਰਦੀ ਹੈ ਪਰ ਸਾਫ਼ ਕਰ ਦੇਣਾ ਚਾਹੁੰਦੇ ਹਾਂ ਕਿ ਕਿਸਾਨ ਅੰਦੋਲਨ ਦਾ ਲਾਹਾ ਚੁੱਕਣ ਦੀ ਕੋਸ਼ਿਸ਼ ਕਰ ਰਹੇ ਟੁਕੜੇ-ਟੁਕੜੇ ਗੈਂਗ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।' ਉਨਾਂ ਨੇ ਕਿਹਾ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਲੋਕ ਕੌਣ ਹਨ ਜੋ ਦੇਸ਼ ਨੂੰ ਤੋੜਨ ਭਾਸ਼ਾ ਬੋਲ ਰਹੇ ਹਨ। ਹੁਣ ਉਨਾਂ ਅਖੌਤੀ ਬੁੱਧੀਜੀਵੀਆਂ ਨੂੰ ਰਿਹਾਅ ਕਰਨ ਦੀਆਂ ਮੰਗਾਂ ਕੀਤੀਆਂ ਹਨ ਜੋ ਦੰਗਿਆਂ ਵਿੱਚ ਸ਼ਮੂਲੀਅਤ ਕਾਰਨ ਦਿੱਲੀ ਅਤੇ ਮਹਾਰਾਸ਼ਟਰ ਦੀਆਂ ਜੇਲਾਂ ਵਿੱਚ ਬੰਦ ਹਨ। ਇਸ ਤੋਂ ਪਹਿਲਾਂ ਕੇਂਦਰੀ ਖੇਤੀ ਮੰਤਰੀ ਨਰਿੰਦਰ ਸਿੰਘ ਤੋਮਰ ਵੀ ਕਹਿ ਚੁੱਕੇ ਹਨ ਕਿ ਸਮਾਜ ਵਿਰੋਧੀ ਅਤੇ ਖੱਬੇਪੱਖੀ ਅਤੇ ਮਾਓਵਾਦੀ ਲੋਕ ਕਿਸਾਨਾਂ ਦੇ ਮੰਚ ਦਾ ਲਾਹਾ ਲੈਣਾ ਚਾਹੁੰਦੇ ਹਨ, ਕਿਸਾਨ ਆਗੂਆਂ ਨੂੰ ਇਸ ਤੋਂ ਸੁਚੇਤ ਰਹਿਣਾ ਚਾਹੀਦਾ ਹੈ।

ਖੁਰਾਕ ਅਤੇ ਗਾਹਕ ਮਾਮਲਿਆਂ ਦੇ ਕੇਂਦਰੀ ਮੰਤਰੀ ਪਿਊਸ਼ ਗੋਇਲ ਨੇ ਵੀ ਕਿਹਾ ਸੀ, ਕਿਸਾਨ ਅੰਦੋਲਨ ਵਿੱਚ ਖੱਬੇਪੱਖੀ ਅਤੇ ਮਾਓਵਾਦੀ ਤੱਤ ਵੜ ਗਏ ਹਨ। ਮੀਡੀਆ ਰਿਪੋਰਟਾਂ ਵੀ ਸੁਝਾਉਂਦੀਆਂ ਹਨ ਕਿ ਉੱਥੇ ਮੌਜੂਦ ਕੁਝ ਆਗੂਆਂ ਦਾ ਅਜਿਹਾ ਪਿਛੋਕੜ ਹੈ। ਸੰਭਵ ਹੈ ਕਿ ਉਹ ਅਸ਼ਾਂਤੀ ਫੈਲਾਅ ਕੇ ਲਹਿਰ ਨੂੰ ਭੰਗ ਕਰਨਾ ਚਾਹੁੰਦੇ ਹੋਣ।

ਕੇਂਦਰੀ ਮੰਤਰੀ ਰਾਓ ਸਾਹੇਬ ਦਾਨਵੇ ਨੇ ਦਾਅਵਾ ਕੀਤਾ ਕਿ ਨਵੇਂ ਖੇਤੀ ਕਾਨੂੰਨਾਂ ਦੀ ਵਾਪਸੀ ਲਈ ਜਾਰੀ ਕਿਸਾਨ ਅੰਦੋਲਨ ਪਿੱਛੇ ਪਾਕਿਸਤਾਨ ਅਤੇ ਚੀਨ ਹਨ। ਉਨਾਂ ਨੇ ਕਿਹਾ ਸੀ; ਇਸ ਤੋਂ ਪਹਿਲਾਂ ਮੁਸਲਮਾਨਾਂ ਨੂੰ ਨਾਗਰਿਕਤਾ ਸੋਧ ਕਾਨੂੰਨ ਅਤੇ ਨੈਸ਼ਨਲ ਰਜਿਸਟਰ ਆਫ਼ ਸਿਟੀਜ਼ਨਸ ਬਾਰੇ ਗੁੰਮਰਾਹ ਕੀਤਾ ਗਿਆ ਸੀ ਪਰ ਕਿਉਂਕਿ ਇਹ ਯਤਨ ਸਫ਼ਲ ਨਹੀਂ ਹੋਏ ਇਸ ਲਈ ਹੁਣ ਕਿਸਾਨਾਂ ਨੂੰ ਦੱਸਿਆ ਜਾ ਰਿਹਾ ਹੈ ਕਿ ਨਵੇਂ ਕਾਨੂੰਨਾਂ ਕਾਰਨ ਉਨਾਂ ਨੂੰ ਘਾਟਾ ਝੱਲਣਾ ਪਵੇਗਾ। ਦੂਸਰੇ ਪਾਸੇ ਸਮਾਜਿਕ ਕਾਰਕੁਨ ਮੇਧਾ ਪਾਟੇਕਰ ਨੇ ਕਿਹਾ ਹੈ ਕਿ ਪੰਜਾਬ ਤੇ ਹਰਿਆਣਾ ਦੇ ਕਿਸਾਨਾਂ ਨੂੰ ਸਰਕਾਰ ਅਲੱਗ ਥਲੱਗ ਕਰਨ ਦੀ ਕੋਸ਼ਿਸ਼ ਕਰ ਰਹੀ ਹੈ, ਅਸੀਂ ਇਹ ਕੋਸ਼ਿਸ਼ ਪੂਰੀ ਨਹੀਂ ਹੋਣ ਦਿਆਂਗੇ।

ਬ੍ਰਿਟੇਨ ਵਿੱਚ ਲੇਬਰ ਪਾਰਟੀ ਦੇ ਸਾਂਸਦ ਤਨਮਨਜੀਤ ਸਿੰਘ ਢੇਸੀ ਨੇ ਭਾਰਤੀ ਮੀਡੀਆ ਵਿੱਚ ਉਨਾਂ ਦੇ ਖ਼ਾਲਿਸਤਾਨ ਪੱਖੀਆਂ ਨਾਲ ਨਜ਼ਦੀਕੀ ਸਬੰਧ ਹੋਣ ਦੀਆਂ ਗੱਲਾਂ ਫ਼ੈਲਾਏ ਜਾਣ ਉੱਪਰ ਇਤਰਾਜ਼ ਜ਼ਾਹਰ ਕੀਤਾ ਹੈ।

## ਮੋਦੀ ਸਿਖ ਪੰਥ ਉਪਰ ਹੋਏ ਦਿਆਲ, ਸਿੱਖ ਭਾਈਚਾਰੇ ਨਾਲ ਰਿਸ਼ਤਿਆਂ ਨੂੰ ਪ੍ਰਚਾਰਨ ਲਈ 5 ਦਿਨ ਵਿਚ ਭੇਜੇ 2 ਕਰੋੜ ਈਮੇਲ

**ਨਵੀਂ ਦਿੱਲੀ/ਏ.ਟੀ.ਨਿਊਜ਼ :** 3 ਨਵੇਂ ਖੇਤੀ ਕਾਨੂੰਨਾਂ ਖ਼ਿਲਾਫ਼ ਕਿਸਾਨਾਂ ਵਲੋਂ ਕੀਤੇ ਜਾ ਰਹੇ ਪ੍ਰਦਰਸ਼ਨਾਂ ਦਰਮਿਆਨ ਇੰਡੀਅਨ ਰੇਲਵੇ ਕੈਟਰਿੰਗ ਐਂਡ ਟੂਰਿਜ਼ਮ ਕਾਰਪੋਰੇਸ਼ਨ (ਆਈ. ਆਰ. ਸੀ. ਟੀ. ਸੀ.) ਨੇ 8 ਦਸੰਬਰ ਤੋਂ 12 ਦਸੰਬਰ ਤੱਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਸਿੱਖ ਭਾਈਚਾਰੇ ਦੇ ਸਮਰਥਨ 'ਚ ਲਏ 13 ਫ਼ੈਸਲਿਆਂ ਬਾਰੇ ਜਾਣੂ ਕਰਵਾਉਣ ਲਈ ਆਪਣੇ ਗਾਹਕਾਂ ਨੂੰ 2 ਕਰੋੜ ਈ-ਮੇਲਾਂ ਭੇਜੀਆਂ ਹਨ। ਅਧਿਕਾਰੀਆਂ ਨੇ ਦੱਸਿਆ ਕਿ ਲੋਕਾਂ ਨੂੰ ਬਿੱਲਾਂ ਬਾਰੇ ਜਾਗਰੂਕ ਕਰਨ ਅਤੇ ਉਨਾਂ ਬਾਰੇ ਅਫ਼ਵਾਹਾਂ ਦਾ ਖੰਡਨ ਕਰਨ ਲਈ ਆਈ. ਆਰ. ਸੀ. ਟੀ. ਸੀ. ਨੇ ਆਪਣੇ ਗਾਹਕਾਂ ਨੂੰ 47 ਪੰਨਿਆਂ ਦਾ ਕਿਤਾਬਚਾ (ਪ੍ਰਧਾਨ ਮੰਤਰੀ ਮੋਦੀ ਅਤੇ ਉਨਾਂ ਦੀ ਸਰਕਾਰ ਦਾ ਸਿੱਖਾਂ ਨਾਲ ਖ਼ਾਸ ਰਿਸ਼ਤਾ) ਈ-ਮੇਲ ਰਾਹੀਂ ਭੇਜਿਆ। ਇਹ ਕਿਤਾਬਚਾ ਹਿੰਦੀ, ਅੰਗਰੇਜ਼ੀ ਅਤੇ ਪੰਜਾਬੀ 'ਚ ਹੈ, 12 ਦਸੰਬਰ ਨੂੰ ਬੰਦ ਕੀਤੀਆਂ ਗਈਆਂ ਈ-ਮੇਲਾਂ ਨੂੰ ਆਈ. ਆਰ. ਸੀ. ਟੀ. ਸੀ. ਦੇ ਪੂਰੇ ਡਾਟਾਬੇਸ, ਜਿਥੇ ਯਾਤਰੀ ਟਿਕਟਾਂ ਬੁੱਕ ਕਰਵਾਉਂਦੇ ਸਮੇਂ ਆਪਣਾ ਵੇਰਵਾ ਦਰਜ ਕਰਵਾਉਂਦੇ ਹਨ, 'ਚ ਭੇਜੀਆਂ ਗਈਆਂ ।ਜਨਤਕ ਖੇਤਰ ਦੀ ਇਕਾਈ ਨੇ ਉਨਾਂ ਰਿਪੋਰਟਾਂ ਦਾ ਖੰਡਨ ਕੀਤਾ ਹੈ ਜਿਸ ਵਿਚ ਕਿਹਾ ਗਿਆ ਸੀ ਕਿ ਈ-ਮੇਲਾਂ ਸਿਰਫ਼ ਸਿੱਖ ਭਾਈਚਾਰੇ ਦੇ ਲੋਕਾਂ ਨੂੰ ਕੀਤੀਆਂ ਗਈਆਂ।

## ਖ਼ਾਲਸਾ ਏਡ ਨੇ ਕੀਤਾ ਕਿਸਾਨਾਂ ਲਈ 400 ਬਿਸਤਰਿਆਂ ਦਾ ਪ੍ਰਬੰਧ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਕੌਮਾਂਤਰੀ ਜਥੇਬੰਦੀ ਖ਼ਾਲਸਾ ਏਡ ਨੇ ਸਿੰਘੂ ਸਰਹੱਦ 'ਤੇ ਕਿਸਾਨਾਂ ਦੇ ਰਹਿਣ ਲਈ 400 ਦੇ ਕਰੀਬ ਬਿਸਤਰਿਆਂ ਦਾ ਪ੍ਰਬੰਧ ਕੀਤਾ ਹੈ। ਇਹ ਬਿਸਤਰੇ ਇਕੋ ਥਾਂ ਲਾਏ ਗਏ ਹਨ ਅਤੇ ਨਾਲ ਹੀ ਨਿੱਤ ਵਰਤੋਂ ਦਾ ਸਾਰਾ ਸਾਮਾਨ ਵੰਡਿਆ ਜਾ ਰਿਹਾ ਹੈ। ਕੌਮੀ ਮਾਰਗ-1 ਉਪਰ ਸੱਜੇ ਪਾਸੇ ਸਟਾਲ ਲਾਉਣ ਦੇ ਨਾਲ ਅੰਦਰ ਗਲੀ ਵਿੱਚ ਖੁੱਲੀ ਥਾਂ ਉਪਰ ਇਹ ਵੱਡ ਅਕਾਰੀ ਟੈਂਟ ਲਾਇਆ ਗਿਆ ਹੈ। ਇੱਥੇ ਹੀ ਕਿਸਾਨਾਂ ਦੇ ਨਾਲ ਆਈਆਂ ਬੀਬੀਆਂ ਲਈ ਰਹਿਣ ਦੇ ਢੁੱਕਵੇਂ ਪ੍ਰਬੰਧ ਕੀਤੇ ਗਏ ਹਨ। ਦੂਰੋਂ ਆਏ ਜਿਨਾਂ ਕਿਸਾਨਾਂ ਨੂੰ ਅੰਦਰ ਪਹਿਨਣ ਵਾਲੇ ਵਸਤਰਾਂ ਦੀ ਲੋੜ ਹੋਵੇ, ਉਹ ਵੀ ਇਥੇ ਮੁਹੱਈਆ ਹਨ। ਕਿਸਾਨਾਂ ਨੂੰ ਪੱਗਾਂ ਵੀ ਦਿੱਤੀਆਂ ਜਾਂਦੀਆਂ ਹਨ। ਵੱਖਰੇ ਗੁਸਲਖ਼ਾਨੇ ਬਣਾਏ ਗਏ ਹਨ ਤੇ ਟੈਂਟ ਕੈਮਰਿਆਂ ਦੀ ਨਿਗਰਾਨੀ ਹੇਠ ਹੈ। ਸੰਸਥਾ ਨੇ ਪਹਿਲੀ ਦਸੰਬਰ ਨੂੰ ਇਹ ਟੈਂਟ ਗੱਡਿਆ ਸੀ। ਸੈਨੇਟਾਈਜ਼ਰ ਤੇ ਗੀਜ਼ਰ ਦੇ ਪ੍ਰਬੰਧ ਵੀ ਕੀਤੇ ਗਏ ਹਨ।

## ਕਿਸਾਨ ਅੰਦੋਲਨ ਪਿੱਛੇ ਪਾਕਿ ਦਾ ਹੱਥ ਹੈ ਤਾਂ ਕੇਂਦਰ ਕਰੇ 'ਸਰਜੀਕਲ ਸਟ੍ਰਾਇਕ' : ਸ਼ਿਵ ਸੈਨਾ

**ਨਾਸਿਕ/ਏ.ਟੀ.ਨਿਊਜ਼ :** ਸ਼ਿਵ ਸੈਨਾ ਦੇ ਸੰਸਦ ਮੈਂਬਰ ਸੰਜੇ ਰਾਊਤ ਨੇ ਕੇਂਦਰੀ ਮੰਤਰੀ ਰਾਓਸਾਹਿਬ ਦਾਨਵੇ ਦੀ ਟਿੱਪਣੀ ਕਿ ਕਿਸਾਨਾਂ ਦੇ ਅੰਦੋਲਨ ਪਿੱਛੇ ਚੀਨ ਤੇ ਪਾਕਿਸਤਾਨ ਦਾ ਹੱਥ ਹੈ 'ਤੇ ਸਖ਼ਤ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਜੇਕਰ ਇਸ ਵਿਚ ਪਾਕਿਸਤਾਨ ਦਾ ਹੱਥ ਹੈ ਤਾਂ ਕੇਂਦਰ ਨੂੰ ਇਸ ਸਬੰਧ 'ਚ 'ਸਰਜੀਕਲ ਸਟ੍ਰਾਈਕ' ਕਰਨੀ ਚਾਹੀਦੀ ਹੈ । ਸੰਜੇ ਰਾਊਤ ਨੇ ਕਿਹਾ ਕਿ ਜੇਕਰ ਕੇਂਦਰ ਦਾ ਇਕ ਮੰਤਰੀ ਇਹ ਜਾਣਕਾਰੀ ਦੇ ਰਿਹਾ ਹੈ ਕਿ ਜੋ ਕਿਸਾਨ ਅੰਦੋਲਨ ਚੱਲ ਰਿਹਾ ਹੈ, ਇਸ ਪਿੱਛੇ ਚੀਨ ਤੇ ਪਾਕਿਸਤਾਨ ਦਾ ਹੱਥ ਹੈ ਤਾਂ ਰੱਖਿਆ ਮੰਤਰੀ ਨੂੰ ਤੁਰੰਤ ਚੀਨ ਅਤੇ ਪਾਕਿਸਤਾਨ 'ਤੇ 'ਸਰਜੀਕਲ ਸਟ੍ਰਾਈਕ' ਕਰਨੀ ਚਾਹੀਦੀ ਹੈ ਅਤੇ ਰਾਸ਼ਟਰਪਤੀ, ਰੱਖਿਆ ਮੰਤਰੀ, ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ ਅਤੇ ਸੈਨਾਵਾਂ ਦੇ ਮੁਖੀਆਂ ਨੂੰ ਇਸ ਮੁੱਦੇ 'ਤੇ ਗੰਭੀਰਤਾ ਨਾਲ ਵਿਚਾਰ ਕਰਨਾ ਚਾਹੀਦਾ ਹੈ ।




# ਕੈਨੇਡਾ ਦੇ ਪ੍ਰਧਾਨ ਮੰਤਰੀ ਦੇ ਬਿਆਨ ’ਤੇ ਇਤਰਾਜ਼ ਬੇਲੋੜਾ

## ਜੋ ਬੀਜਿਆ ਸੀ, ਉਹੀ ਵੱਢ ਰਹੀ ਹੈ ਮੋਦੀ ਸਰਕਾਰ



- ਡਾ. ਗੁਰਵਿੰਦਰ ਸਿੰਘ ਕੈਨੇਡਾ

ਭਾਰਤ ਸਰਕਾਰ ਦੇ ਕਿਸਾਨ- ਵਿਰੋਧੀ ਖੇਤੀਬਾੜੀ ਕਾਨੂੰਨਾਂ ਦੇ ਖ਼ਿਲਾਫ਼ ਇਸ ਸਮੇਂ ਸੰਸਾਰ ਪੱਧਰ ’ਤੇ ਰੋਸ ਮੁਜ਼ਾਹਰੇ ਹੋ ਰਹੇ ਹਨ। ਸ਼ਾਂਤਮਈ ਢੰਗ ਨਾਲ ਦਿੱਲੀ ਦਾ ਘਿਰਾਓ ਕਰਨ ਵਾਲੇ ਕਿਸਾਨਾਂ ਦੀ ਹਮਾਇਤ ਵਿੱਚ ਕੈਨੇਡਾ, ਇੰਗਲੈਂਡ, ਨਿਊਜ਼ੀਲੈਂਡ ਸਮੇਤ ਵੱਖ- ਵੱਖ ਦੇਸ਼ਾਂ ’ਚ ਰੋਸ ਰੈਲੀਆਂ ਹੋ ਰਹੀਆਂ ਹਨ। ਇਸ ਸਬੰਧੀ ਨਿਊਜ਼ੀਲੈਂਡ ਦੀ ਪ੍ਰਧਾਨ ਮੰਤਰੀ ਨੇ ਆਵਾਜ਼ ਉਠਾਉਂਦਿਆਂ ਕਿਸਾਨਾਂ ਦੇ ਸੰਘਰਸ਼ ਦੀ ਹਮਾਇਤ ਕੀਤੀ ਹੈ। ਇੰਗਲੈਂਡ ਦੇ 36 ਸੰਸਦ ਮੈਂਬਰਾਂ ਨੇ ਆਪਣੇ ਵਿਦੇਸ਼ ਮੰਤਰੀ ਨੂੰ ਭਾਰਤ ਦੇ ਹਮਰੁਤਬਾ ਨਾਲ ਇਸ ਬਾਰੇ ਰੋਸ ਪ੍ਰਗਟਾ ਕੇ ਮਸਲਾ ਸੁਲਝਾਉਣ ਲਈ ਅਤੇ ਸ਼ਾਂਤਮਈ ਕਿਸਾਨਾਂ ’ਤੇ ਭਾਰਤ ਸਰਕਾਰ ਵੱਲੋਂ ਭਾਰੀ ਤਾਕਤ ਵਰਤਣ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕਰਨ ਲਈ ਕਿਹਾ ਹੈ। ਕੈਨੇਡਾ ਦੇ ਬਹੁਤ ਸਾਰੇ ਸੰਸਦ ਮੈਂਬਰਾਂ ਅਤੇ ਵਿਧਾਇਕਾਂ ਤੋਂ ਇਲਾਵਾ, ਵਿਰੋਧੀ ਪਾਰਟੀਆਂ ਦੇ ਕੌਮੀ ਆਗੂਆਂ ਨੇ ਵੀ ਇਸ ’ਤੇ ਤਿੱਖਾ ਇਤਰਾਜ਼ ਕੀਤਾ ਹੈ।

ਕੌਮਾਂਤਰੀ ਸਿਆਸੀ ਮੰਚ ’ਤੇ ਇਸ ਵੇਲੇ ਜੋ ਸਭ ਤੋਂ ਵੱਧ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ, ਉਹ ਹੈ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਸ਼ਾਂਤਮਈ ਰੋਸ ਮੁਜ਼ਾਹਰਿਆਂ ਬਾਰੇ ਦਿੱਤਾ ਬਿਆਨ। ਟਰੂਡੋ ਦੇ ਕਿਸਾਨੀ ਸੰਘਰਸ਼ ਦੇ ਹੱਕ ’ਚ ਦਿੱਤੇ ਬਿਆਨ ਬਾਰੇ ਇੱਕ ਚੈਨਲ ’ਤੇ ਤਿੱਖੀ ਬਹਿਸ ਵੇਖਣ ਦਾ ਮੌਕਾ ਮਿਲਿਆ। ਮਹਿਮਾਨ ਜ਼ੋਰ ਦੇ ਕੇ ਇਹ ਗੱਲ ਕਹਿ ਰਿਹਾ ਸੀ ਕਿ ਟਰੂਡੋ ਵੱਲੋਂ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਪੁਰਬ ਮੌਕੇ ਵਧਾਈਆਂ ਦਿੰਦੇ ਹੋਏ, ਕਿਸਾਨਾਂ ਬਾਰੇ ਟਿੱਪਣੀ ਕਰਨੀ ਮੰਦਭਾਗੀ ਗੱਲ ਹੈ । ਮੇਜ਼ਬਾਨ ਵੀ ਅਜਿਹੀ ਹੀ ਸੁਰ ਵਿੱਚ ਬੋਲ ਰਹੀ ਸੀ ਕਿ ਟਰੂਡੋ ਨੇ ਸ਼ਾਂਤਮਈ ਵਿਰੋਧ ਦੇ ਹੱਕਾਂ ’ਚ ਬੋਲਣ ਲਈ ‘ਗ਼ਲਤ ਮੌਕਾ’ ਚੁਣਿਆ । ਉਸ ਨੇ ਤਾਂ ਇੱਥੋਂ ਤਕ ਕਹਿ ਦਿੱਤਾ ਕਿ ਟਰੂਡੋ ਅਜਿਹਾ ਬਿਆਨ ਗੁਰਪੁਰਬ ਮੌਕੇ ਦੇ ਕੇ, ਕੈਨੇਡਾ ਵਿਚਲੇ ਗਰਮ-ਖ਼ਿਆਲੀ ਸਿੱਖਾਂ ਨੂੰ ਖ਼ੁਸ਼ ਕਰ ਰਿਹਾ ਸੀ । ਉੱਧਰ ਭਾਰਤੀ ਅਧਿਕਾਰੀਆਂ ਵੱਲੋਂ ਕੈਨੇਡਾ ਦੇ ਪ੍ਰਧਾਨ ਮੰਤਰੀ ਦੇ ਕਥਨ ਨੂੰ ਗ਼ਲਤ ਜਾਣਕਾਰੀ ’ਤੇ ਆਧਾਰਿਤ, ਗੁੰਮਰਾਹਕੁੰਨ ਤੇ ਗੈਰ-ਜ਼ਰੂਰੀ ਦੱਸਦੇ ਹੋਏ, ਭਾਰਤ ਦੇ ਅੰਦਰੂਨੀ ਮਾਮਲਿਆਂ ’ਚ ਦਖ਼ਲ-ਅੰਦਾਜ਼ੀ ਕਰਾਰ ਦਿੱਤਾ ਗਿਆ ਹੈ ਅਤੇ ਇਸ ਮਸਲੇ ਨੂੰ ਲੈ ਕੇ ਭਾਰਤ ਵਿੱਚ ਕੈਨੇਡੀਅਨ ਹਾਈ ਕਮਿਸ਼ਨਰ ਨੂੰ ਵੀ ਤਲਬ ਕੀਤਾ ਗਿਆ ਹੈ। ਬੇਸ਼ੱਕ ਇਸ ਦੇ ਪ੍ਰਤੀਕਰਮ ਵਜੋਂ ਵੀ ਮੀਡੀਆ ਨਾਲ ਗੱਲਬਾਤ ਕਰਦਿਆਂ ਜਸਟਿਨ ਟਰੂਡੋ ਨੇ ਕਿਹਾ, ਕਿ ‘ਉਹ ਆਪਣੇ ਸ਼ਬਦਾਂ ’ਤੇ ਕਾਇਮ ਹਨ ਕਿ ਸ਼ਾਂਤਮਈ ਢੰਗ ਨਾਲ ਰੋਸ ਪ੍ਰਗਟਾਉਣ ਦਾ ਹਰ ਕਿਸੇ ਨੂੰ ਅਧਿਕਾਰ ਹੈ।‘

ਦਿਲਚਸਪ ਗੱਲ ਇਹ ਹੈ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਵੱਲੋਂ ਜ਼ੋਰਦਾਰ ਆਵਾਜ਼ ਉਠਾਉਣ ਮਗਰੋਂ, ਸੰਯੁਕਤ ਰਾਸ਼ਟਰ ਸੰਘ ਦੇ ਜਨਰਲ ਸਕੱਤਰ ਐਂਟੋਨਿਓ ਗੁਟਰਸ ਨੇ ਵੀ ਭਾਰਤ ਨੂੰ ਕਿਹਾ ਹੈ ਕਿ ਕਿਸਾਨਾਂ ਨੂੰ ਸ਼ਾਂਤਮਈ ਪ੍ਰਦਰਸ਼ਨ ਕਰਨ ਦਾ ਅਧਿਕਾਰ ਹੈ ਅਤੇ ਭਾਰਤ ਦੇ ਕਿਸਾਨਾਂ ਨੂੰ ਅਜਿਹਾ ਕਰਨ ਦੇ ਦੇਣਾ ਚਾਹੀਦਾ ਹੈ। ਦੂਸਰੇ ਪਾਸੇ ਕੌਮਾਂਤਰੀ ਸੂਝ-ਬੂਝ ਤੋਂ ਸੱਖਣੇ ਕਈ ਭਾਰਤੀ ਸਿਆਸਤਦਾਨ ਇਹਨਾਂ ਸ਼ਬਦਾਂ ਨੂੰ ‘ਅਨ-ਮੰਗਿਆ ਅਤੇ ਅਨ-ਚਾਹਿਆ ਬਿਆਨ’ ਦੱਸ ਰਹੇ ਹਨ । ਵਿਚਾਰਨ ਵਾਲੀ ਗੱਲ ਇਹ ਹੈ ਕਿ ਟਰੂਡੋ ਵੱਲੋਂ ਕਿਸਾਨੀ ਸੰਘਰਸ਼ ਦੇ ਹੱਕ ਵਿੱਚ ਦਿੱਤੇ ਬਿਆਨ ’ਤੇ ਇਤਰਾਜ਼ ਕਰਨਾ ਜਾਇਜ਼ ਹੈ ? ਇਸ ਵਿੱਚ ਦੋ ਰਾਵਾਂ ਨਹੀਂ ਕਿ ਕੈਨੇਡਾ ਵਿਚ ਸਿੱਖ ਭਾਈਚਾਰਾ ਸਿਆਸਤ ਤੋਂ ਲੈ ਕੇ ਕਾਰੋਬਾਰ ਤੱਕ ਹਰ ਖੇਤਰ ’ਚ ਕਾਮਯਾਬ ਹੈ । ਕੈਨੇਡਾ ਦੀ ਵਜ਼ਾਰਤ ਵਿੱਚ ਰੱਖਿਆ ਮੰਤਰੀ ਤੋਂ ਲੈ ਕੇ ਆਰਥਿਕ ਮਾਮਲਿਆਂ ਦੇ ਮੰਤਰਾਲੇ ਤੱਕ ਸਿੱਖ ਵਜ਼ੀਰ ਮੌਜੂਦ ਹਨ । ਹੋਰ ਤਾਂ ਹੋਰ, ਕੈਨੇਡਾ ਦੀ ਕੌਮੀ ਪਾਰਟੀ ਨਿਊ ਡੈਮੋਕ੍ਰੇਟਿਕ ਪਾਰਟੀ ਦਾ ਰਾਸ਼ਟਰੀ ਆਗੂ ਵੀ ਵਿਸ਼ਵਾਸੀ-ਸਿੱਖ ਜਗਮੀਤ ਸਿੰਘ ਹੈ, ਪਰ ਇਨਾਂ ਪ੍ਰਾਪਤੀਆਂ ਪਿੱਛੇ ਕੈਨੇਡਾ ਦੇ ਸਿੱਖਾਂ ਦਾ ਸੌ ਸਾਲ ਤੋਂ ਵੱਧ ਸਮੇਂ ਦਾ ਸੰਘਰਸ਼ ਹੈ, ਨਾ ਕਿ ਇਹ ਸਭ ਕੁਝ ਉਨਾਂ ਨੂੰ ਥਾਲੀ ’ਚ ਪਰੋਸਿਆ ਮਿਲਿਆ ਹੈ ।







ਕਿਸਾਨੀ ਖੇਤਰ ਵਿਚ ਬ੍ਰਿਟਿਸ਼ ਕੋਲੰਬੀਆ ਤੋਂ ਲੈ ਕੇ ਸਸਕੈਚਵਨ ਤੱਕ ਪੰਜਾਬੀਆਂ ਨੇ ਕਰੜੀ ਮਿਹਨਤ ਕਰਕੇ ਜੰਗਲ-ਬੀਆਬਾਨ ਹਰੇ-ਭਰੇ ਖੇਤਾਂ ’ਚ ਬਦਲ ਦਿੱਤੇ ਹਨ । ਪੰਜਾਬੀ ਕਿਸਾਨ ਕੈਨੇਡਾ ਦੇ ‘ਬਲੂ-ਬੇਰੀ’ ਕਿੰਗ ਕਹੇ ਜਾ ਸਕਦੇ ਹਨ । ਆਪਣੀਆਂ ਫ਼ਸਲਾਂ ਰਾਹੀਂ ਉਹ ਕੈਨੇਡਾ ਦੀ ਅਰਥ ਵਿਵਸਥਾ ਨੂੰ ਭਰਪੂਰ ਹੁਲਾਰਾ ਦੇ ਰਹੇ ਹਨ। ਅਜਿਹੇ ਅਨੇਕਾਂ ਕਾਰਨਾਂ ਕਰਕੇ ਹਰੇਕ ਸਿਆਸੀ ਪਾਰਟੀ ਦਾ ਆਗੂ ਕੈਨੇਡਾ ਵਿੱਚ ਉਨਾਂ ਦੀ ਗੱਲ ਸੁਣਦਾ ਤੇ ਕਰਦਾ ਹੈ । ਭਾਸ਼ਾ ਪੱਖੋਂ ਵੀ ਪੰਜਾਬੀ ਦਾ ਕੈਨੇਡਾ ਵਿਚ ਬੋਲ-ਬਾਲਾ ਹੈ । ਬੀ.ਸੀ. ਵਿੱਚ ਪੰਜਾਬੀ ਦੂਜੀ ਭਾਸ਼ਾ ਹੈ । ਕੈਨੇਡੀਅਨ ਲੀਡਰ ਪੰਜਾਬੀ ਸ਼ਬਦ ਬੋਲਣੇ ਸਿੱਖ ਰਹੇ ਹਨ । ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਪ੍ਰਭਾਵਾਂ ਕਰਕੇ ਹੀ ਕੈਨੇਡਾ ਦੇ ਕੌਮੀ ਆਗੂ ਪੰਜਾਬੀਆਂ ਨੂੰ ਅੱਖੋਂ ਪਰੋਖੇ ਨਹੀਂ ਕਰਦੇ ।

ਕੈਨੇਡਾ ਦੇ ਪ੍ਰਧਾਨ ਮੰਤਰੀ ਗੁਰੂ ਨਾਨਕ ਸਾਹਿਬ ਦੇ ਗੁਰਪੁਰਬ ਮੌਕੇ, ਹਰ ਸਾਲ ਹੀ ਵਧਾਈ ਸੰਦੇਸ਼ ਜਾਰੀ ਕਰਦੇ ਹਨ। ਇਸ ਵਾਰ ਨਵੀਂ ਗੱਲ ਇਹ ਸੀ ਕਿ ਪ੍ਰਕਾਸ਼ ਦਿਹਾੜੇ ਮੌਕੇ ਨਾ ਸਿਰਫ਼ ਭਾਰਤ ਦੀ ਰਾਜਧਾਨੀ ਦਿੱਲੀ ’ਚ ਕਿਸਾਨੀ ਮੰਗਾਂ ਦਾ ਘੋਲ ਚੱਲ ਰਿਹਾ ਸੀ, ਬਲਕਿ ਕੈਨੇਡਾ ਦੇ ਵੱਖ-ਵੱਖ ਸ਼ਹਿਰਾਂ ਵਿਚ ਵੀ ਸ਼ਾਂਤਮਈ ਕਾਰ-ਰੈਲੀਆਂ ਅਤੇ ਪ੍ਰਦਰਸ਼ਨ ਹੋ ਰਹੇ ਸਨ । ਕੈਨੇਡਾ ਦੀ ਵਿਰੋਧੀ ਧਿਰ ਕਨਜ਼ਰਵੇਟਿਵ ਪਾਰਟੀ ਦੇ ਆਗੂ ਏਰਨ ਓ’ ਟੂਲ ਅਤੇ ਨਿਊ ਡੈਮੋਕ੍ਰੈਟਿਕ ਪਾਰਟੀ ਦੇ ਆਗੂ ਜਗਮੀਤ ਸਿੰਘ ਵੱਲੋਂ ਭਾਰਤ ’ਚ ਚੱਲ ਰਹੇ ਕਿਸਾਨ ਅੰਦੋਲਨ ਬਾਰੇ ਡੂੰਘੀ ਚਿੰਤਾ ਦਾ ਇਜ਼ਹਾਰ ਕੀਤਾ ਗਿਆ ਹੈ।

ਕੈਨੇਡਾ ਦੀਆਂ ਤਿੰਨ ਕੌਮੀ ਪਾਰਟੀਆਂ ਲਿਬਰਲ, ਕਨਜ਼ਰਵੇਟਿਵ ਅਤੇ ਨਿਊ ਡੈਮੋਕ੍ਰੇਟਿਕ ਦੇ ਐਮ.ਪੀਆਂ ਵੱਲੋਂ ਕਿਸਾਨੀ ਅੰਦੋਲਨਾਂ ਬਾਰੇ ਬਿਆਨ ਦਿੱਤੇ ਜਾ ਰਹੇ ਸਨ । ਕੈਨੇਡਾ ਦੇ ਵਿਦੇਸ਼ੀ ਮਾਮਲਿਆਂ ਫਰੈਂਸਵਾ ਫਲਿਪ, ਮੰਤਰੀ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ, ਸਾਇੰਸ ਤੇ ਤਕਨਾਲੋਜੀ ਮੰਤਰੀ ਨਵਦੀਪ ਸਿੰਘ ਬੈਂਸ ,ਕੈਨੇਡਾ ਦੀ ਪਾਰਲੀਮੈਂਟ ਮੈਂਬਰਾਂ ਜੈਕ ਹੈਰਿਸ, ਕੈਬਿਨ ਯਅਰ'ਤੇ, ਪੈਟ੍ਰਿਕ ਬ੍ਰਾਊਨ, ਰਣਦੀਪ ਸਿੰਘ ਸਰਾਏ, ਸੁਖ ਧਾਲੀਵਾਲ, ਰੂਬੀ ਸਹੋਤਾ ਸੋਨੀਆ ਸਿੱਧੂ, ਟਿਮ ਉੱਪਲ, ਜਗਦੀਪ ਸਹੋਤਾ, ਜਸਰਾਜ ਸਿੰਘ ਹੱਲਣ, ਮਨਿੰਦਰ ਸਿੱਧੂ, ਕਮਲ ਖੈਰਾ, ਬੀਸੀ ਦੇ ਮੁੱਖ ਮੰਤਰੀ ਜੌਹਨ ਹੌਰਗਨ, ਵਿਧਾਇਕਾ ਰਚਨਾ ਸਿੰਘ, ਅਮਨ ਸਿੰਘ, ਜਿੰਨੀ ਸਿਮਜ਼, ਹੈਰੀ ਬੈਂਸ, ਵਿਨੀਪੈੱਗ ਤੋਂ ਦਲਜੀਤ ਪਾਲ ਸਿੰਘ ਬਰਾੜ, ਕੈਲਗਰੀ ਤੋਂ ਇਰਫਾਨ ਸ਼ਬੀਰ, ਦਵਿੰਦਰ ਸਿੰਘ ਤੂਰ, ਪਰਮੀਤ ਸਿੰਘ, ਜੋਤੀ ਗੌਂਡੇਕ,ਰਾਜਨ ਸਾਹਨੀ, ਓਨਟੈਰੀਓ ਤੋਂ ਮੰਤਰੀ ਮੌਂਟੀ ਮੈਕਨਾਟਨ, ਗੁਰਰਤਨ ਸਿੰਘ, ਪ੍ਰਭਮੀਤ ਸਿੰਘ ਸਰਕਾਰੀਆ, ਅਮਰਜੀਤ ਸੰਧੂ, ਮਨਿੰਦਰ ਸਿੰਘ ਸਿੱਧੂ, ਗੁਰਪ੍ਰੀਤ ਸਿੰਘ ਢਿੱਲੋਂ, ਹਰਕੀਰਤ ਸਿੰਘ, ਸਾਬਕਾ ਵਿਧਾਇਕ ਪੀਟਰ ਸੰਧੂ, ਸਰੀ ਕੌਂਸਲਰ ਮਨਦੀਪ ਸਿੰਘ ਨਾਗਰਾ, ਜੈਕ ਹੁੰਦਲ, ਮਿਸ਼ਨ ਕੌਂਸਲਰ ਕੈਨ ਹਰਾਰ ਸਮੇਤ ਅਨੇਕਾਂ ਹੀ ਕੈਨੇਡੀਅਨ ਸਿਆਸਤਦਾਨਾਂ ਨੇ ਇੰਡੀਅਨ ਸਟੇਟ ਦੇ ਖੇਤੀ ਵਿਰੋਧੀ ਕਾਨੂੰਨਾਂ ਦੇ ਵਿਰੋਧ ਅਤੇ ਕਿਸਾਨਾਂ ਦੀਆਂ ਮੰਗਾਂ ਦੇ ਹੱਕ ਵਿਚ ਆਵਾਜ਼ ਉਠਾਈ ਹੈ।

ਇਸ ਹਾਲਾਤ ਵਿਚ ਸੁਭਾਵਿਕ ਹੈ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਲੋਕਤੰਤਰਿਕ ਕਦਰਾਂ-ਕੀਮਤਾਂ ਅਨੁਸਾਰ, ਸ਼ਾਂਤਮਈ ਰੋਸ ਮੁਜ਼ਾਰਿਆਂ ਦੀ ਹਮਾਇਤ ਕਰਦੇ। ਸਬੱਬ ਨਾਲ ਇਹ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਦਿਹਾੜੇ ਅਜਿਹਾ ਅਵਸਰ ਸੀ, ਜਦੋਂ ਟਰੂਡੋ ਨੇ ਕੈਨੇਡਾ ਵੱਸਦੇ ਸਿੱਖ ਭਾਈਚਾਰੇ ਨੂੰ ਵਧਾਈਆਂ ਦਿੰਦੇ ਹੋਏ, ਭਾਰਤ ਵਿੱਚ ਕਿਸਾਨਾਂ ਦੇ ਸ਼ਾਂਤਮਈ ਅੰਦੋਲਨਾਂ ਦੇ ਹੱਕ ਵਿਚ ਸ਼ਬਦ ਕਹੇ। ਜੇਕਰ ਵਧਾਈਆਂ ਮੌਕੇ ਉਹ ਅਜਿਹਾ ਨਾ ਕਰਦੇ, ਤਾਂ ਗੁਰੂ ਨਾਨਕ ਸਾਹਿਬ ਦੇ ਸਿਧਾਂਤਾਂ ਦੀ ਉਲੰਘਣਾ ਹੁੰਦੀ ਅਤੇ ਗੁਰਪੁਰਬ ਦੀਆਂ ਵਧਾਈਆਂ ਮਹਿਜ਼ ‘ਰਸਮੀ’ ਹੁੰਦੀਆਂ । ਗੁਰੂ ਸਾਹਿਬ ਨੇ ‘ਬਾਬਰ’ ਨੂੰ ‘ਜਾਬਰ’ ਆਖਿਆ ਸੀ, ਜੋ ਜ਼ੋਰੀ ਦਾਨ ਮੰਗ ਰਿਹਾ ਸੀ । ਅੱਜ ਵੀ ਬਾਬਰ ਖ਼ਤਮ ਨਹੀਂ ਹੋਏ ਅਤੇ ਕਿਸਾਨੀ ਹੱਕ ਖੋਹ ਕੇ ਜ਼ੋਰੀ ਦਾਨ ਮੰਗ ਰਹੇ ਹਨ । ਟਰੂਡੋ ਨੇ ਬਿਲਕੁਲ ਸਹੀ ਕਿਹਾ ਕਿ ਜੇ ਉਹ ਕਿਸਾਨਾਂ ਦੁਆਰਾ ਭਾਰਤ ਵਿਚ ਕੀਤੇ ਜਾ ਰਹੇ ਸ਼ਾਂਤਮਈ ਰੋਸ ਪ੍ਰਗਟਾਵਿਆਂ ਦੀ ਗੱਲ ਨਹੀਂ ਕਰਦੇ, ਤਾਂ ਭੁੱਲ ਕਰ ਰਹੇ ਹੋਣਗੇ । ਜਿਹੜੇ ਆਖ ਰਹੇ ਹਨ ਕਿ ਟਰੂਡੋ ਨੇ ਇਹ ਬਿਆਨ ਗ਼ਲਤ ਮੌਕੇ ਦਿੱਤਾ, ਅਸਲ ’ਚ ਉਹ ਖ਼ੁਦ ਵੱਡੀ ਭੁੱਲ ਕਰ ਰਹੇ ਹਨ । ਭੁੱਲ ਹੀ ਨਹੀਂ, ਬਲਕਿ ‘ਸ਼ਰਾਰਤ’ ਅਤੇ ਸਾਜ਼ਿਸ਼ ਕਰ ਰਹੇ ਹਨ

ਅੱਜ ਦਿੱਲੀ ਬੈਠੇ ਕਿਸਾਨ ਜਸਟਿਨ ਟਰੂਡੋ ਦਾ ਨਾਂ ਲੈ ਕੇ ਐਵੇਂ ਨਹੀਂ ਆਖ ਰਹੇ ਕਿ ਇਕ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਹਨ, ਜੋ ਅੰਨਦਾਤਾ ਦੇ ਨਾਲ ਖੜੇ ਹਨ, ਜਦ ਕਿ ਇਕ ਸਾਡੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹਨ, ਜੋ ਅੰਨਦਾਤਾ ਦੇ ਵਿਰੁੱਧ ਅੜੇ ਹਨ । ਕੈਨੇਡਾ ਦੇ ਪ੍ਰਧਾਨ ਮੰਤਰੀ ਵੱਲੋਂ ਸ਼ਾਂਤਮਈ ਵਿਰੋਧ ਦੇ ਹੱਕ ’ਚ ‘ਹਾਅ ਦਾ ਨਾਅਰਾ’ ਮਾਰਨਾ ਸੰਯੁਕਤ ਰਾਸ਼ਟਰ ਸੰਘ ਦੇ ਮਨੁੱਖੀ ਅਧਿਕਾਰਾਂ ਦੇ ਐਲਾਨਨਾਮੇ ਅਨੁਸਾਰ ਬਿਲਕੁਲ ਸਹੀ ਹੈ । ਦਰਅਸਲ ਇਹ ਘੋਸ਼ਣਾ ਪੱਤਰ ਦੇ 70:20 ਆਰਟੀਕਲ ਅਨੁਸਾਰ ਆਪਣੇ ਹੱਕਾਂ ਲਈ ਸ਼ਾਂਤਮਈ ਢੰਗ ਨਾਲ ਵਿਅਕਤੀਗਤ ਤੇ ਸਮੂਹਿਕ ਰੂਪ ਵਿਚ ਰੋਸ ਮੁਜ਼ਾਹਰੇ ਮੌਲਿਕ ਮਾਨਵੀ ਅਧਿਕਾਰ ਹਨ । ਆਰਟੀਕਲ 20 ਅਨੁਸਾਰ ਅਮਨ-ਪੂਰਬਕ ਰੋਸ ਇਕੱਠਾਂ ਨੂੰ ਜੁਰਮ ਕਰਾਰ ਦੇਣਾ ਸਰਾਸਰ ਧੱਕੇਸ਼ਾਹੀ ਹੈ ।

ਅੱਜ ਜੇਕਰ ਭਾਰਤ ’ਚ ਬੈਠੇ ਸਿਆਸੀ ਆਗੂ ਹਾਂਗਕਾਂਗ ਵਿਚ ਹੋ ਰਹੇ ਰੋਸ ਇਕੱਠਾਂ ਦੀ ਹਮਾਇਤ ਕਰ ਸਕਦੇ ਹਨ, ਜੇਕਰ ਭਾਰਤ ਦੇ ਪ੍ਰਧਾਨ ਮੰਤਰੀ ਅਮਰੀਕਾ ਦੇ ਰਾਸ਼ਟਰਪਤੀ ਦੇ ਹੱਕ ਵਿੱਚ ‘ਅਬ ਕੀ ਬਾਰ, ਟਰੰਪ ਸਰਕਾਰ’ ਵਰਗੇ ਸੌੜੀ ਰਾਜਨੀਤੀ ਵਾਲੇ ਨਾਅਰੇ ਲਾ ਸਕਦੇ ਹਨ, ਤਾਂ ਕੈਨੇਡਾ, ਅਮਰੀਕਾ ’ਚ ਇੰਗਲੈਂਡ ਦੇ ਚੁਣੇ ਆਗੂ ਭਾਰਤ ਅੰਦਰ ਸ਼ਾਂਤਮਈ ਇਕੱਠ ’ਤੇ ਹੋ ਰਹੇ ਲਾਠੀਚਾਰਜਾਂ, ਅਥਰੂ ਗੈਸਾਂ ਤੇ ਪਾਣੀ ਦੀਆਂ ਬੁਛਾੜਾਂ ਆਦਿ ਦੇ ਰੂਪ ਵਿਚ ਅੰਨੇ ਸਰਕਾਰੀ ਤਸ਼ੱਦਦ ਦਾ ਵਿਰੋਧ ਕਿਉਂ ਨਹੀਂ ਕਰ ਸਕਦੇ ?

ਵਿਸ਼ਵੀਕਰਨ ਦੇ ਅਜੋਕੇ ਦੌਰ ਵਿਚ ਜਸਟਿਨ ਟਰੂਡੋ ਵੱਲੋਂ ਸ਼ਾਂਤਮਈ ਰੋਸ ਮੁਜ਼ਾਹਰੇ ਕਰਨ ਦੇ ਹੱਕ ਵਿੱਚ ਦਿੱਤੇ ਬਿਆਨਾਂ ਨੂੰ ਦੇਸ਼ ਦੇ ਅੰਦਰੂਨੀ ਮਾਮਲਿਆਂ ਵਿਚ ਦਖ਼ਲ-ਅੰਦਾਜ਼ੀ ਕਹਿ ਕੇ ਅੱਖੀਂ ਘੱਟਾ ਪਾਉਣਾ ਗ਼ਲਤ ਹੈ। ਉਂਝ ਵੀ ਸਾਡੀ ਤਾਂ ਵਿਰਾਸਤ ਵਿਚ ਹੀ ‘ਸਰਬੱਤ ਦੇ ਭਲੇ’ ਦੀ ਅਰਦਾਸ ਹੈ। ਇੱਥੇ ਦੇਸ਼ਾਂ ਦੀਆਂ ਹੱਦਾਂ ਸਰਹੱਦਾਂ ਤੋਂ ਵੀ ਅੱਗੇ ਮਾਨਵਵਾਦ ਦਾ ਸੰਕਲਪ ਹੈ। ਇਸ ਦੀ ਮਿਸਾਲ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਹੈ, ਜਿਨਾਂ ਹਿੰਦੂ ਧਰਮ ਦੇ ਪੀੜਤ ਲੋਕਾਂ ਦੀ ਬਾਂਹ ਫੜੀ ਅਤੇ ਸ਼ਹਾਦਤ ਦਿੱਤੀ, ਹਾਲਾਂਕਿ ਇਹ ਇਤਿਹਾਸਕ ਸੱਚ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਜਨੇਊ ਪਾਉਣ ਤੋਂ ਇਨਕਾਰ ਕੀਤਾ ਸੀ। ਕੀ ਇਹ ਵੀ ਬੇਲੋੜੀ ਦਖ਼ਲਅੰਦਾਜ਼ੀ ਸੀ ? ਹਰਗਿਜ਼ ਨਹੀਂ।

ਕਿਤੇ ਵੀ ਜ਼ੁਲਮ ਹੁੰਦਾ ਹੋਵੇ, ਉਸ ਖ਼ਿਲਾਫ਼ ਆਵਾਜ਼ ਉਠਾਉਣਾ ਦਖ਼ਲ-ਅੰਦਾਜ਼ੀ ਨਹੀਂ, ਬਲਕਿ ਨੈਤਿਕ ਫ਼ਰਜ਼ ਹੈ। ਹੈਰਾਨੀ ਇਸ ਗੱਲ ਦੀ ਹੈ ਕਿ ਆਮ ਆਦਮੀ ਪਾਰਟੀ ਦਾ ਬੁਲਾਰਾ ਵੀ ਬਾਹਰਲੇ ਦੇਸ਼ਾਂ ਦੇ ਮੁਖੀਆਂ ਵੱਲੋਂ ਉਠਾਈ ਆਵਾਜ਼ ਨੂੰ ‘ਗੈਰ-ਸਵਾਗਤ ਯੋਗ’ ਦੱਸਦੇ ਹੋਏ, ਜਸਟਿਨ ਟਰੂਡੋ ਦੇ ਕਹੇ ਸ਼ਬਦ ‘ਅਣ-ਮੰਗੇ’ ਤੇ ‘ਅਣਚਾਹੇ’ ਕਰਾਰ ਦੇ ਰਹੇ ਹਨ । ਆਪ ਆਗੂ ਘੱਟੋ-ਘੱਟ ਇਹ ਇੱਕ ਵਾਰ ਹੀ ਇਹ ਸੋਚ ਲੈਂਦੇ ਕਿ ਕੈਨੇਡਾ ਸਮੇਤ ਬਾਹਰਲੇ ਦੇਸ਼ਾਂ ’ਚ ਬੈਠੇ ਪੰਜਾਬੀਆਂ ਤੋਂ ਕਰੋੜਾਂ ਰੁਪਏ ਇਕੱਠੇ ਕਰਕੇ, ‘ਆਪ’ ਆਗੂ ਭਾਰਤ ਅੰਦਰ ਆਪਣਾ ਸਿਆਸੀ ਪ੍ਰਚਾਰ ਚਲਾਉਂਦੇ ਰਹੇ ਹਨ । ਸਿਤਮਜ਼ਰੀਫ਼ੀ ਇਹ ਹੈ ਕਿ ਅੱਜ ਉਨਾਂ ਹੀ ਪੰਜਾਬੀਆਂ ਵੱਲੋਂ ਕਿਸਾਨ ਪੱਖੀ ਆਵਾਜ਼ਾਂ ਦਾ ਵਿਰੋਧ ਕਰ ਰਹੇ ਹਨ । ਇਸ ਤੋਂ ਵੱਡੀ ਮੰਦਭਾਗੀ ਗੱਲ ਕੀ ਹੋ ਸਕਦੀ ਹੈ ।

ਦਰਅਸਲ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਭਾਰਤ ਅੰਦਰ ਕਿਸਾਨਾਂ ਦੇ ਹੱਕ ਵਿਚ ਦਿੱਤਾ ਬਿਆਨ ਉਨਾਂ ਦਾ ਨਿੱਜੀ ਜਾਂ ਪਾਰਟੀ ਦਾ ਨਹੀਂ, ਸਗੋਂ ਕੈਨੇਡਾ ਵੱਸਦੇ ਲੱਖਾਂ ਭਾਰਤੀਆਂ ਦੀਆਂ ਭਾਵਨਾਵਾਂ ਦਾ ਪ੍ਰਗਟਾਵਾ ਹੈ। ਇਹਨਾਂ ਵਿੱਚ ਸਿੱਖਾਂ ਤੋਂ ਇਲਾਵਾ ਹਿੰਦੂ, ਮੁਸਲਮਾਨ, ਬੋਧੀ, ਜੈਨੀ ਤੇ ਦਲਿਤ ਭਾਈਚਾਰੇ ਨਾਲ ਸਬੰਧਤ ਵੱਡੀ ਗਿਣਤੀ ਵਿੱਚ ਲੋਕ ਸ਼ਾਮਿਲ ਹਨ। ਇਨਾਂ ਵਿੱਚ ਆਸਤਿਕ, ਨਾਸਤਿਕ, ਖੱਬੇ-ਪੱਖੀ, ਤਰਕਸ਼ੀਲ ਅਤੇ ਹਰ ਰੰਗ ਨਸਲ, ਫ਼ਿਰਕੇ, ਭਾਸ਼ਾ ਅਤੇ ਵਿਚਾਰਧਾਰਾਵਾਂ ਵਾਲੇ ਸ਼ਾਮਿਲ ਹਨ ।

ਫਾਸ਼ੀਵਾਦੀ ਨੀਤੀਆਂ ਦਾ ਵਿਰੋਧ ਕਰਨ ਅਤੇ ਕਿਸਾਨੀ ਮੰਗਾਂ ਦੀ ਹਮਾਇਤ ਕਰਨ ਵਾਲੇ ‘ਪੰਜਾਬੀ ਡਾਇਸਪੋਰਾ’ ਨੂੰ ਦੇਸ਼- ਵਿਰੋਧੀ ਤੱਤ ਕਰਾਰ ਦੇਣਾ ਮਹਾਂ- ਮੂਰਖਤਾ ਹੈ । ਭਾਰਤ ਦੀ ਮੋਦੀ ਸਰਕਾਰ ਕਿਸਾਨ ਵਿਰੋਧੀ ਕਾਨੂੰਨ ਬਣਾ ਕੇ ਕੀਤੀਆਂ ਆਪਣੀਆਂ ਇਤਿਹਾਸਿਕ ਭੁੱਲ ਨੂੰ ਛੁਪਾਉਣ ਖ਼ਾਤਰ ਅੰਤਰ-ਰਾਸ਼ਟਰੀ ਪੱਧਰ ਦੇ ਆਗੂਆਂ ਦੀ ਨਿੰਦਿਆ ਕਰਕੇ ਦੋਸ਼ ਮੁਕਤ ਨਹੀਂ ਹੋ ਸਕਦੀ । ਸਰਕਾਰ ਸਾਰੇ ਜੱਗ ਵਿਚ ਹੋ ਰਹੀ ਖ਼ੁਆਰੀ ਲਈ ਆਪ ਜ਼ਿੰਮੇਵਾਰ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ Quomantry AMRITSAR TIMES

**16 ਦਸੰਬਰ 2020 ਤੋਂ 22 ਦਸੰਬਰ 2020**

## ਕਿਸਾਨੀ ਸੰਘਰਸ਼ - ਜ਼ੁਬਾਨਾਂ ਅਤੇ ਕਲਮਾਂ ਲਈ ਨਾਜ਼ੁਕ ਪਲ

ਕਿਸਾਨੀ ਸੰਘਰਸ਼ ਹੁਣ ਇਕ ਅਹਿਮ ਪੜਾਅ ਤੇ ਹੈ ਜਿੱਥੇ ਸਰਕਾਰ ਅਤੇ ਕਿਸਾਨ ਜਥੇਬੰਦੀਆਂ ਦਰਮਿਆਨ ਗੱਲਬਾਤ ਕਿਸੇ ਹੱਲ ਵੱਲ ਜਾਂਦੀ ਫਿਲਹਾਲ ਨਜ਼ਰ ਨਹੀਂ ਆ ਰਹੀ। ਇਸ ਸਥਿਤੀ ਵਿਚ ਸਰਕਾਰ ਇਸ ਸੰਘਰਸ਼ ਨੂੰ ਖਿਲਾਰਣ ਦਾ ਹਰ ਸੰਭਵ ਯਤਨ ਕਰ ਰਹੀ ਹੈ। ਇਥੋਂ ਤੱਕ ਸੰਘਰਸ਼ ਪਹੁੰਚਣ ਦਾ ਮੁੱਖ ਕਾਰਨ ਹੈ ਕਿ ਇਸ ਵਾਰ ਫੈਸਲੇ ਲੋਕਾਂ ਦੇ ਅਨੁਸਾਰ ਹੁੰਦੇ ਰਹੇ ਹਨ ਜਾ ਕਹਿ ਲਈਏ ਕਿ ਆਗੂਆਂ ਨੂੰ ਲੋਕਾਂ ਅਨੁਸਾਰ ਫੈਸਲੇ ਲੈਣੇ ਪੈਂਦੇ ਰਹੇ ਹਨ ਜੋ ਹੁਣ ਤੱਕ ਵੀ ਲੈ ਰਹੇ ਹਨ। ਹੁਣ ਤੱਕ ਜਿਸ ਨੇ ਜਿਹੜੀ ਵੀ ਗੱਲ ਲੋਕਾਂ ਦੇ ਜਜ਼ਬਾਤਾਂ ਦੇ ਹਾਣ ਦੀ ਨਹੀਂ ਕੀਤੀ, ਲੋਕਾਂ ਨੇ ਉਸ ਗੱਲ ਨੂੰ ਰੱਦ ਕੀਤਾ ਅਤੇ ਉਹ ਗੱਲ ਕਰਨ ਵਾਲਿਆਂ ਨੂੰ ਜਾ ਤਾਂ ਲੋਕਾਂ ਕੋਲੋਂ ਮੁਆਫੀ ਮੰਗਣੀ ਪਈ ਜਾਂ ਲੋਕਾਂ ਅਨੁਸਾਰ ਆਪਣੇ ਫੈਸਲੇ ਬਦਲਣੇ ਪਏ। ਇਹੀ ਇਸ ਸੰਘਰਸ਼ ਦੀ ਖ਼ੂਬਸੂਰਤੀ ਹੈ ਅਤੇ ਇਹੀ ਖ਼ੂਬਸੂਰਤੀ ਸਰਕਾਰ ਨੂੰ ਚੁਭ ਰਹੀ ਹੈ। ਸਰਕਾਰ ਦਾ ਪੂਰਾ ਜ਼ੋਰ ਲੱਗਿਆ ਹੋਇਆ ਹੈ ਕਿ ਇਸ ਸੰਘਰਸ਼ ਨੂੰ ਖਿਲਾਰਿਆ ਜਾਵੇ, ਬਦਨਾਮ ਕੀਤਾ ਜਾਵੇ ਅਤੇ ਆਮ ਲੋਕਾਂ 'ਚ ਇਹਦੇ ਪ੍ਰਤੀ ਹਮਦਰਦੀ ਘਟਾਈ ਜਾਵੇ। ਹੋਰ ਕੋਸ਼ਿਸ਼ਾਂ ਦੇ ਨਾਲ ਨਾਲ ਹੁਣ ਸਰਕਾਰ ਅਖ਼ਬਾਰਾਂ 'ਚ ਇਸ਼ਤਿਹਾਰ ਵੀ ਦੇਣ ਲੱਗ ਗਈ ਹੈ। ਇਹ ਸਭ ਦੇ ਚਲਦਿਆਂ ਸੰਘਰਸ਼ 'ਚ ਕਿਸੇ ਵੀ ਤਰੀਕੇ ਯੋਗਦਾਨ ਪਾਉਣ ਵਾਲਿਆਂ ਲਈ ਇਹ ਬਹੁਤ ਜਰੂਰੀ ਹੋ ਗਿਆ ਹੈ ਕਿ ਉਹ ਹਰ ਕਦਮ ਬਹੁਤ ਸਹਿਜ ਨਾਲ ਅਤੇ ਸੋਚ ਵਿਚਾਰ ਕੇ ਚੱਲਣ। ਭਾਵੇਂ ਇਸ ਸੰਘਰਸ਼ ਦੀ ਅਗਵਾਈ ਕਿਸਾਨ ਯੂਨੀਅਨਾਂ ਕਰ ਰਹੀਆਂ ਹਨ ਪਰ ਗੁਰੂ ਪਾਤਸ਼ਾਹ ਦੀ ਕਿਰਪਾ ਸਦਕਾ ਆਗੂਆਂ ਉੱਤੇ ਕੁੰਡਾ ਲੋਕਾਂ ਦਾ ਹੈ ਜਿਸ ਕਰ ਕੇ ਜਦੋਂ ਵੀ ਕਾਹਲ ਵਿੱਚ ਥੋੜੀ ਜਿਹੀ ਗੱਲ ਇਧਰ ਉੱਧਰ ਹੁੰਦੀ ਹੈ ਤਾਂ ਸਾਹਮਣੇ ਲੋਕਾਂ ਦਾ ਰੋਹ ਮਿਲਦਾ ਹੈ ਪਰ ਜ਼ੁਬਾਨਾਂ ਅਤੇ ਕਲਮਾਂ ਲਈ ਇਹ ਬਹੁਤ ਨਾਜ਼ੁਕ ਪਲ ਹਨ, ਇਸ ਰਾਹ ਤੇ ਹੁਣ ਤਿਲਕਣ ਵਧਦੀ ਰਹੇਗੀ ਅਤੇ ਇਮਤਿਹਾਨ ਔਖਾ ਹੁੰਦਾ ਰਹੇਗਾ।

ਕਿਸਾਨ ਯੂਨੀਅਨਾਂ ਦੇ ਆਗੂ ਸਾਹਿਬਾਨ ਦਿੱਲੀ ਆਉਣ ਨੂੰ ਅੰਦਰੋ ਅੰਦਰੀ ਸਹਿਮਤ ਨਹੀਂ ਸਨ, ਘੱਟੋ ਘੱਟ ਜਿਸ ਤਰੀਕੇ ਆਉਣਾ ਪਿਆ ਇਸ ਤਰੀਕੇ ਤਾਂ ਬਿਲਕੁਲ ਵੀ ਨਹੀਂ, ਇਹ ਗੱਲ ਉਹਨਾਂ ਦੇ ਦਿੱਲੀ ਕੂਚ ਕਰਨ ਤੋਂ ਪਹਿਲਾਂ ਦੇ ਬਿਆਨ ਅਤੇ ਰੋਕਾਂ ਤੋੜਨ ਵਕਤ ਦੇ ਅਮਲ ਤੋਂ ਸਾਫ ਝਲਕਦੀ ਹੈ ਪਰ ਲੋਕਾਂ 'ਚ ਦਿੱਲੀ ਪਹੁੰਚਣ ਦਾ ਜਜ਼ਬਾ ਪੂਰਾ ਮਜ਼ਬੂਤ ਸੀ। ਹੁਣ ਵੀ ਲੋਕ ਤਿੰਨੇ ਕਨੂੰਨ ਰੱਦ ਕਰਾਉਣ ਤੇ ਅੜੇ ਹੋਏ ਹਨ ਅਤੇ ਆਗੂ ਇਸ ਤੋਂ ਘੱਟ ਗੱਲ ਨਾ ਕਰਨ ਇਸ 'ਤੇ ਪਹਿਰਾ ਵੀ ਦੇ ਰਹੇ ਹਨ। ਹੁਣ ਦੀ ਸਥਿਤੀ ਵਿੱਚ ਕਿਸੇ ਵੀ ਮਨੁੱਖ ਨੂੰ ਇਹ ਭੁਲੇਖਾ ਨਹੀਂ ਰੱਖਣਾ ਚਾਹੀਦਾ ਕਿ ਲੋਕ ਸਾਡੇ ਕਰ ਕੇ ਇੱਥੇ ਆਏ ਨੇ ਜਾਂ ਲੋਕ ਸਾਡੀ ਕਹੀ ਹੋਈ ਹਰ ਗੱਲ ਮੰਨ ਕੇ ਸਾਡੇ ਪਿੱਛੇ ਤੁਰਨਗੇ, ਇਹ ਗੱਲਾਂ ਤਾਂ ਪਿੱਛੇ ਰਹਿ ਗਈਆਂ ਹਨ। ਸੰਘਰਸ਼ ਹੁਣ ਲੋਕਾਂ ਦਾ ਬਣ ਚੁੱਕਿਆ ਹੈ ਅਤੇ ਲੋਕਾਂ ਦੇ ਜਜ਼ਬਾਤਾਂ ਅਨੁਸਾਰ ਚੱਲ ਰਿਹਾ ਹੈ। ਜਦੋਂ ਵੀ ਇਹਨਾਂ ਜਜ਼ਬਾਤਾਂ 'ਤੇ ਸੱਟ ਵੱਜੂ, ਤਾਂ ਸੁਭਾਵਿਕ ਹੈ ਕਿ ਹਿਲਜੁਲ ਹੋਣੀ ਹੀ ਹੋਣੀ ਹੈ। ਹੁਣ ਚਾਹੇ ਅੱਗੇ ਲੱਗੇ ਹੋਏ ਡਰਨ, ਚਾਹੇ ਕਨੂੰਨ ਲਾਗੂ ਅਤੇ ਰੱਦ ਦੇ ਵਿਚਲਾ ਕੋਈ ਰਾਹ ਵੇਖ ਕਿਸੇ ਸਮਝੌਤੇ ਵੱਲ ਨੂੰ ਜਾਣ ਦਾ ਯਤਨ ਕਰਨ, ਹੁਣ ਇਸ ਵਹਾਅ ਨੂੰ ਮੋੜਨਾ ਓਹਨਾ ਦੇ ਵਸੋਂ ਬਾਹਰ ਹੋ ਗਿਆ ਹੈ। ਉਹਨਾਂ ਦੇ ਸੰਘਰਸ਼ ਦੇ ਭਾਵੇਂ ਆਪਣੇ ਬਹੁਤ ਤਜ਼ਰਬੇ ਹਨ ਪਰ ਇਹ ਸੰਘਰਸ਼ ਉਹਨਾਂ ਦੀ ਜ਼ਿੰਦਗੀ ਦੇ ਸੰਘਰਸ਼ਾਂ 'ਚੋਂ ਵਿਲੱਖਣ ਹੈ। ਇਸ ਸੰਘਰਸ਼ ਨੂੰ ਪਿਛਲੇ ਹਿਸਾਬ-ਕਿਤਾਬ 'ਚੋਂ ਵੇਖਣਾ ਸਹੀ ਨਹੀਂ ਹੋਵੇਗਾ।

ਗੱਲ ਹੁਣ ਬਹੁਤ ਅੱਗੇ ਨਿਕਲ ਗਈ ਹੈ। ਹੁਣ ਤਾਂ ਸਥਿਤੀ ਇਹ ਬਣੀ ਹੋਈ ਹੈ ਕਿ ਤੁਹਾਡੀ ਪਹਿਲਾਂ ਜੋ ਮਰਜੀ ਕਮਾਈ ਹੋਵੇ, ਜਿੰਨੇ ਮਰਜ਼ੀ ਸਾਲ ਤੁਸੀਂ ਸੰਘਰਸ਼ ਕੀਤੇ ਹੋਣ, ਜਿੰਨੇ ਮਰਜ਼ੀ ਤੁਸੀਂ ਇਮਾਨਦਾਰ ਰਹੇ ਹੋਵੋਂ ਪਰ ਮਸਲਾ ਅਹਿਮ ਇਹ ਹੈ ਕਿ ਹਾਲ ਦੀ ਘੜੀ ਤੁਸੀਂ ਤਿਲਕਣ ਤੋਂ ਕਿੰਨਾ ਬਚਦੇ ਹੋ। ਇਸ ਸੰਘਰਸ਼ ਵਿੱਚ ਪੰਜਾਬ ਦਾ ਤਕਰੀਬਨ ਹਰ ਰੰਗ ਮੌਜੂਦ ਹੈ, ਸਭ ਦਾ ਆਪੋ ਆਪਣਾ ਯੋਗਦਾਨ ਹੈ ਇਸ ਕਰ ਕੇ ਹਰ ਸਖਸ਼ ਖਾਸ ਕਰ ਕੇ ਆਗੂਆਂ ਨੂੰ ਚਾਹੀਦਾ ਹੈ ਕਿ ਹਰ ਰੰਗ ਨੂੰ ਸਮਝੀਏ, ਬਣਦਾ ਸਤਿਕਾਰ ਦਈਏ ਅਤੇ ਜਿਹੜੀ ਸਾਂਝ ਇੰਨੇ ਵਖਵੇ ਬਾਅਦ ਬਣੀ ਹੈ ਉਹ ਬਰਕਰਾਰ ਰੱਖੀਏ। ਲਿਖਣ ਜਾ ਬੋਲਣ ਵਕਤ ਆਪਣੇ ਸ਼ਬਦ ਬਹੁਤ ਸਹਿਜ ਅਤੇ ਸੋਚ ਵਿਚਾਰ ਕੇ ਬਾਹਰ ਲੈ ਕੇ ਆਈਏ। ਜੇਕਰ ਬੋਲਦਿਆਂ ਜਾਂ ਲਿਖਦਿਆਂ ਤਿਲਕੇ ਤਾਂ ਲਿਖਤੀ ਅਤੇ ਮੌਖਿਕ ਵਿਰੋਧ ਲਾਜ਼ਮੀ ਹੋਵੇਗਾ। ਵਿਰੋਧ ਸਾਕਾਰਾਤਮਿਕ ਹੀ ਹੋਵੇ ਇਸ ਗੱਲ ਦੀ ਜ਼ਿੰਮੇਵਾਰੀ ਵੀ ਬਹੁਤ ਵੱਡੀ ਹੈ। ਜੇਕਰ ਵਿਰੋਧ ਕਰਦਿਆਂ ਵੀ ਸਹਿਜ ਅਤੇ ਸਬਰ ਖੋਹ ਬੈਠੇ ਤਾਂ ਵੀ ਗੱਲ ਵਿਗਾੜ ਵਾਲੇ ਪਾਸੇ ਚਲੀ ਜਾਵੇਗੀ। ਸਰਕਾਰੀ ਪਹੁੰਚ ਇਹ ਵੀ ਹੋਵੇਗੀ ਕਿ ਕੁਝ ਇਸ ਤਰ੍ਹਾਂ ਦਾ ਮਹੌਲ ਬਣਾਇਆ ਜਾਵੇ ਜਿਸ ਵਿੱਚ ਵਿਰੋਧ ਕਰਨ ਵਾਲੇ ਆਪਣੀਆਂ ਹੱਦਾਂ ਲੰਘ ਜਾਣ ਅਤੇ ਇਕ ਦੂਜੇ ਦੇ ਪੋਤੜੇ ਫਰੋਲਣ ਤੱਕ ਚਲੇ ਜਾਣ ਜੋ ਖਿਲਾਰਾ ਪਾਉਣ ਵਿਚ ਸਹਾਈ ਹੋਵੇ।

ਇਸ ਨਾਜ਼ੁਕ ਘੜੀ ਵਿੱਚ ਗੁਰੂ ਪਾਤਸ਼ਾਹ ਨੂੰ ਅਰਦਾਸ ਕਰੀਏ ਕਿ ਅਸੀਂ ਸਹਿਜ 'ਚ ਰਹੀਏ, ਸਬਰ ਨਾਲ ਸ਼ਾਤਰ ਦੁਸ਼ਮਣ ਦੇ ਜਬਰ ਦਾ ਮੁਕਾਬਲਾ ਕਰੀਏ। ਬਹੁਤ ਕੁਝ ਦੇਖ ਕੇ ਅਣਦੇਖਾ ਕਰਨਾ ਪੈ ਸਕਦਾ ਹੈ ਪਰ ਕੁੰਡਾ ਢਿੱਲਾ ਨਾ ਹੋਣ ਦਿੱਤਾ ਜਾਵੇ। ਹੁਣ ਤੱਕ ਜਦੋਂ ਵੀ ਆਗੂਆਂ ਨੇ ਕੋਈ ਗੱਲ ਇਧਰ ਓਧਰ ਦੀ ਕੀਤੀ, ਲੋਕਾਂ ਨੇ ਕੁੰਡਾ ਰੱਖਿਆ। ਕੁੰਡਾ ਰੱਖਣ 'ਚ ਵੱਡਾ ਯੋਗਦਾਨ ਬਿਜਲ ਸੱਥ (ਸੋਸ਼ਲ ਮੀਡੀਆ) ਉੱਤੇ ਲਿਖਣ/ਬੋਲਣ ਵਾਲੇ ਹਿੱਸੇ ਦਾ ਵੀ ਹੈ, ਇਹ ਗੱਲ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਇਸ ਕਰ ਕੇ ਮਤਾ ਕੋਈ ਸੋਚੇ ਕਿ ਕੋਈ ਨਿੱਜੀ ਤੌਰ ਉੱਤੇ ਆਪਣੀ ਸਿਆਣਪ ਜਾ ਸਖਸ਼ੀਅਤ ਸਦਕਾ ਇਹ ਦਬਾਅ ਪਾਉਣ ਵਿੱਚ ਸਫਲ ਹੋ ਜਾਂਦਾ ਜੇਕਰ ਬਿਜਲ ਸੱਥ ਉੱਤੇ ਕੋਈ ਗੱਲ ਨਾ ਤੁਰਦੀ। ਆਗੂਆਂ ਨੂੰ ਵੀ ਸੰਗਤ ਦੇ ਕੁੰਡੇ ਨੂੰ ਅਣਦੇਖਾ ਨਹੀਂ ਕਰਨਾ ਚਾਹੀਦਾ, ਕੁੰਡੇ ਦਾ ਭੈਅ ਹੀ ਸੰਘਰਸ਼ ਨੂੰ ਇਥੋਂ ਤੱਕ ਲੈ ਕੇ ਆਇਆ ਹੈ ਅਤੇ ਇਹੀ ਭੈਅ ਸੰਘਰਸ਼ ਨੂੰ ਫਤਿਹ ਹਾਸਲ ਕਰਵਾਵੇਗਾ। ਗੁਰੂ ਪਾਤਸ਼ਾਹ ਮਿਹਰ ਕਰਨ ਸਾਡੀਆਂ ਜ਼ੁਬਾਨਾਂ ਅਤੇ ਕਲਮਾਂ ਇਸ ਤਿਲਕਣ ਭਰੇ ਰਾਹ ਨੂੰ ਸਰ ਕਰਨ ਦੇ ਸਮਰੱਥ ਬਣ ਸਕਣ।

# ..ਤੇ ਤੁਸੀਂ ਸੋਚਦੇ ਹੋ ਕਿ ਇਹ ਮਹਿਜ਼ ਕਿਸਾਨਾਂ ਦਾ ਮਸਲਾ ਹੈ !

**- ਪੀ. ਸਾਈਨਾਥ**

"ਇਸ ਕਾਨੂੰਨ ਜਾਂ ਇਹਦੇ ਕਿਸੇ ਨੇਮ ਜਾਂ ਫ਼ਰਮਾਨਾਂ ਤਹਿਤ ਨੇਕ ਨੀਅਤ ਨਾਲ ਕੀਤੇ ਜਾਂ ਕਲਪੇ ਗਏ ਕਿਸੇ ਕਾਰਜ ਬਦਲੇ ਕੇਂਦਰ ਸਰਕਾਰ ਜਾਂ ਰਾਜ ਸਰਕਾਰ ਜਾਂ ਕੇਂਦਰ ਸਰਕਾਰ ਜਾਂ ਰਾਜ ਸਰਕਾਰ ਦੇ ਕਿਸੇ ਅਫ਼ਸਰ ਜਾਂ ਕਿਸੇ ਵੀ ਹੋਰ ਵਿਅਕਤੀ ਖਿਲਾਫ਼ ਕੋਈ ਦਾਵਾ, ਮੁਕੱਦਮਾ ਜਾਂ ਕਿਸੇ ਕਿਸਮ ਦੀ ਕਾਨੂੰਨੀ ਚਾਰਾਜੋਈ ਨਹੀਂ ਕੀਤੀ ਜਾ ਸਕੇਗੀ।"

ਇਹ ਹੈ ਕਿਸਾਨੀ ਉਪਜ ਵਪਾਰ ਤੇ ਵਣਜ (ਪ੍ਰੋਤਸਾਹਨ ਤੇ ਸਹਾਇਕ) ਕਾਨੂੰਨ, 2020 ਦੀ ਧਾਰਾ 13 (ਜਿਸ ਦਾ ਮਕਸਦ ਏਪੀਐਮਸੀਜ਼ ਨੂੰ ਦਫ਼ਨ ਕਰਨਾ ਹੈ)।

ਤੁਹਾਡਾ ਕੀ ਖਿਆਲ ਹੈ ਕਿ ਇਹ ਕਾਨੂੰਨ ਸਿਰਫ਼ ਕਿਸਾਨਾਂ ਲਈ ਹਨ? ਯਕੀਨਨ, ਕੁਝ ਹੋਰ ਕਾਨੂੰਨ ਵੀ ਹਨ ਜੋ ਸਰਕਾਰੀ ਅਫ਼ਸਰਾਂ ਨੂੰ ਆਪਣੇ ਕਾਨੂੰਨੀ ਫ਼ਰਜ਼ ਅੰਜਾਮ ਦੇਣ ਬਦਲੇ ਮੁਕੱਦਮੇ ਤੋਂ ਛੋਟ ਦਿੰਦੇ ਹਨ ਪਰ ਇਹ ਕਾਨੂੰਨ ਉਨ੍ਹਾਂ ਤੋਂ ਕਿਤੇ ਉਪਰ ਹਨ। 'ਨੇਕ ਨੀਅਤ' ਨਾਲ ਕੰਮ ਕਰਨ ਵਾਲੇ ਇਨ੍ਹਾਂ ਸਭਨਾਂ ਨੂੰ ਦਿੱਤੀ ਛੋਟ ਹੱਦ ਬੰਨੇ ਟੱਪ ਜਾਂਦੀ ਹੈ। ਇਹੀ ਨਹੀਂ ਕਿ ਇਹ ਲੋਕ ਨੇਕ ਇਰਾਦੇ ਨਾਲ ਭਾਵੇਂ ਕੋਈ ਅਪਰਾਧ ਵੀ ਕਰ ਦੇਣ ਤਾਂ ਵੀ ਉਨ੍ਹਾਂ ਨੂੰ ਅਦਾਲਤ ਦੇ ਕਟਹਿਰੇ 'ਚ ਖੜ੍ਹਾ ਨਹੀਂ ਕੀਤਾ ਜਾ ਸਕੇਗਾ, ਸਗੋਂ ਉਨ੍ਹਾਂ ਨੂੰ ਉਸ ਕਾਨੂੰਨੀ ਕਾਰਵਾਈ ਤੋਂ ਵੀ ਪੂਰੀ ਸੁਰੱਖਿਆ ਦੇ ਦਿੱਤੀ ਹੈ ਜੋ ਗੁਨਾਹ (ਬਿਨਾਂ ਸ਼ੱਕ ਨੇਕ ਨੀਅਤ ਨਾਲ) ਉਨ੍ਹਾਂ ਨੇ ਅੱਗੇ ਚੱਲ ਕੇ ਕਰਨੇ ਹਨ।

ਜੇ ਹਾਲੇ ਵੀ ਨੁਕਤਾ ਤੁਹਾਡੀ ਪਕੜ 'ਚ ਨਹੀਂ ਆਇਆ ਤਾਂ ਜਾਣ ਲਓ ਕਿ ਧਾਰਾ 15 ਇਹ ਸਪੱਸ਼ਟ ਕਰ ਦਿੰਦੀ ਹੈ ਕਿ ਤੁਹਾਡੇ ਕੋਲ ਕਾਨੂੰਨੀ ਚਾਰਾਜੋਈ ਦਾ ਕੋਈ ਹੱਕ ਨਹੀਂ ਹੈ। ਇਸ ਵਿਚ ਦਰਜ ਹੈ: "ਕਿਸੇ ਵੀ ਦੀਵਾਨੀ ਅਦਾਲਤ ਕੋਲ ਅਜਿਹੇ ਕਿਸੇ ਵੀ ਮਾਮਲੇ ਦੇ ਸਬੰਧ ਵਿਚ ਕੋਈ ਵੀ ਦਾਵਾ ਜਾਂ ਅਰਜ਼ੀ ਦਾਖ਼ਲ ਕਰਨ ਦਾ ਕੋਈ ਅਧਿਕਾਰ ਖੇਤਰ ਨਹੀਂ ਹੋਵੇਗਾ ਜੋ ਇਸ ਕਾਨੂੰਨ ਅਧੀਨ ਜਾਂ ਇਸ ਦੇ ਨੇਮਾਂ ਤਹਿਤ ਅਧਿਕਾਰਤ ਕਿਸੇ ਅਥਾਰਿਟੀ ਦੇ ਧਿਆਨ ਵਿਚ ਲਿਆਂਦਾ ਜਾ ਸਕਦਾ ਜਾਂ ਨਿਬੇੜਿਆ ਜਾ ਸਕਦਾ ਹੈ।"

ਨੇਕ ਨੀਅਤ ਨਾਲ ਕੰਮ ਕਰਨ ਵਾਲੇ ਇਹ 'ਕੋਈ ਵੀ ਹੋਰ ਲੋਕ' ਕੌਣ ਹੋਣਗੇ ਜਿਨ੍ਹਾਂ ਨੂੰ ਕਾਨੂੰਨੀ ਚੁਣੌਤੀ ਨਹੀਂ ਦਿੱਤੀ ਜਾ ਸਕੇਗੀ? ਇਕ ਇਸ਼ਾਰਾ ਦਿੰਦੇ ਹਾਂ: ਉਨ੍ਹਾਂ ਕਾਰਪੋਰੇਟ ਕੰਪਨੀਆਂ ਦੇ ਨਾਵਾਂ ਨੂੰ ਸੁਣਨ ਦੀ ਕੋਸ਼ਿਸ਼ ਕਰੋ ਜੋ ਅੰਦੋਲਨਕਾਰੀ ਕਿਸਾਨਾਂ ਦੇ ਲਬਾਂ 'ਤੇ ਹਨ। ਇਹੀ ਤਾਂ ਹੈ ਵੱਡੇ ਵੱਡੇ ਕਾਰੋਬਾਰੀ ਘਰਾਣਿਆਂ ਲਈ ਕਾਰੋਬਾਰੀ ਸੌਖ ( )।

"ਕੋਈ ਵੀ ਦਾਵਾ, ਮੁਕੱਦਮਾ ਜਾਂ ਕਿਸੇ ਕਿਸਮ ਦੀ ਕਾਨੂੰਨੀ ਚਾਰਾਜੋਈ ਨਹੀਂ ਹੋ ਸਕੇਗੀ... " ਸਿਰਫ ਇਹੀ ਨਹੀਂ ਕਿ ਕਿਸਾਨ ਕਾਨੂੰਨੀ ਚਾਰਾਜੋਈ ਨਹੀਂ ਕਰ ਸਕੇਗਾ। ਕੋਈ ਹੋਰ ਵੀ ਨਹੀਂ ਕਰ ਸਕੇਗਾ। ਲੋਕ ਹਿੱਤ ਪਟੀਸ਼ਨ ਦੇ ਮੁਕੱਦਮੇ 'ਤੇ ਵੀ ਇਹ ਲਾਗੂ ਹੋਵੇਗਾ। ਕੋਈ ਗ਼ੈਰ ਲਾਭਕਾਰੀ ਗਰੁਪ ਜਾਂ ਕੋਈ ਕਿਸਾਨ ਜਥੇਬੰਦੀ ਅਤੇ ਕੋਈ ਹੋਰ ਨਾਗਰਿਕ (ਕਿਸੇ ਨੇਕ ਜਾਂ ਬਦ ਨੀਅਤ ਨਾਲ ਵੀ) ਦਖ਼ਲ ਨਹੀਂ ਦੇ ਸਕੇਗਾ।

ਬਿਨਾਂ ਸ਼ੱਕ, 1975-77 ਦੀ ਐਮਰਜੈਂਸੀ (ਜਦੋਂ ਸਿੱਧਮ ਸਿੱਧਾ ਸਾਡੇ ਸਾਰੇ ਬੁਨਿਆਦੀ ਅਧਿਕਾਰ ਮੁਲਤਵੀ ਕਰ ਦਿੱਤੇ ਗਏ ਸਨ) ਤੋਂ ਅੱਗੇ ਪਿੱਛੇ ਕਿਸੇ ਕਾਨੂੰਨੀ ਚਾਰਾਜੋਈ ਲਈ ਨਾਗਰਿਕ ਦੇ ਅਧਿਕਾਰ 'ਤੇ ਇਸ ਕਿਸਮ ਦੀਆਂ ਅਥਾਹ ਪਾਬੰਦੀਆਂ ਲਾਉਣ ਦੀ ਹੋਰ ਕੋਈ ਮਿਸਾਲ ਨਹੀਂ ਮਿਲਦੀ।

ਭਾਰਤ ਦਾ ਹਰ ਨਾਗਰਿਕ ਇਸ ਦੀ ਮਾਰ ਹੇਠ ਆਉਂਦਾ ਹੈ। ਇਨ੍ਹਾਂ ਕਾਨੂੰਨਾਂ ਦੇ ਅੰਗਰੇਜ਼ੀ ਉਲੱਥੇ ਵਿਚ ਅਫ਼ਸਰਸ਼ਾਹੀ (ਹੇਠਲੇ ਦਰਜੇ ਦੀ) ਨੂੰ ਨਿਆਂਪਾਲਿਕਾ ਵਿਚ ਬਦਲ ਦਿੱਤਾ ਗਿਆ ਹੈ। ਇਹ ਕਾਨੂੰਨ ਕਿਸਾਨਾਂ ਤੇ ਦਿਓ ਕੱਦ ਕਾਰਪੋਰੇਸ਼ਨ ਕੰਪਨੀਆਂ ਦਰਮਿਆਨ ਬਹੁਤ ਹੀ ਅਸਾਵੇਂ ਸ਼ਕਤੀ ਸਮਤੋਲ ਦਾ ਵੀ ਦਰਪਣ ਹਨ। ਇਸ ਤੋਂ ਹੱਕੀ-ਬੱਕੀ ਹੋਈ ਦਿੱਲੀ ਬਾਰ ਕੌਂਸਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਚਿੱਠੀ ਲਿਖ ਕੇ ਪੁੱਛਿਆ ਹੈ: ਕਿਸੇ ਦੀਵਾਨੀ ਮਾਮਲਿਆਂ ਵਾਲੇ ਕਿਸੇ ਮੁਕੱਦਮੇ ਨੂੰ ਸਾਲਸੀ ਲਈ ਪ੍ਰਸ਼ਾਸਕੀ ਏਜੰਸੀਆਂ ਦੀ ਸ਼ਮੂਲੀਅਤ ਵਾਲੇ ਢਾਂਚੇ ਜਿਸ ਨੂੰ ਸਰਕਾਰੀ ਅਹਿਲਕਾਰਾਂ ਰਾਹੀਂ ਚਲਾਇਆ ਤੇ ਕੰਟਰੋਲ ਕੀਤਾ ਜਾਂਦਾ ਹੋਵੇ, ਦੇ ਹਵਾਲੇ ਕਿਵੇਂ ਕੀਤਾ ਜਾ ਸਕਦਾ ਹੈ? ਦਿੱਲੀ ਬਾਰ ਕੌਂਸਲ ਨੇ ਤਾਂ ਇਹ ਵੀ ਕਹਿ ਦਿੱਤਾ ਕਿ ਕਾਰਜਪਾਲਿਕਾ ਨੂੰ ਨਿਆਇਕ ਸ਼ਕਤੀਆਂ ਸੌਂਪਣ ਦੀ ਕਾਰਵਾਈ 'ਖ਼ਤਰਨਾਕ ਤੇ ਬੱਜਰ ਭੁੱਲ' ਹੈ। ਤੇ ਨਾਲ ਹੀ ਕਾਨੂੰਨੀ ਪੇਸ਼ੇ 'ਤੇ ਇਸ ਦੇ ਪੈਣ ਵਾਲੇ ਅਸਰ ਬਾਰੇ ਲਿਖਿਆ ਹੈ।

ਕੀ ਤੁਸੀਂ ਹਾਲੇ ਵੀ ਇਹੀ ਸੋਚ ਰਹੇ ਹੋ ਕਿ ਇਨ੍ਹਾਂ ਕਾਨੂੰਨਾਂ ਦਾ ਵਾਸਤਾ ਸਿਰਫ ਕਿਸਾਨਾਂ ਨਾਲ ਹੈ? ਇਕਰਾਰਨਾਮਿਆਂ () ਬਾਰੇ ਕਾਨੂੰਨ ਕੀਮਤ ਜ਼ਾਮਨੀ ਅਤੇ ਖੇਤੀ ਸੇਵਾਵਾਂ ਬਾਰੇ ਕਿਸਾਨਾਂ ਦੇ (ਸ਼ਕਤੀਕਰਨ ਅਤੇ ਸੁਰੱਖਿਆ) ਕਾਨੂੰਨ, 2020 ਵਿਚ ਕਾਰਜਪਾਲਿਕਾ ਨੂੰ ਹੋਰ ਵੀ ਜ਼ਿਆਦਾ ਨਿਆਇਕ ਸ਼ਕਤੀਆਂ ਤਬਦੀਲ ਕੀਤੀਆਂ ਗਈਆਂ ਹਨ। ਇਸ ਦੀ ਧਾਰਾ 18 ਮੁੜ ਜੁਗਾਲੀ ਕਰਦੀ ਹੈ "ਕਿਸੇ ਵੀ ਦੀਵਾਨੀ ਅਦਾਲਤ ਕੋਲ ਅਜਿਹੇ ਕਿਸੇ ਵੀ ਵਿਵਾਦ ਮੁਤੱਲਕ ਕੋਈ ਦਾਵਾ ਸੁਣਵਾਈ ਲਈ ਮਨਜ਼ੂਰ ਕਰਨ ਦਾ ਦਾਇਰਾ ਅਖਤਿਆਰ ਨਹੀਂ ਹੋਵੇਗਾ ਜਿਸ 'ਤੇ ਸਬ ਡਿਵੀਜ਼ਨਲ ਅਹਿਲਕਾਰ ਜਾਂ ਅਪੀਲੀ ਅਥਾਰਿਟੀ ਨੂੰ ਇਸ ਕਾਨੂੰਨ ਤਹਿਤ ਫ਼ੈਸਲਾ ਕਰਨ ਦਾ ਅਖਤਿਆਰ ਹੋਵੇ ਅਤੇ ਕਿਸੇ ਵੀ ਅਦਾਲਤ ਜਾਂ ਹੋਰ ਕਿਸੇ ਅਥਾਰਿਟੀ ਵਲੋਂ ਇਸ ਕਾਨੂੰਨ ਤਹਿਤ ਜਾਂ ਇਸ ਦੇ ਨੇਮਾਂ ਤਹਿਤ ਸੌਂਪੇ ਗਏ ਅਖਤਿਆਰਾਂ ਮੁਤਾਬਕ ਕੀਤੀ ਗਈ ਕਿਸੇ ਵੀ ਤਰ੍ਹਾਂ ਦੀ ਕਾਰਵਾਈ ਦੇ ਸਬੰਧ ਵਿਚ ਕੋਈ ਮਨਾਹੀ ਹੁਕਮ ਜਾਰੀ ਨਹੀਂ ਕੀਤੇ ਜਾ ਸਕਣਗੇ।" ਜਰਾ ਸੋਚ, ਭਾਰਤੀ ਸੰਵਿਧਾਨ ਦੀ ਧਾਰਾ 19 ਬੋਲਣ ਤੇ ਸਵੈ ਪ੍ਰਗਟਾਵੇ, ਸ਼ਾਂਤਮਈ ਢੰਗ ਨਾਲ ਇਕੱਠੇ ਹੋਣ, ਘੁੰਮਣ ਫਿਰਨ, ਸਭਾਵਾਂ ਤੇ ਜਥੇਬੰਦੀਆਂ ਦਾ ਗਠਨ ਕਰਨ ਆਦਿ ਦੀ ਆਜ਼ਾਦੀ ਨਾਲ ਜੁੜੀ ਹੋਈ ਹੈ। ਇਸ ਖੇਤੀ ਕਾਨੂੰਨ ਦੀ ਧਾਰਾ 19 ਦਾ ਲਬੋਲਬਾਬ ਸੰਵਿਧਾਨ ਦੀ ਧਾਰਾ 32 'ਤੇ ਵੀ ਸੱਟ ਮਾਰਦਾ ਹੈ, ਜੋ ਸੰਵਿਧਾਨਕ ਉਪਚਾਰ (ਕਾਨੂੰਨੀ ਚਾਰਾਜੋਈ) ਦੇ ਹੱਕ ਦੀ ਜ਼ਾਮਨੀ ਦਿੰਦੀ ਹੈ। ਧਾਰਾ 32 ਨੂੰ ਸੰਵਿਧਾਨ ਦੇ ਮੂਲ ਢਾਂਚੇ ਦਾ ਹਿੱਸਾ ਤਸਲੀਮ ਕੀਤਾ ਗਿਆ ਹੈ।

'ਮੁੱਖਧਾਰਾ ਮੀਡੀਆ' (ਕੇਹਾ ਸਿਤਮ ਹੈ ਕਿ ਇਹ ਫ਼ਿਕਰਾ ਅਜਿਹੇ ਮੰਚਾਂ ਲਈ ਵਰਤਿਆ ਜਾਂਦਾ ਹੈ ਜਿਨ੍ਹਾਂ ਦੀ ਸਮੱਗਰੀ 'ਚ 70 ਫ਼ੀਸਦ ਆਬਾਦੀ ਨਾਲ ਕੋਈ ਸਰੋਕਾਰ ਹੀ ਨਹੀਂ ਹੈ) ਨੂੰ ਯਕੀਨਨ ਪਤਾ ਹੈ ਕਿ ਭਾਰਤੀ ਜਮਹੂਰੀਅਤ ਉੱਤੇ ਇਨ੍ਹਾਂ ਨਵੇਂ ਕਾਨੂੰਨਾਂ ਦਾ ਕੀ ਅਸਰ ਪੈਣਾ ਹੈ ਪਰ ਉਨ੍ਹਾਂ ਲਈ ਲੋਕ ਹਿੱਤ ਜਾਂ ਲੋਕਸ਼ਾਹੀ ਨਾਲੋਂ ਮੁਨਾਫ਼ੇ ਦੀ ਖਿੱਚ ਕਿਤੇ ਜ਼ਿਆਦਾ ਪੁਰਜ਼ੋਰ ਹੈ। ਹਿੱਤਾਂ ਦੇ ਟਕਰਾਅ ਬਾਰੇ ਜੇ ਕੋਈ ਭਰਮ ਭੁਲੇਖਾ ਹੈ ਤਾਂ ਲਾਹ ਦਿਓ। ਅਸਲ ਵਿਚ ਇਹ ਮੀਡੀਆ ਵੀ ਕਾਰਪੋਰੇਸ਼ਨਾਂ ਹੀ ਤਾਂ ਹਨ। ਸਭ ਤੋਂ ਵੱਡੀਆਂ ਭਾਰਤੀ ਕਾਰਪੋਰੇਸ਼ਨਾਂ ਦਾ ਬਿੱਗਬੌਸ ਵੀ ਇਸ ਮੁਲਕ ਦਾ ਇਕ ਸਭ ਤੋਂ ਧਨਾਢ ਤੇ ਸਭ ਤੋਂ ਵੱਡਾ ਮੀਡੀਆ ਮਾਲਕ ਹੀ ਹੈ। ਦਿੱਲੀ ਦੀ ਫਿਰਨੀ 'ਤੇ ਡਟੇ ਬੈਠੇ ਕਿਸਾਨ ਜਿਹੜੇ ਕੁਝ ਲੋਕਾਂ ਦਾ ਨਾਂ ਕੂਕਦੇ ਹਨ, ਉਨ੍ਹਾਂ 'ਚ ਕੁਝ ਨਾਂ ਦੇਸ਼ ਦੇ ਵੱਡੇ ਸਨਅਤਕਾਰਾਂ ਦੇ ਵੀ ਹਨ। ਥੋੜ੍ਹਾ ਹੇਠਲੇ ਪੱਧਰਾਂ 'ਤੇ ਵੀ ਕਾਫ਼ੀ ਦੇਰ ਤੋਂ ਚੌਥੇ ਸਤੰਭ ਅਤੇ ਰੀਅਲ ਅਸਟੇਟ ਵਿਚਕਾਰ ਫ਼ਰਕ ਕਰਨਾ ਮੁਸ਼ਕਿਲ ਹੈ। 'ਮੁੱਖਧਾਰਾ ਦਾ ਮੀਡੀਆ' ਵੀ ਇਸ ਜਿਲ੍ਹਣ 'ਚ ਡੁੱਬਿਆ ਪਿਆ ਹੈ ਤੇ ਉਸ ਤੋਂ ਆਸ ਹੀ ਨਹੀਂ ਕੀਤੀ ਜਾ ਸਕਦੀ ਕਿ ਉਹ ਕਾਰਪੋਰੇਸ਼ਨਾਂ ਨਾਲੋਂ ਲੋਕਾਂ ਦੇ ਹਿੱਤਾਂ (ਕਿਸਾਨਾਂ ਦੇ ਹਿੱਤਾਂ ਦੀ ਤਾਂ ਰਹਿਣ ਹੀ ਦਿਓ) ਨੂੰ ਮੂਹਰੇ ਰੱਖਣਗੇ। ਅਖ਼ਬਾਰਾਂ ਤੇ ਚੈਨਲਾਂ 'ਤੇ ਕਿਸਾਨਾਂ ਨੂੰ ਸ਼ੈਤਾਨ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ; ਰਈਸ ਕਿਸਾਨ, ਸਿਰਫ਼ ਪੰਜਾਬ ਤੋਂ ਆਏ ਹੋਏ, ਖਾਲਿਸਤਾਨੀ, ਦੰਭੀ, ਕਾਂਗਰਸੀ ਪਿੱਠੂ ਤੇ ਕਈ ਹੋਰ ਲਕਬ ਦੇਣ ਵਾਲੀਆਂ ਇਕ ਤੋਂ ਬਾਅਦ ਇਕ ਸਿਆਸੀ ਰਿਪੋਰਟਾਂ (ਕੁਝ ਕੁ ਬਹੁਤ ਚੰਗੀਆਂ ਵੀ ਸਨ) ਰੁਕਣ ਦਾ ਨਾਂ ਨਹੀਂ ਲੈ ਰਹੀਆਂ। ਵੱਡੇ ਮੀਡੀਆ ਦੇ ਸੰਪਾਦਕੀਆਂ ਦੀ ਸੁਰ ਕੁਝ ਵੱਖਰੀ ਸੀ, ਮਗਰਮੱਛ ਦੇ ਹੰਝੂਆਂ ਵਾਲੀ; ਜਿਵੇਂ 'ਸਰਕਾਰ ਨੂੰ ਇਸ ਮੁੱਦੇ ਨੂੰ ਬਿਹਤਰ ਢੰਗ ਨਾਲ ਸਿੱਝਣਾ ਚਾਹੀਦਾ ਸੀ। ਆਖ਼ਰਕਾਰ ਇਹ ਵਿਚਾਰੇ ਅਕਲ ਦੇ ਅੰਨ੍ਹਿਆਂ ਦੇ ਟੋਲੇ ਹੀ ਹਨ ਜਿਹੜੇ ਕੁਝ ਵੇਖ ਨਹੀਂ ਸਕਦੇ ਤੇ ਇਨ੍ਹਾਂ ਨੂੰ ਨਿਜ਼ਾਮ ਦੇ ਅਰਥ ਸ਼ਾਸਤਰੀਆਂ ਅਤੇ ਪ੍ਰਧਾਨ ਮੰਤਰੀ ਦੀ ਦਾਨਿਸ਼ਮੰਦੀ ਤੋਂ ਜਾਣੂ ਕਰਵਾਇਆ ਜਾਣਾ ਚਾਹੀਦਾ ਹੈ ਕਿ ਇਨ੍ਹਾਂ ਕਿੱਡੇ ਲਾਭਕਾਰੀ ਕਾਨੂੰਨ ਲਿਆਂਦੇ ਹਨ ਜੋ ਕਿਸਾਨਾਂ ਅਤੇ ਦੇਸ਼ ਦੇ ਅਰਥਚਾਰੇ ਲਈ ਇੰਨੇ ਅਹਿਮ ਹਨ।' ਆਖ਼ਰ 'ਚ ਸੰਪਾਦਕੀਆਂ ਦਾ ਤੋੜਾ ਹੁੰਦਾ: ਇਹ ਕਾਨੂੰਨ ਅਹਿਮ ਤੇ ਜ਼ਰੂਰੀ ਹਨ ਅਤੇ ਇਨ੍ਹਾਂ ਨੂੰ ਲਾਗੂ ਕੀਤਾ ਜਾਣਾ ਚਾਹੀਦਾ ਹੈ।

ਇਕ ਅੰਗਰੇਜੀ ਅਖਬਾਰ ਵਿਚ ਲਿਖਿਆ ਹੈ: "ਇਸ ਸਮੁੱਚੇ ਘਟਨਾਕ੍ਰਮ ਦੌਰਾਨ ਨੁਕਸ ਸੁਧਾਰਾਂ ਵਿਚ ਨਹੀਂ ਸਗੋਂ ਇਸ ਵਿਚ ਹਨ ਕਿ ਸਰਕਾਰ ਨੇ ਜਿਸ ਢੰਗ ਨਾਲ ਖੇਤੀ ਕਾਨੂੰਨ ਪਾਸ ਕਰਵਾਏ ਹਨ ਅਤੇ ਸਰਕਾਰ ਦੀ ਸੰਚਾਰ ਰਣਨੀਤੀ ਜਾਂ ਇਸ ਦੀ ਅਣਹੋਂਦ ਵਿਚ ਪਏ ਹਨ।" ਅਖਬਾਰ ਨੂੰ ਇਸ ਗੱਲ ਦਾ ਵੀ ਫਿਕਰ ਹੈ ਕਿ ਕਿਤੇ ਇਸ ਗਾਹ ਦਾ ਅਸਰ ਇਨ੍ਹਾਂ ਤਿੰਨ ਖੇਤੀ ਸੁਧਾਰਾਂ ਜਿਹੀਆਂ ਸੁਧਾਰਾਂ ਦੀਆਂ ਹੋਰਨਾਂ ਪਾਕ-ਸਾਫ਼ ਯੋਜਨਾਵਾਂ 'ਤੇ ਨਾ ਪੈ ਜਾਵੇ ਜੋ ਭਾਰਤੀ ਖੇਤੀਬਾੜੀ ਵਿਚਲੀਆਂ ਅਸਲ ਸੰਭਾਵਨਾਵਾਂ ਦਾ ਲਾਹਾ ਵੱਟਣ ਲਈ ਜ਼ਰੂਰੀ ਹਨ।

ਇਕ ਹੋਰ ਅੰਗਰੇਜੀ ਅਖਬਾਰ ਵਿਚ ਕਿਹਾ ਗਿਆ ਹੈ ਕਿ ਸਾਰੀਆਂ ਸਰਕਾਰਾਂ ਦਾ ਮੂਲ ਕਾਰਜ ਕਿਸਾਨਾਂ ਅੰਦਰ ਇਹ ਭੁਲੇਖਾ ਦੂਰ ਕਰਨਾ ਹੈ ਕਿ ਘੱਟੋ-ਘੱਟ ਸਮਰਥਨ ਮੁੱਲ ਪ੍ਰਣਾਲੀ ਦਾ ਖਾਤਮਾ ਹੋਣ ਜਾ ਰਿਹਾ ਹੈ...।

ਆਖਰਕਾਰ ਕੇਂਦਰ ਸਰਕਾਰ ਦਾ ਸੁਧਾਰਾਂ ਦਾ ਪੈਕੇਜ ਖੇਤੀ ਵਪਾਰ ਵਿਚ ਪ੍ਰਾਈਵੇਟ ਭਿਆਲੀ ਨੂੰ ਸੁਧਾਰਨ ਦਾ ਸੁਹਿਰਦ ਯਤਨ ਹੈ। ਖੇਤੀ ਆਮਦਨ ਦੁੱਗਣੀ ਕਰਨ ਦੀਆਂ ਆਸਾਂ ਇਨ੍ਹਾਂ ਨਵਜੰਮੇ ਸੁਧਾਰਾਂ ਦੀ ਸਫਲਤਾ 'ਤੇ ਟਿਕੀਆਂ ਹੋਈਆਂ ਹਨ; ਤੇ ਇਹੋ ਜਿਹੇ ਸੁਧਾਰ ਭਾਰਤੀ ਖੁਰਾਕ ਬਾਜ਼ਾਰ ਦੀਆਂ ਤਰੁੱਟੀਆਂ ਵੀ ਦੂਰ ਕਰਨਗੇ। ਇਕ ਹੋਰ ਅੰਗਰੇਜੀ ਅਖਬਾਰ ਅਨੁਸਾਰ: "ਇਸ ਪੇਸ਼ਕਦਮੀ (ਨਵੇਂ ਕਾਨੂੰਨ) ਦਾ ਇਕ ਠੋਸ ਤਰਕ ਹੈ ਅਤੇ ਕਿਸਾਨਾਂ ਨੂੰ ਇਹ ਮੰਨਣਾ ਪਵੇਗਾ ਕਿ ਕਾਨੂੰਨਾਂ ਦੀ ਹਕੀਕਤ ਬਦਲਣ ਵਾਲੀ ਨਹੀਂ ਹੈ।" ਇਸ ਦੇ ਨਾਲ ਹੀ ਸੰਪਾਦਕੀ ਸੰਵੇਦਨਸ਼ੀਲ ਹੋਣ ਦਾ ਵਾਸਤਾ ਪਾਉਂਦੀ ਹੈ, ਉਹ ਵੀ ਉਨ੍ਹਾਂ ਹੀ ਕਿਸਾਨਾਂ ਨੂੰ ਜੋ ਇਸ ਦੀ ਨਜ਼ਰ ਵਿਚ 'ਕੱਟੜਵਾਦੀ-ਪਛਾਣ ਦੇ ਮੁੱਦਿਆਂ' ਨਾਲ ਖੇਡ ਰਹੇ ਹਨ ਅਤੇ ਅਤਿਵਾਦੀ ਮੁਹਾਵਰੇ ਤੇ ਕਾਰਵਾਈਆਂ ਸੰਗ ਖੜ੍ਹੇ ਹੋਏ ਹਨ।

ਸਰਕਾਰ ਸ਼ਾਇਦ ਇਨ੍ਹਾਂ ਸਵਾਲਾਂ ਨਾਲ ਖੌਝਲ ਰਹੀ ਹੈ ਕਿ ਕਿਸਾਨ ਅਣਜਾਣਪੁਣੇ 'ਚ ਅਜਿਹੇ ਕਿਹੜੇ ਸਾਜਿਸ਼ੀਆਂ ਦੀ ਦੀ ਤਰਜਮਾਨੀ ਕਰਦੇ ਹਨ ਤੇ ਉਹ ਕਿਨ੍ਹਾਂ ਦੇ ਇਸ਼ਾਰੇ 'ਤੇ ਚਲਦੇ ਹਨ। ਸੰਪਾਦਕੀ ਲੇਖਕਾਂ ਨੂੰ ਸ਼ਾਇਦ ਇਸ ਬਾਰੇ ਜ਼ਿਆਦਾ ਚਾਨਣ ਹੋਵੇਗਾ ਕਿ ਉਹ ਲੋਕ ਕਿਨ੍ਹਾਂ ਦੀ ਨੁਮਾਇੰਦਗੀ ਕਰਦੇ ਹਨ ਅਤੇ ਉਨ੍ਹਾਂ ਨੂੰ ਕਾਰਪੋਰੇਟ ਦੇ ਜੁਬਾੜਿਆਂ ਦੀ ਗਰਾਹੀ ਬਣਨ ਦਾ ਕੋਈ ਖਤਰਾ ਨਹੀਂ ਹੈ ਜੋ ਉਨ੍ਹਾਂ ਦੀਆਂ ਪਾਲਣਹਾਰ ਹਨ। ਕੁਝ ਕੁ ਸਾਰਥਕ ਤੇ ਨਿਸਬਤਨ ਘੱਟ ਉਲਾਰ ਟੈਲੀਵਿਜ਼ਨਾਂ 'ਤੇ ਵੀ ਕੁਝ ਬੰਧੂਆਂ ਮਾਹਿਰਾਂ ਤੇ ਬੁੱਧੀਜੀਵੀਆਂ ਦੇ ਸਾਹਮਣੇ ਬਹਿਸ ਦੇ ਸਵਾਲ ਹਮੇਸ਼ਾ ਨਿਜ਼ਾਮ ਦੇ ਚੌਖਟੇ ਵਿਚ ਹੀ ਰੱਖੇ ਜਾਂਦੇ ਹਨ।

**ਬਾਕੀ ਸਫ਼ਾ 27 'ਤੇ**

# ਅਡਾਨੀ ਅੰਬਾਨੀ ਵਿਰੁਧ ਬਣਿਆ ਕਿਸਾਨੀ ਘੋਲ

## ✪ ਪੰਜਾਬ ਵਿਚ ਭਾਜਪਾ ਦਾ ਸਿਆਸੀ ਭਵਿੱਖ ਹਨੇਰੇ ਵਿਚ ✪ ਕੇਂਦਰ ਸਰਕਾਰ ਕਿਸਾਨੀ ਮੰਗਾਂ ਮੰਨਣ ਦੇ ਮੂਡ ਵਿਚ ਨਹੀਂ ✪ ਖੇਤੀ ਕਾਨੂੰਨ ਕਿਸਾਨਾਂ ਦੇ ਕਲਿਆਣ ਲਈ ਪਰ ਕਿਸਾਨਾਂ ਨੂੰ ਕੁਰਾਹੇ ਪਾਇਆ ਜਾ ਰਿਹਾ ਹੈ: ਮੋਦੀ

**ਜਲੰਧਰ /ਏ.ਟੀ.ਨਿਊਜ਼:** ਇਕ ਪਾਸੇ ਸਰਕਾਰ ਲਗਾਤਾਰ ਕਿਸਾਨਾਂ ਨੂੰ ਗੱਲਬਾਤ ਲਈ ਬੁਲਾ ਰਹੀ ਹੈ, ਦੂਜੇ ਪਾਸੇ ਸਰਕਾਰ ਨੇ ਦੇਸ਼ ਭਰ ਵਿਚ ਖੇਤੀਬਾੜੀ ਕਾਨੂੰਨਾਂ ਦੇ ਸਮਰਥਨ ਵਿਚ ਇਕ ਮੁਹਿੰਮ ਚਲਾਈ ਹੈ। ਸਰਕਾਰ ਦੇ ਮੰਤਰੀਆਂ ਦੇ ਬਿਆਨ ਗੱਲਬਾਤ ਦੇ ਮਾਹੌਲ ਨੂੰ ਖ਼ਰਾਬ ਕਰਨ ਵਾਲੇ ਹਨ। ਇੱਥੋਂ ਤਕ ਕਿ ਕਿਸਾਨ ਵੀ ਪਿੱਛੇ ਹਟਣ ਲਈ ਤਿਆਰ ਨਹੀਂ ਹਨ। ਦਿੱਲੀ ਸਰਹੱਦ ’ਤੇ ਕਿਸਾਨਾਂ ਦਾ ਇਕੱਠ ਵਧ ਰਿਹਾ ਹੈ। ਪੰਜਾਬ ਤੋਂ ਰੋਜ਼ਾਨਾ ਕਿਸਾਨਾਂ ਦੇ ਜਥੇ ਜਾ ਰਹੇ ਹਨ। ਹਾਲਾਂਕਿ, ਸਰਕਾਰ ਲਈ ਰਾਹਤ ਵਾਲੀ ਗੱਲ ਇਹ ਹੈ ਕਿ ਕੁਝ ਕਿਸਾਨ ਸੰਗਠਨਾਂ ਨੇ ਤਿੰਨੋਂ ਨਵੇਂ ਖੇਤੀਬਾੜੀ ਕਾਨੂੰਨਾਂ ਦਾ ਸਮਰਥਨ ਕੀਤਾ ਹੈ। ਕਦੇ ਹਰਿਆਣਾ ਦੀਆਂ ਕੁਝ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੂੰ ਖੇਤੀਬਾੜੀ ਮੰਤਰੀ ਨਰਿੰਦਰ ਸਿੰਘ ਤੋਮਰ ਨੂੰ ਮਿਲਾਇਆ ਜਾ ਰਿਹਾ ਹੈ ਤੇ ਕਦੀ ਉਤਰਾਖੰਡ ਦੀਆਂ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੂੰ ਖੇਤੀਬਾੜੀ ਮੰਤਰੀ ਨਾਲ ਮਿਲਵਾਇਆ ਜਾ ਰਿਹਾ ਹੈ। ਇਹ ਸੰਸਥਾਵਾਂ ਕੇਂਦਰ ਸਰਕਾਰ ਦੀ ਵਡਿਆਈ ਕਰ ਰਹੀਆਂ ਹਨ। ਸਰਕਾਰ ਖੇਤੀਬਾੜੀ ਕਾਨੂੰਨਾਂ ਨੂੰ ਵਾਪਸ ਨਹੀਂ ਲੈਣਾ ਚਾਹੁੰਦੀ ਤਾਂ ਦੂਜੇ ਪਾਸੇ ਕਿਸਾਨ ਸੰਗਠਨ ਪਿੱਛੇ ਹਟਣ ਲਈ ਤਿਆਰ ਨਹੀਂ ਹਨ। ਇਸ ਕਾਰਨ ਹਰਿਆਣਾ ਦੀ ਭਾਜਪਾ ਸਰਕਾਰ ਮੁਸੀਬਤ ਵਿੱਚ ਹੈ। ਸਰਹੱਦੀ ਰਾਜ ਪੰਜਾਬ ਵਿੱਚ ਭਾਜਪਾ ਆਗੂਆਂ ਨੂੰ ਹੁਣ ਉਨਾਂ ਦਾ ਭਵਿੱਖ ਹਨੇਰਾ ਨਜ਼ਰ ਆ ਰਿਹਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਗੁਜਰਾਤ ਦੇ ਕਿਸਾਨਾਂ ਨੂੰ ਕਿਹਾ ਕਿ ਦਿੱਲੀ ਦੀਆਂ ਸਰਹੱਦਾਂ ’ਤੇ ਜੁੜੇ ਕਿਸਾਨਾਂ ਨੂੰ ਕੁਰਾਹੇ ਪਾਇਆ ਗਿਆ ਹੈ। ਉਨਾਂ ਦਾਅਵਾ ਕੀਤਾ ਕਿ ਖੇਤੀ ਸੁਧਾਰ ਉਸੇ ਰੂਪ ਵਿੱਚ ਲਾਗੂ ਕੀਤੇ ਜਾ ਰਹੇ ਹਨ, ਜਿਵੇਂ ਕਿਸਾਨ ਜਥੇਬੰਦੀਆਂ ਤੇ ਵਿਰੋਧੀ ਧਿਰਾਂ ਮੰਗ ਕਰ ਰਹੀਆਂ ਸਨ। ਉਨਾਂ ਕਿਹਾ ਕਿ ਸਰਕਾਰ ਕਿਸਾਨਾਂ ਦੇ ਕਲਿਆਣ ਲਈ ਵਚਨਬੱਧ ਹੈ ਤੇ ਉਨਾਂ ਦੇ ਤੌਖਲਿਆਂ ਨੂੰ ਦੂਰ ਕਰਨ ਲਈ ਤਿਆਰ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਜਿਹੜੇ ਖੇਤੀ ਸੁਧਾਰ ਕਾਨੂੰਨ ਆਪਣੀ ਹਕੂਮਤ ਵਿੱਚ ਨਹੀਂ ਲਿਆ ਸਕੇ ਉਹ ਹੁਣ ਕਿਸਾਨਾਂ ਨੂੰ ਕੁਰਾਹੇ ਪਾ ਰਹੇ ਹਨ।

**ਅਡਾਨੀ ਅਤੇ ਅੰਬਾਨੀ ਹੋਰ ਕਾਰਪੋਰੇਟ ਘਰਾਣਿਆਂ ਨੂੰ ਬਣਾਉਣਗੇ ਨਿਸ਼ਾਨਾ**

ਕਿਸਾਨ ਅੰਦੋਲਨ ਕਿੰਨਾ ਸਫਲ ਰਹੇਗਾ, ਇਹ ਤਾਂ ਸਮਾਂ ਹੀ ਦੱਸੇਗਾ ਪਰ ਕਿਸਾਨ ਜਥੇਬੰਦੀਆਂ ਦੇ ਅੰਦੋਲਨ ਦੀ ਸਭ ਤੋਂ ਵੱਡੀ ਸਫ਼ਲਤਾ ਇਹ ਹੈ ਕਿ ਦੇਸ਼ ਵਿਚ ਏਕਾਅਧਿਕਾਰ ਪੂੰਜੀਵਾਦ ਬਾਰੇ ਬਹਿਸ ਸ਼ੁਰੂ ਹੋ ਗਈ ਹੈ। ਦੇਸ਼ ਦੇ ਕਈ ਵੱਡੇ ਕਾਰਪੋਰੇਟ ਘਰਾਣੇ ਏਕਾਧਿਕਾਰ ਸਰਮਾਏਦਾਰੀ ਦਾ ਸ਼ਿਕਾਰ ਹੋ ਸਕਦੇ ਹਨ। ਇਸ ਸੰਭਾਵਨਾ ’ਤੇ ਵਿਚਾਰ ਵਟਾਂਦਰੇ ਸ਼ੁਰੂ ਹੋ ਗਏ ਹਨ। ਬਹੁਤ ਸਾਰੇ ਕਾਰਪੋਰੇਟ ਘਰਾਣੇ ਕਿਸਾਨ ਅੰਦੋਲਨ ਤੋਂ ਖ਼ੁਸ਼ ਹਨ, ਕਿਉਂਕਿ ਕਿਸਾਨਾਂ ਨੇ ਅਡਾਨੀ ਅਤੇ ਅੰਬਾਨੀ ਦੇ ਏਕਾਧਿਕਾਰ ਕਬਜ਼ੇ ਨੂੰ ਨਿਸ਼ਾਨਾ ਬਣਾਇਆ ਹੈ। ਇਸ ਸਮੇਂ ਅਡਾਨੀ ਅਤੇ ਅੰਬਾਨੀ ਦੇ ਕਾਰੋਬਾਰ ਚਰਚਾ ਦਾ ਵਿਸ਼ਾ ਹਨ। ਅਡਾਨੀ ਅਤੇ ਅੰਬਾਨੀ ਦੂਜੇ ਕਾਰਪੋਰੇਟ ਘਰਾਣਿਆਂ ਲਈ ਵੱਡਾ ਖ਼ਤਰਾ ਬਣ ਗਏ ਹਨ। ਬਹੁਤ ਸਾਰੇ ਕਾਰਪੋਰੇਟ ਘਰਾਣਿਆਂ ਨੂੰ ਡਰ ਹੈ ਕਿ ਅੱਜ ਨਹੀਂ ਤਾਂ ਕੱਲ ਉਨਾਂ ਦੀ ਵਾਰੀ ਆ ਜਾਵੇਗੀ। ਜਦੋਂ ਸਰਕਾਰੀ ਜਾਇਦਾਦ ਅਤੇ ਜਨਤਕ ਖੇਤਰ ਦੀਆਂ ਸੰਪਤੀਆਂ ਪੂਰੀ ਤਰਾਂ ਵੇਚ ਦਿੱਤੀਆਂ ਜਾਣਗੀਆਂ ਤਾਂ ਅਗਲਾ ਨੰਬਰ ਕਾਰਪੋਰੇਟ ਘਰਾਣਿਆਂ ਦਾ ਆਵੇਗਾ। ਅਡਾਨੀ ਅਤੇ ਅੰਬਾਨੀ ਕਈ ਹੋਰ ਕਾਰਪੋਰੇਟ ਘਰਾਣਿਆਂ ਨੂੰ ਨਿਸ਼ਾਨਾ ਬਣਾਉਣਗੇ।

**ਜੀਓ ਦਾ ਦਬਦਬਾ ਅਤੇ ਅਡਾਨੀ ਅਤੇ ਅੰਬਾਨੀ ਦਾ ਕਾਰੋਬਾਰ**

ਟੈਲੀਕਾਮ ਸੈਕਟਰ ਵਿਚ ਮੁਕੇਸ਼ ਅੰਬਾਨੀ ਦੀ ਜੀਓ ਅਤੇ ਸੁਨੀਲ ਭਾਰਤੀ ਮਿੱਤਲ ਦੀ ਏਅਰਟੈੱਲ ਵਿਚਾਲੇ ਟਕਰਾਅ ਜਗ ਜ਼ਾਹਿਰ ਹੈ। ਏਅਰਟੈੱਲ ਚੰਗੀ ਤਰਾਂ ਸਮਝ ਗਿਆ ਹੈ ਕਿ ਜੀਓ ਨੇ ਸਿਰਫ਼ ਭਾਰਤ ਸੰਚਾਰ ਨਿਗਮ ਲਿਮਟਿਡ ਨੂੰ ਖ਼ਤਮ ਨਹੀਂ ਕੀਤਾ ਸਗੋਂ ਏਅਰਟੈੱਲ ਦੇ ਕਾਰੋਬਾਰ ਨੂੰ ਵੀ ਵੱਡਾ ਨੁਕਸਾਨ ਪਹੁੰਚਾਇਆ ਹੈ। ਪ੍ਰਚੂਨ ਕਾਰੋਬਾਰ ਵਿਚ, ਦੇਸ਼ ਦੀ ਇਕ ਵੱਡੀ ਕੰਪਨੀ ਫਿਊਚਰ ਗਰੁੱਪ ਦੀ ਪ੍ਰਾਪਤੀ ਨੂੰ ਲੈ ਕੇ ਐਮਾਜ਼ੋਨ ਅਤੇ ਮੁਕੇਸ਼ ਅੰਬਾਨੀ ਦੀ ਰਿਲਾਇੰਸ ਕੰਪਨੀ ਇਕ-ਦੂਜੇ ਦੇ ਆਹਮਣੇ ਸਾਹਮਣੇ ਆ ਗਈਆਂ ਹਨ। ਇੰਨਾ ਹੀ ਨਹੀਂ, ਸਟੀਲ ਸੈਕਟਰ ਵਿੱਚ ਆਪਣੀ ਪਛਾਣ ਰੱਖਣ ਵਾਲੀ ਟਾਟਾ ਏਕਾਧਿਕਾਰ ਪੂੰਜੀਵਾਦ ਦੇ ਖ਼ਤਰੇ ਨੂੰ ਵੀ ਸਮਝ ਰਹੀ ਹੈ। ਬਹੁਤ ਸਾਰੇ ਕਾਰਪੋਰੇਟ ਘਰਾਣਿਆਂ ਨੂੰ ਆਪਣੇ ਕਾਰੋਬਾਰਾਂ ਲਈ ਖ਼ਤਰੇ ਤੋਂ ਸੁਚੇਤ ਕੀਤਾ ਗਿਆ ਹੈ। ਉਨਾਂ ਨੂੰ ਡਰ ਹੈ ਕਿ ਅਡਾਨੀ ਅਤੇ ਅੰਬਾਨੀ ਨਾਲ ਸਬੰਧਤ ਕਾਰਪੋਰੇਟ ਭਵਿੱਖ ਵਿੱਚ ਹੋਰ ਕਾਰਪੋਰੇਟ ਘਰਾਣਿਆਂ ਦੇ ਕਾਰੋਬਾਰ ਨੂੰ ਨਿਸ਼ਾਨਾ ਬਣਾਏਗਾ। ਦਰਅਸਲ ਜਿਸ ਤਰਾਂ ਕਿਸਾਨ ਅੰਦੋਲਨ ਨੇ ਅਡਾਨੀ ਅਤੇ ਅੰਬਾਨੀ ਦੇ ਕਾਰੋਬਾਰ ਅਤੇ ਉਤਪਾਦਾਂ ਦਾ ਬਾਇਕਾਟ ਕਰਨ ਦੀ ਅਪੀਲ ਕੀਤੀ ਹੈ, ਉਸ ਨਾਲ ਅਡਾਨੀ ਅਤੇ ਅੰਬਾਨੀ ਵੀ ਪਰੇਸ਼ਾਨ ਹੋਏ ਹਨ। ਪਿਛਲੇ ਚਾਲੀ ਸਾਲਾਂ ਵਿੱਚ, ਅਡਾਨੀ ਅਤੇ ਅੰਬਾਨੀ ਨੇ ਦੇਸ਼ ਵਿੱਚ ਵੱਡੇ ਪੱਧਰ ਤੇ ਕੁਦਰਤੀ ਸਰੋਤਾਂ ਦਾ ਸ਼ੋਸ਼ਣ ਕੀਤਾ ਪਰ ਉਹ ਅਜਿਹੇ ਨਿਸ਼ਾਨੇ ਤੇ ਕਦੇ ਨਹੀਂ ਆਏ। ਅਡਾਨੀ ਅਤੇ ਅੰਬਾਨੀ ਦਾ ਕਾਰੋਬਾਰ ਹਰ ਸਰਕਾਰ ਦੇ ਕਾਰਜਕਾਲ ਦੌਰਾਨ ਵਧਿਆ।






**ਕਿਸਾਨ ਜਥੇਬੰਦੀਆਂ ਵਿਚ ਪਾੜਾ ਪਾਉਣ ਦੀ ਕੋਸ਼ਿਸ਼**

ਕੇਂਦਰ ਸਰਕਾਰ ਕਿਸਾਨ ਅੰਦੋਲਨਕਾਰੀਆਂ ਦੀਆਂ ਮੰਗਾਂ ਪ੍ਰਤੀ ਬਹੁਤੀ ਗੰਭੀਰ ਨਹੀਂ ਹੈ। ਇਕ ਪਾਸੇ ਕੇਂਦਰ ਸਰਕਾਰ ਕਿਸਾਨਾਂ ਨੂੰ ਗੱਲਬਾਤ ਲਈ ਸੱਦਾ ਦੇ ਰਹੀ ਹੈ, ਦੂਜੇ ਪਾਸੇ ਉਹ ਕਿਸਾਨ ਜਥੇਬੰਦੀਆਂ ਵਿਚ ਪਾੜਾ ਪਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਸਰਕਾਰ ਵੱਖ-ਵੱਖ ਢੰਗਾਂ ਨਾਲ ਵੱਖ-ਵੱਖ ਕਿਸਾਨ ਸੰਗਠਨਾਂ ਦੇ ਆਗੂਆਂ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਸਰਕਾਰ ਨੇ ਕਿਸਾਨ ਜਥੇਬੰਦੀਆਂ ਵਿਚ ਪਾੜਾ ਪਾਉਣ ਲਈ ਇਕ ਦੂਜੇ ਵਿਰੁੱਧ ਭੜਕਾਉਣ ਦੀ ਕੋਸ਼ਿਸ਼ ਵੀ ਕੀਤੀ ਹੈ। ਇੰਨਾ ਹੀ ਨਹੀਂ, ਕਿਸਾਨ ਜਥੇਬੰਦੀਆਂ ਵਿਚ ਪਾੜਾ ਪਾਉਣ ਲਈ ਕਿਸਾਨ ਜਥੇਬੰਦੀਆਂ ਨਾਲ ਵੱਖਰੀਆਂ ਮੀਟਿੰਗਾਂ ਵੀ ਕੀਤੀਆਂ ਗਈਆਂ। ਸਰਕਾਰ ਦੀ ਇਹ ਕੋਸ਼ਿਸ਼ ਸਰਕਾਰ ਦੀ ਨੀਅਤ ਅਤੇ ਇਰਾਦੇ ’ਤੇ ਸਵਾਲ ਖੜੇ ਕਰਦੀ ਹੈ। ਅੰਦੋਲਨ ਨੂੰ ਬਦਨਾਮ ਕਰਨ ਲਈ ਕਿਸਾਨ ਅੰਦੋਲਨਕਾਰੀਆਂ ਨੂੰ ਕਦੇ ਖ਼ਾਲਿਸਤਾਨੀ ਕਿਹਾ ਜਾਂਦਾ ਸੀ, ਕਦੇ ਮਾਓਵਾਦੀ। ਯਕੀਨਨ ਕਿਸਾਨੀ ਅੰਦੋਲਨ ਵਿਚ ਸ਼ਾਮਲ ਕਿਸਾਨ ਜਥੇਬੰਦੀਆਂ ਦੀ ਵਿਚਾਰਧਾਰਾ ਵੱਖਰੀ-ਵੱਖਰੀ ਹੈ ਪਰ ਇਸ ਵੇਲੇ ਉਹ ਖੇਤੀਬਾੜੀ ਕਾਨੂੰਨਾਂ ਵਿਰੁੱਧ ਅੰਦੋਲਨ ਕਰ ਰਹੇ ਹਨ। ਸਰਕਾਰ ਨੇ ਪਹਿਲਾਂ ਅੰਦੋਲਨ ਨੂੰ ਖ਼ਾਲਿਸਤਾਨੀ ਰੰਗ ਦੇਣ ਦੀ ਕੋਸ਼ਿਸ਼ ਕੀਤੀ ਪਰ ਕਿਸਾਨ ਜਥੇਬੰਦੀਆਂ ਨੇ ਸਰਕਾਰ ਦੀਆਂ ਕੋਸ਼ਿਸ਼ਾਂ ਨੂੰ ਅਸਫਲ ਕਰ ਦਿੱਤਾ। ਸਰਕਾਰ ਨੇ ਹੁਣ ਅੰਦੋਲਨ ਨੂੰ ਮਾਓਵਾਦੀ ਕਹਿਣਾ ਸ਼ੁਰੂ ਕਰ ਦਿੱਤਾ ਹੈ। ਕਿਸਾਨ ਜਥੇਬੰਦੀਆਂ ਵੀ ਸਰਕਾਰ ਦੇ ਇਨਾਂ ਯਤਨਾਂ ਨੂੰ ਅਸਫਲ ਕਰ ਰਹੀਆਂ ਹਨ।

**ਕਿਸਾਨੀ ਅੰਦੋਲਨ ਦੀ ਸਫਲਤਾ**

ਦਿੱਲੀ ਸਰਹੱਦ ’ਤੇ ਕਿਸਾਨ ਅੰਦੋਲਨ ਅਜੇ ਤੱਕ ਪੂਰੀ ਤਰਾਂ ਸਫਲ ਇਸ ਕਰਕੇ ਹੈ ਕਿਉਂਕਿ ਅੰਦੋਲਨ ਪੂਰੀ ਤਰਾਂ ਅਹਿੰਸਕ ਹੈ। ਕਿਸਾਨੀ ਲਹਿਰ ਨੇ ਅੰਦੋਲਨ ਵਾਲੀ ਜਗਾ ਦੇ ਆਸ ਪਾਸ ਦੇ ਵਸਨੀਕਾਂ ਨੂੰ ਨਾਰਾਜ਼ਗੀ ਨਹੀਂ ਦਿੱਤੀ। ਸਥਾਨਕ ਲੋਕਾਂ ਨੂੰ ਉਨਾਂ ਨਾਲ ਜੋੜ ਲਿਆ ਹੈ। ਅੰਦੋਲਨ ਦੇ ਨਜ਼ਦੀਕ ਰਹਿਣ ਵਾਲੇ ਵਸਨੀਕਾਂ ਨੇ ਦੱਸਿਆ ਹੈ ਕਿ ਕਿਸਾਨ ਸਿਰਫ਼ ਆਪਣੇ ਹਿੱਤਾਂ ਲਈ ਅੰਦੋਲਨ ਨਹੀਂ ਕਰ ਰਿਹਾ, ਸਗੋਂ ਉਹ ਪੂਰੇ ਦੇਸ਼ ਦੀ ਆਬਾਦੀ ਦੇ ਹਿੱਤਾਂ ਦੀ ਰੱਖਿਆ ਲਈ ਅੰਦੋਲਨ ਕਰ ਰਿਹਾ ਹੈ। ਉਨਾਂ ਨੇ ਦੇਸ਼ ਭਰ ਵਿੱਚ ਸੰਦੇਸ਼ ਦਿੱਤਾ ਹੈ ਕਿ ਕਿਸਾਨੀ ਲਹਿਰ ਆਉਣ ਵਾਲੀਆਂ ਪੀੜੀਆਂ ਦੀ ਰੱਖਿਆ ਲਈ ਹੈ। ਸ਼ਹਿਰੀ ਆਬਾਦੀ ਨੂੰ ਕਿਸਾਨਾਂ ਨੇ ਇਹ ਮਹਿਸੂਸ ਕਰਵਾਇਆ ਹੈ ਕਿ ਹੁਣ ਤੱਕ ਮੱਧ ਵਰਗ ਠੀਕ ਭਾਅ ’ਤੇ ਖਾਣ ਪੀਣ ਦੀਆਂ ਵਸਤਾਂ ਇਸ ਕਰਕੇ ਪ੍ਰਾਪਤ ਕਰ ਰਿਹਾ ਹੈ ਕਿਉਂਕਿ ਖੇਤੀ ’ਤੇ ਕਿਸਾਨੀ ਦਾ ਕੰਟਰੋਲ ਹੈ। ਜੇ ਖੇਤੀਬਾੜੀ ਕਾਰਪੋਰੇਟ ਦੇ ਨਿਯੰਤਰਨ ਵਿਚ ਆਉਂਦੀ ਹੈ, ਤਾਂ ਸ਼ਹਿਰੀ ਮੱਧਵਰਗ ਬੁਰੀ ਤਰਾਂ ਪ੍ਰਭਾਵਿਤ ਹੋਵੇਗਾ। ਸ਼ਹਿਰੀ ਮੱਧ ਵਰਗ ਨੂੰ 50 ਰੁਪਏ ਕਿਲੋ ਵਾਲੇ ਚੌਲ਼ 200 ਰੁਪਏ ਵਿੱਚ ਮਿਲਣਗੇ। 30 ਰੁਪਏ ਕਿਲੋ ਵਾਲਾ ਆਟਾ 150 ਰੁਪਏ ਕਿਲੋ ਮਿਲੇਗਾ। ਹੋਰ ਭੋਜਨ ਜਿਵੇਂ ਆਲੂ ਅਤੇ ਗੰਢੇ ਤਾਂ ਪਹਿਲਾਂ ਤੋਂ ਹੀ ਭੰਡਾਰਨ ਕਰਕੇ ਮਹਿੰਗੇ ਹੋ ਗਏ ਹਨ। ਸ਼ਹਿਰੀ ਮੱਧ ਵਰਗ, ਜੋ ਆਪਣੇ ਬੱਚਿਆਂ ਦੀ ਪੜਾਈ ਦੀਆਂ ਫ਼ੀਸਾਂ ਅਤੇ ਵਾਹਨ ਦੇ ਡੀਜ਼ਲ ਅਤੇ ਪੈਟਰੋਲ ਦੀ ਕੀਮਤ ਲਈ ਸੰਘਰਸ਼ ਕਰ ਰਿਹਾ ਹੈ, ਉਨਾਂ ਨੂੰ ਕਿਸਾਨਾਂ ਦੀਆਂ ਦਲੀਲਾਂ ਵਜ਼ਨਦਾਰ ਪ੍ਰਤੀਤ ਹੁੰਦੀਆਂ ਹਨ। ਮੋਦੀ ਵਿਰੁੱਧ ਕਿਸਾਨ ਲੀਡਰਸ਼ਿਪ ਦੀ ਸਮਝ ਇਹ ਹੈ ਕਿ ਬੇਸ਼ੱਕ ਕੋਰੋਨਾ ਇੱਕ ਬਿਪਤਾ ਹੈ। ਇਸ ਨਾਲ ਆਰਥਿਕ ਨੁਕਸਾਨ ਹੋਇਆ ਹੈ। ਪਰ ਕਰੋਨਾ ਯੁਗ ਵਿਚ ਨਿੱਜੀਕਰਨ, ਸਭ ਕੁਝ ਵੇਚਣ ਦੀ ਨੀਤੀ, ਅੰਬਾਨੀ ਤੇ ਅਡਾਨੀ ਨੂੰ ਦੇਸ਼ ਦੇ ਹਰ ਆਰਥਿਕ ਖੇਤਰ ਵਿੱਚ ਵਾੜਨ ਦੀ ਭੁਸ ਆਰਥਿਕ ਅੱਤਵਾਦ ਹੈ। ਕੋਰੋਨਾ ਪੀਰੀਅਡ ਤੋਂ ਪਹਿਲਾਂ ਹੀ ਸਰਕਾਰ ਦੇ ਏਜੰਡੇ ’ਤੇ ਅੰਡਾਨੀ ਅੰਬਾਨੀ ਦਾ ਆਰਥਿਕ ਮਨੋਰਥ ਆ ਗਿਆ ਸੀ। ਸਾਲ 2016 ਵਿੱਚ ਨੋਟਬੰਦੀ ਕਿਉਂ ਕੀਤੀ ਗਈ ਅਤੇ ਇਸ ਦਾ ਕੀ ਫ਼ਾਇਦਾ ਹੋਇਆ, ਸਰਕਾਰ ਅੱਜ ਤੱਕ ਦੇਸ਼ ਦੇ ਅਵਾਮ ਨੂੰ ਨਹੀਂ ਦੱਸ ਸਕੀ। ਨੋਟਬੰਦੀ ਵਰਗੇ ਕਦਮ ਦੇਸ਼ ਦੇ ਤਾਜ਼ਾ ਆਰਥਿਕ ਇਤਿਹਾਸ ਵਿੱਚ ਸਭ ਤੋਂ ਖ਼ੁਦਕੁਸ਼ੀ ਭਰਪੂਰ ਕਦਮ ਵਜੋਂ ਦਰਜ ਕੀਤੇ ਜਾਣਗੇ। ਨੋਟਬੰਦੀ ਤੋਂ ਬਾਅਦ ਜੀਐਸਟੀ ਵਰਗੀਆਂ ਗੈਰ ਉਸਾਰੂ ਨੀਤੀਆਂ ਦਾ ਲੋਕਾਂ ਨੂੰ ਕੋਈ ਲਾਭ ਨਹੀਂ ਹੋਇਆ। ਇਸ ਦੇ ਉਲਟ ਸਾਡੀ ਆਰਥਿਕਤਾ ਬੁਰੀ ਤਰਾਂ ਡਿੱਗੀ ਹੈ। ਆਰਥਿਕ ਸੁਧਾਰ ਦੇ ਨਾਮ ਤੇ ਕਾਰਪੋਰੇਟ ਅਡਾਨੀ ਅਤੇ ਅੰਬਾਨੀ ਨੂੰ ਮੋਦੀ ਸਰਕਾਰ ਵਲੋਂ ਦੇਸ ਦੇ ਲਗਭਗ ਸਾਰੇ ਮਹੱਤਵਪੂਰਨ ਆਰਥਿਕ ਸਰੋਤ ਸੌਂਪੇ ਜਾ ਰਹੇ ਹਨ। ਕਿਸਾਨੀ ਲਹਿਰ ਜੋ ਦਿੱਲੀ ਵਿਚ ਆਪਣੇ ਹੱਕਾਂ ਲਈ ਮੋਰਚਾ ਗੱਡ ਕੇ ਬੈਠੀ ਹੈ, ਨੂੰ ਬਦਨਾਮ ਕਰਨ ਲਈ ਖਾਲਿਸਤਾਨੀ ਦਹਿਸ਼ਤਗਰਦਾਂ ਦੀ ਉਪਜ ਕਿਹਾ। ਕਾਰਪੋਰੇਟ ਗੋਦੀ ਮੀਡੀਆ ਇਸੇ ਆਰਥਿਕ ਦਹਿਸ਼ਤਵਾਦ ਦਾ ਨੈਟਵਰਕ ਹੈ ਜੋ ਕਿਰਤ, ਹੱਕ, ਨਿਆਂ ਤੇ ਸੱਚ ਤੋਂ ਅੱਖਾਂ ਮੀਟ ਰਿਹਾ ਹੈ। ਅੱਧੀ ਦਰਜਨ ਤੋਂ ਵਧ ਕਿਸਾਨ ਠੰਢ ਕਾਰਨ ਮਰ ਗਏ ਜਿਸ ਉੱਪਰ ਹਰਿਆਣੇ ਦੀ ਖੱਟੜ ਸਰਕਾਰ ਨੇ ਟੈਂਕਰ ਦੀਆਂ ਬੁਛਾੜਾਂ ਮਾਰੀਆਂ। ਕਿਹਾ ਜਾਂਦਾ ਹੈ ਕਿ ਇਹ ਨਮੂਨੀਆ ਕਾਰਨ ਮਰੇ ਪਰ ਇਨਾਂ ਕਤਲਾਂ ਦਾ ਕੌਣ ਜ਼ਿੰਮੇਵਾਰ। ਸੁਪਰੀਮ ਕੋਰਟ ਨੂੰ ਨੋਟਿਸ ਤਾਂ ਲੈਣਾ ਬਣਦਾ ਹੀ ਹੈ। ਕਿੰਨਾ ਝੂਠਾ ਭਾਰਤ ਦਾ ਗੋਦੀ ਮੀਡੀਆ ਹੈ ਕਿ ਭਾਰਤ ਕੋਲ ਪਾਵਰਫੁਲ ਸੁਰੱਖਿਆ ਫੋਰਸਾਂ ਤੇ ਖ਼ੁਫ਼ੀਆ ਏਜੰਸੀਆਂ ਪਰ ਖਾਲਿਸਤਾਨੀ ਖਾੜਕੂ ਦਿੱਲੀ ਵਿਚ ਮੋਰਚਾ ਲਗਾਉਣ ਪਹੁੰਚ ਗਏ। ਇਹ ਫੁਕਰੇ ਪੱਤਰਕਾਰ ਕਿੰਨੀ ਵੱਡੀ ਗੱਪਬਾਜੀ ਸਿਰਜ ਰਹੇ ਹਨ ਜਿਸ ਨੂੰ ਰਫ਼ੂ ਵੀ ਨਹੀਂ ਹੋ ਸਕਦਾ। ਕਿਸਾਨ ਆਗੂ ਬਲਦੇਵ ਸਿੰਘ ਸਿਰਸਾ ਆਖਦੇ ਹਨ ਕਿ ਵੈਸੇ ਭਾਰਤ ਨੂੰ ਚਾਹੀਦਾ ਹੈ ਕਿ ਇਸ ਮੀਡੀਆ ਤੋਂ ਅਮਰੀਕਾ ਦੀ ਖ਼ੁਫ਼ੀਆ ਏਜੰਸੀ ਐਫ ਬੀ ਆਈ ਨੂੰ ਟ੍ਰੇਨਿੰਗ ਦਿਵਾਵੇ ਤਾਂ ਜੋ 9-11 ਵਾਲੇ ਜੇਹਾਦੀ ਹਾਦਸੇ ਨਾ ਵਾਪਰਨ। ਉਨਾਂ ਦਾ ਕਹਿਣਾ ਹੈ ਕਿ ਜੇ ਇਸ ਕਿਸਾਨ ਅੰਦੋਲਨ ਨੂੰ ਰਾਜਨੀਤਕ ਤੌਰ ’ਤੇ ਹੱਲ ਕਰਨ ਦੀ ਕੋਸ਼ਿਸ਼ ਨਾ ਕੀਤੀ ਗਈ ਤਾਂ ਆਉਣ ਵਾਲੇ ਸਮੇਂ ਦੌਰਾਨ ਮੋਦੀ ਸਰਕਾਰ ਸਾਹਮਣੇ ਹੋਰ ਮੁਸ਼ਕਲਾਂ ਖੜੀਆਂ ਹੋ ਸਕਦੀਆਂ ਹਨ। ਅੰਦੋਲਨ ਦਾ ਉਦੇਸ਼ ਸਪਸ਼ਟ ਹੈ ਕਿ ਤਿੰਨੋਂ ਖੇਤੀਬਾੜੀ ਕਾਨੂੰਨ ਰੱਦ ਹੋਣ। ਸਰਕਾਰ ਨੂੰ ਆਪਣੇ ਸਿਰਜੇ ਕਾਲੇ ਕਾਨੂੰਨਾਂ ਬਾਰੇ ਭੰਬਲਭੂਸਾ ਹੋ ਸਕਦਾ ਹੈ, ਪਰ ਕਿਸਾਨਾਂ ਨੂੰ ਕੋਈ ਭੁਲੇਖਾ ਨਹੀਂ ਹੈ ਕਿ ਇਹ ਕਾਨੂੰਨ ਉਨਾਂ ਅਤੇ ਉਨਾਂ ਦੇ ਖੇਤੀਬਾੜੀ ਸਭਿਆਚਾਰ ਲਈ ਘਾਤਕ ਸਾਬਤ ਹੋਣਗੇ। ਹੁਣ ਇਹ ਸਰਕਾਰ ’ਤੇ ਨਿਰਭਰ ਕਰਦਾ ਹੈ ਕਿ ਉਹ ਇਸ ਦਾ ਹੱਲ ਕਿਵੇਂ ਕਰਦੀ ਹੈ। ਬਲਦੇਵ ਸਿੰਘ ਸਿਰਸਾ ਨੇ ਇਸ ਗੱਲ ਉੱਪਰ ਇਤਰਾਜ਼ ਕੀਤਾ ਕਿ ਸਰਕਾਰ ਦਾ ਇੱਕ ਮੰਤਰੀ ਇਸ ਅੰਦੋਲਨ ਨੂੰ ਚੀਨ ਅਤੇ ਪਾਕਿਸਤਾਨ ਵੱਲੋਂ ਸਪਾਂਸਰ ਦਸ ਰਿਹਾ ਹੈ ਜੋ ਕਿ ਇਕ ਵੱਡੀ ਗੱਪ ਤੇ ਝੂਠ ਹੈ। ਲੋਕ ਇਹ ਅਸਰ ਕਬੂਲਣ ਵਾਲੇ ਨਹੀਂ। ਜੇ ਗੱਲ ਅਜਿਹੀ ਹੈ ਤਾਂ ਕਿਸਾਨਾਂ ਨੂੰ ਗੱਲਬਾਤ ਦੇ ਸੱਦੇ ਕਿਸ ਆਧਾਰ ਉੱਪਰ ਦਿੱਤੇ ਜਾ ਰਹੇ ਹਨ। ਹਰਿਆਣੇ ਦੇ ਕਿਸਾਨ ਆਗੂ ਗੁਰਨਾਮ ਸਿੰਘ ਦਾ ਕਹਿਣਾ ਹੈ ਕਿ ਇਹ ਮਾਮਲਾ ਰਾਜ ਦਾ ਮੁੱਦਾ ਹੈ ਅਤੇ ਰਾਜਾਂ ਨੂੰ ਇਸ ’ਤੇ ਕਾਨੂੰਨ ਬਣਾਉਣ ਦਾ ਪੂਰਨ ਅਧਿਕਾਰ ਹੈ। ਪਰ ਇਹ ਅਧਿਕਾਰ ਖੋਹ ਕੇ ਮੋਦੀ ਸਰਕਾਰ ਵੱਲੋਂ ਸਿੱਧੇ ਸੰਸਦ ਤੋਂ ਕਾਨੂੰਨ ਬਣਾਉਣ ਦਾ ਫ਼ੈਸਲਾ ਕਿਵੇਂ ਕੀਤਾ ਜਾ ਸਕਦਾ ਹੈ। ਅਜਿਹਾ ਕਰਨ ਵਿਚ ਸਾਡਾ ਸੰਵਿਧਾਨ, ਵਿਧਾਨ ਕਿਥੇ ਹੈ। ਜੇ ਅਸੀਂ ਇਸੇ ਸੰਵਿਧਾਨ ਵਿਧਾਨ ਦੀ ਗੱਲ ਕਰਦੇ ਹਾਂ ਦਹਿਸ਼ਤਗਰਦ, ਵੱਖਵਾਦੀ ਤਾਕਤਾਂ ਕਿਵੇਂ ਹਾਂ। ਜਿਹੜਾ ਕਨੂੰਨ ਕਿਸਾਨਾਂ ਦੇ ਹਿਤ ਵਿਚ ਬਣਾਇਆ ਗਿਆ ਹੈ ਉਸ ਬਾਰੇ ਕਿਸਾਨਾਂ ਦੀ ਰਾਏ ਕਿਥੇ ਲਈ ਗਈ। ਨਾ ਤੁਸੀਂ ਸੰਸਦ ਦੇ ਤਲ ’ਤੇ ਰੱਖਿਆ ਅਤੇ ਨਾ ਹੀ ਤੁਸੀਂ ਕਿਸਾਨਾਂ ਨੂੰ ਇਸ ਬਾਰੇ ਪੁੱਛਿਆ। ਸਮੀਖਿਆ ਲਈ ਕਿਸੇ ਕਮੇਟੀ ਨੂੰ ਨਹੀਂ ਭੇਜਿਆ। ਧੱਕੇ ਨਾਲ ਸਭ ਪਾਸ ਕਰਵਾ ਲਿਆ। ਇਹ ਸਭ ਪੂਰੀ ਦੁਨੀਆ ਨੇ ਵੇਖਿਆ। ਤੁਸੀਂ ਕਿਸਾਨਾਂ ਨੂੰ ਸੁਣਨ ਦੀ ਬਜਾਏ ਕਾਰਪੋਰੇਟਾਂ ਦਾ ਭਲਾ ਤੇ ਲਾਭ ਸੋਚਣ ਲਈ ਅੜੇ ਹੋਏ ਹੋ।

ਕਿਸਾਨ ਆਗੂਆਂ ਦਾ ਤਰਕ ਹੈ ਕਿ ਅਡਾਨੀ ਅਤੇ ਅੰਬਾਨੀ ਦੇ ਹਿਤ ਵਿਚ ਕਾਨੂੰਨ ਪਾਸ ਕਰਨ ਤੋਂ ਪਹਿਲਾਂ ਇਹ ਨੀਤੀਆਂ ਬਹੁਤ ਪਹਿਲਾਂ ਤਿਆਰ ਕਰ ਲਈਆਂ ਗਈਆਂ ਸਨ। ਇਸ ਤਹਿਤ ਅਡਾਨੀ ਅਤੇ ਅੰਬਾਨੀ ਨੇ ਵੱਡੇ ਪੱਧਰ ’ਤੇ ਜ਼ਮੀਨ ਖ਼ਰੀਦੋ ਫ਼ਰੋਖ਼ਤ ਕਰਨ ਦੀ ਸ਼ੁਰੂਆਤ ਕਰ ਦਿੱਤੀ ਸੀ। ਜਿਸ ਵਿਚ ਫਾਰਮ ਹਾਊਸਾਂ ਅਤੇ ਹੋਰ ਬੁਨਿਆਦੀ ਢਾਂਚੇ ਗੋਦਾਮ ਬਣਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਸੀ। ਅੰਬਾਨੀ ਨੇ ਪਹਿਲਾਂ ਹੀ ਜੀਓ ਮਾਰਟ ਰਾਹੀਂ ਆਪਣਾ ਪ੍ਰਚੂਨ ਨੈੱਟਵਰਕ ਸਥਾਪਤ ਕਰ ਲਿਆ ਹੈ ਅਤੇ ਇਸ ਕੜੀ ਵਿਚ, ਉਹ ਫਾਰਚੂਨ ਗਰੁੱਪ ਵੀ ਖ਼ਰੀਦ ਚੁਕਾ ਹੈ। ਅਡਾਨੀ ਨੇ ਜ਼ਮੀਨ ਖ਼ਰੀਦ ਕੇ ਗੋਦਾਮ ਬਣਾਉਣੇ ਸ਼ੁਰੂ ਕੀਤੇ ਸਨ। ਇਸ ਨਾਲ ਹਰਿਆਣਾ ਅਤੇ ਪੰਜਾਬ ਤੋਂ ਬਹੁਤ ਸਾਰੀਆਂ ਖ਼ਬਰਾਂ ਜੁੜੀਆਂ ਹਨ।

ਹਰਿਆਣਾ ਦੇ ਪਾਣੀਪਤ ਜ਼ਿਲੇ ਦੇ ਪਿੰਡ ਨੌਲੱਥਾ ਵਿੱਚ ਅਡਾਨੀ ਗਰੁੱਪ ਵੱਲੋਂ 100 ਏਕੜ ਜ਼ਮੀਨ ਦੋ ਸਾਲ ਪਹਿਲਾਂ ਹੀ ਖ਼ਰੀਦੀ ਜਾ ਚੁੱਕੀ ਹੈ। ਨੌਲੱਥਾ ਵਾਸੀਆਂ ਮੁਤਾਬਕ ਇੱਥੇ ਰੇਲ ਕੋਚ ਬਣਾਉਣ ਦਾ ਕਾਰਖ਼ਾਨਾ ਲਗਾਏ ਜਾਣ ਦੀ ਸੰਭਾਵਨਾ ਹੈ। ਹੁਣ ਤੱਕ ਅਡਾਨੀ ਗਰੁੱਪ 100 ਏਕੜ ਜ਼ਮੀਨ ਹਾਸਲ ਕਰ ਚੁੱਕਾ ਹੈ ਤੇ ਹੋਰ ਅਨੇਕਾਂ ਏਕੜ ਉਹ ਹੋਰ ਖ਼ਰੀਦੇਗਾ। ਪਾਣੀਪਤ-ਰੋਹਤਕ ਜੀ ਟੀ ਰੋਡ ਨਾਲ ਜੁੜਿਆ ਹੋਇਆ ਨੌਲੱਥਾ ਪਿੰਡ ਨੂੰ ਸਪੈਸ਼ਲ ਆਰਥਿਕ ਜ਼ੋਨ ਬਣਾ ਦਿੱਤਾ ਗਿਆ। ਇਸ ਜ਼ਮੀਨ ਉੱਤੇ ਅਡਾਨੀ ਗਰੁੱਪ ਆਪਣਾ ਗੋਦਾਮ ਬਣਾ ਰਿਹਾ ਹੈ ਤੇ ਰੇਲਵੇ ਲਾਈਨ ਵਿਛ ਰਹੀ ਹੈ। ਅਡਾਨੀ ਗਰੁੱਪ ਨੇ 2018 ਵਿੱਚ ਈਰਾਨ ਦੀ ਸਭ ਤੋਂ ਵੱਡੀ ਚਾਵਲ ਕੰਪਨੀ ਮੋਹਸਿਨ ਨੂੰ ਖ਼ਰੀਦ ਲਿਆ ਸੀ। **ਬਾਕੀ ਸਫ਼ਾ 27 ’ਤੇ**

# ਕਿਸਾਨਾਂ ਦੇ ਦਿੱਲੀ ਕੂਚ ਵਿੱਚੋਂ ਸਿੱਖ ਇਤਿਹਾਸ ਰੋਸ਼ਨ ਹੋਇਆ

**- ਸੁਖਵੀਰ ਸਿੰਘ ਕੰਗ**


ANIL DAYAL/HINDUSTAN TIMES VIA GETTY IMAGES

ਕੇਂਦਰ ਸਰਕਾਰ ਦੇ ਖੇਤੀ ਸਬੰਧੀ ਬਣਾਏ ਨਵੇਂ ਕਨੂੰਨਾਂ ਦੇ ਖਿਲਾਫ਼ ਪੰਜਾਬ ਦੇ ਮੁਹਾਜ਼ ਤੋਂ ਲਗਭਗ ਦੋ ਮਹੀਨੇ ਤੋਂ ਹੋ ਰਹੇ ਧਰਨੇ-ਪ੍ਰਦਰਸ਼ਨਾਂ ਦਾ ਕੇਂਦਰ ਸਰਕਾਰ ਉੱਪਰ ਕੋਈ ਅਸਰ ਨਾ ਹੋਣ ’ਤੇ ਪੰਜਾਬ ਦੇ ਕਿਸਾਨਾਂ ਨੇ ਦਿੱਲੀ ਜਾ ਕੇ ਰੋਹ ਪ੍ਰਗਟ ਕਰਨ ਦਾ ਫੈਸਲਾ ਲਿਆ। ਇਸ ਦਿੱਲੀ ਕੂਚ ਦੌਰਾਨ ਪੰਜਾਬ ਲੰਬੇ ਸਮੇਂ ਬਾਅਦ ਇੱਕਜੁੱਟ, ਆਪਣੇ ਵਿਰਾਸਤੀ ਜੋਸ਼ ਅਤੇ ਜਜ਼ਬੇ ਦੇ ਅਸਲੀ ਰੂਪ ਵਿੱਚ ਦੇਖਣ ਨੂੰ ਮਿਲਿਆ। ਦਿੱਲੀ ਪਹੁੰਚਣ ਦੇ ਇਸ ਸਫ਼ਰ ਦੇ ਘਟਨਾਕ੍ਰਮ ਅਤੇ ਇਸ ਵਿੱਚ ਆਮ ਲੋਕਾਂ ਦੀ ਵਿਸ਼ਾਲ ਸ਼ਮੂਲੀਅਤ ਨੇ ਜਿੱਥੇ ਇਤਿਹਾਸਕ ਛਾਪ ਛੱਡੀ, ਉੱਥੇ ਇਸ ਵਿੱਚੋਂ ਕੁਝ ਇਤਿਹਾਸਕ ਅਤੇ ਵਿਰਾਸਤੀ ਝਲਕਾਂ ਵੀ ਦੇਖਣ ਨੂੰ ਮਿਲੀਆਂ।

**ਸਰਦੀ ਤੇ ਮੀਂਹ ਦਾ ਮੌਸਮ ਅਤੇ ਠੰਢਾ ਬੁਰਜ:**
ਕਿਸਾਨਾਂ ਦਾ ਇਹ ਕੂਚ ਵੀ ਸਖ਼ਤ ਸਰਦੀ ਦੇ ਮੌਸਮ ਦੌਰਾਨ ਅਰੰਭ ਹੋਇਆ ਅਤੇ ਦਸਮੇਸ਼ ਪਿਤਾ ਦੇ ਸ੍ਰੀ ਅਨੰਦਪੁਰ ਸਾਹਿਬ ਛੱਡਣ ਤੋਂ ਬਾਅਦ ਸ਼ਹਾਦਤਾਂ ਦਾ ਸਫ਼ਰ ਵੀ ਕੜਾਕੇ ਦੀ ਠੰਢ ਦੌਰਾਨ ਹੀ ਹੋਇਆ। ਕਿਸਾਨਾਂ ਦੀਆਂ ਸੜਕਾਂ ’ਤੇ ਕੱਟੀਆਂ ਰਾਤਾਂ ਠੰਢੇ ਬੁਰਜ ਦਾ ਕੱਕਰ ਯਾਦ ਕਰਵਾ ਗਈਆਂ ਅਤੇ ਇਨਾਂ ਦੋਹਾਂ ਸਫ਼ਰਾਂ ਨੂੰ ਬਿੱਖੜੇ ਪੈਂਡਿਆਂ ਵਿੱਚੋਂ ਗੁਜ਼ਰਨਾ ਪਿਆ।

**ਪਾਣੀ ਦੀਆਂ ਬੁਛਾੜਾਂ ਅਤੇ ਬਰਸਾਤ ਨਾਲ ਸਰਸਾ ਦਾ ਚੜਨਾ:**
ਕਿਸਾਨਾਂ ਉੱਪਰ ਹਰਿਆਣਾ ਅਤੇ ਦਿੱਲੀ ਸਰਕਾਰ ਦੀਆਂ ਵਰਸਾਈਆਂ ਪਾਣੀ ਦੀਆਂ ਬੁਛਾੜਾਂ, ਪਰਿਵਾਰ ਵਿਛੋੜੇ ਅਤੇ ਭਾਰੀ ਮੀਂਹ ਨਾਲ ਭਰੀ ਸਰਸਾ ਨਦੀ ਦੀ ਯਾਦ ਤਾਜ਼ਾ ਕਰਵਾ ਗਿਆ।

**ਸੜਕਾਂ ਵਿੱਚ ਪੁੱਟੀਆਂ ਖਾਈਆਂ ਅਤੇ ਅਟਕ ਦਰਿਆ:**
ਦਿੱਲੀ ਦੇ ਚੁਫੇਰੇ ਦੇ ਸਭ ਰਸਤਿਆਂ ਅਤੇ ਸੜਕਾਂ ਵਿੱਚ ਪੁੱਟੀਆਂ ਦਸ-ਦਸ ਫੁੱਟ ਤਕ ਦੀਆਂ ਖਾਈਆਂ ਨੂੰ ਮਿੱਟੋ-ਮਿੱਟੀ ਪੂਰ ਕੇ, ਪਾਰ ਕਰ ਜਾਣਾ ਅਟਕ ਦਰਿਆ ਦੇ ਉਸ ਮੰਜ਼ਰ ਨੂੰ ਯਾਦ ਕਰਾ ਗਿਆ, ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਮੂਹਰੇ ਲੱਗ ਕੇ ਦਰਿਆ ਪਾਰ ਕਰਕੇ ਆਪਣੇ ਯੋਧਿਆਂ ਨੂੰ ਲੜਾਈ ਦੌਰਾਨ ਮਦਦ ਪਹੁੰਚਾਈ ਸੀ।

**ਸੜਕੀ ਰੁਕਾਵਟਾਂ ਅਤੇ ਕਿਲਿਆਂ ਦੀਆਂ ਫ਼ਸੀਲਾਂ:**
ਸਰਕਾਰ ਵੱਲੋਂ ਸੜਕਾਂ ਉੱਪਰ ਭਾਰੇ ਪੱਥਰ, ਕੰਡਿਆਲੀਆਂ ਤਾਰਾਂ, ਸੰਗਲ ਅਤੇ ਭਾਰੀ ਮੋਟਰ ਗੱਡੀਆਂ ਖੜੀਆਂ ਕਰਕੇ ਅੜਿੱਕੇ ਪਾਏ ਗਏ ਸੀ, ਜਿਨਾਂ ਨੂੰ ਹਟਾ ਪਾਉਣਾ ਸਰਕਾਰ ਨੂੰ ਨਾਮੁਮਕਿਨ ਜਾਪ ਰਿਹਾ ਸੀ। ਉਨਾਂ ਅੜਿੱਕਿਆਂ ਨੂੰ ਪੰਜਾਬੀ ਕਿਸਾਨਾਂ ਨੇ ਭਾਰੀ ਮੁਸ਼ੱਕਤ ਨਾਲ ਹਟਾ ਕੇ ਰਸਤੇ ਸਾਫ਼ ਕਰ ਹੀ ਲਏ, ਜੋ ਮੁਲਤਾਨ ਦੇ ਕਿਲੇ ਦੀ ਫ਼ਸੀਲ ਤੋੜਨ ਦੌਰਾਨ ਜਮਜਮਾਂ ਤੋਪ ਦਾ ਪਹੀਆ ਟੁੱਟ ਜਾਣ ਤੇ ਸਿੰਘਾਂ ਦਾ ਇੱਕ ਇੱਕ ਕਰਕੇ ਮੋਢਾ ਦੇ ਕੇ ਤੋਪ ਨੂੰ ਚੱਲਦਾ ਰੱਖਣ ਦਾ ਇਤਿਹਾਸ ਇੱਕ ਵਾਰ ਫੇਰ ਦੁਹਰਾ ਗਿਆ।

**ਟਰੈਕਟਰਾਂ ਦੀਆਂ ਸੀਟਾਂ ਅਤੇ ਘੋੜਿਆਂ ਦੀਆਂ ਕਾਠੀਆਂ:**
ਦਿੱਲੀ ਕੂਚ ਕਰਦਿਆਂ ਰਾਤਾਂ ਨੂੰ ਅਨੇਕਾਂ ਕਿਸਾਨ ਟਰੈਕਟਰਾਂ ਅਤੇ ਗੱਡੀਆਂ ਦੀਆਂ ਸੀਟਾਂ ਉੱਪਰ, ਟਰਾਲੀਆਂ ਵਿੱਚ ਜਾਂ ਭੁੰਜੇ ਸੜਕਾਂ ’ਤੇ ਸੁੱਤੇ ਦਿਖਾਈ ਦਿੱਤੇ। ਇਸ ਤੋਂ ਸਾਬਤ ਹੁੰਦਾ ਹੈ ਕਿ ਪੰਜਾਬੀ ਲੋਕ ਘੋੜਿਆਂ ਦੀਆਂ ਕਾਠੀਆਂ ਅਤੇ ਜੰਗਲਾਂ ਵਿੱਚ ਰਹਿ ਕੇ ਹੱਕ ਲੈਣ ਵਾਲੀ ਕੌਮ ਦੇ ਸਮਰੱਥ ਵੰਜਸ਼ ਹਨ।

**ਪੁਲਿਸ ਨੂੰ ਲੰਗਰ ਛਕਾਉਣਾ ਅਤੇ ਭਾਈ ਘਨਈਆ ਜੀ:**
ਕੇਂਦਰੀ ਹੁਕਮਰਾਨਾਂ ਦੇ ਆਦੇਸ਼ਾਂ ਅਧੀਨ ਲਗਾਏ ਬੈਰੀਕੇਡ ਪਾਰ ਕਰਕੇ ਦਿੱਲੀ ਦੇ ਬਾਰਡਰ ਜਾਂ ਆਪਣੇ ਬਣਾਏ ਆਰਜ਼ੀ ਪੜਾਵਾਂ ’ਤੇ ਪੰਜਾਬੀ ਕਿਸਾਨਾਂ ਨੇ ਅਤੇ ਸਥਾਨਕ ਲੋਕਾਂ ਨੇ ਜਦੋਂ ਲੰਗਰ ਤਿਆਰ ਕੀਤਾ ਤਾਂ ਉਹ ਬਿਨਾਂ ਕਿਸੇ ਭੇਦਭਾਵ ਵਰਤਾਇਆ ਅਤੇ ਅਨੇਕਾਂ ਥਾਵਾਂ ’ਤੇ ਰੋਕਣ, ਡੰਡੇ ਵਰਾਉਣ, ਪਾਣੀ ਸੁੱਟਣ ਅਤੇ ਹੰਝੂ ਗੈਸ ਛੱਡਣ ਵਾਲੀ ਪੁਲਿਸ ਵੀ ਕਿਸਾਨਾਂ ਦੇ ਕੈਂਪਾਂ ਵਿੱਚ ਲੰਗਰ ਖਾਂਦੀ ਜਾਂ ਪਾਣੀ ਪੀਂਦੀ ਦੇਖੀ ਗਈ, ਜੋ ਉਨਾਂ ਵਿੱਚ ਭਾਈ ਘਨਈਆ ਜੀ ਦੀ ਭੇਦਭਾਵ ਰਹਿਤ ਸੇਵਾ ਦੀ ਭਾਵਨਾ ਦੇ ਜਿਊਂਦਾ ਹੋਣ ਦੀ ਗਵਾਹੀ ਦੇ ਰਹੀ ਸੀ।

**ਸਥਾਨਕ ਲੋਕਾਂ ਦੀ ਹਮਾਇਤ ਅਤੇ ਹਾਅ ਦਾ ਨਾਅਰਾ:**
ਹਰਿਆਣੇ ਅਤੇ ਦਿੱਲੀ ਦੇ ਸਥਾਨਕ ਲੋਕਾਂ ਵੱਲੋਂ ਕਿਸਾਨਾਂ ਦਾ ਸਾਥ ਦੇਣਾ, ਲੰਗਰ ਦਾ ਪ੍ਰਬੰਧ ਕਰਨਾ ਤੇ ਵਰਤਾਉਣਾ, ਫ਼ਲ, ਬਿਸਕੁਟ ਅਤੇ ਕੰਬਲ ਵੰਡਣਾ ਇਹ ਸਾਬਤ ਕਰ ਗਿਆ ਕਿ ਆਮ ਲੋਕ ਅੰਨਦਾਤਾ ਦੀ ਕਦਰ ਕਰਦੇ ਹਨ ਅਤੇ ਉਹ ਹਕੂਮਤ ਦੇ ਉਸ ਨਾਲ ਹੋ ਰਹੇ ਧੱਕੇ ਦੇ ਸਖ਼ਤ ਖਿਲਾਫ਼ ਹਨ। ਇਸ ਦੌਰਾਨ ਸਿੱਖ ਅਤੇ ਮੁਸਲਮਾਨ ਭਰਾ ਇੱਕੋ ਪਰਾਤ ਵਿੱਚ ਆਟਾ ਗੁੰਨਦੇ ਦੇਖੇ ਗਏ ਅਤੇ ਮਸਜਿਦਾਂ ਵਿੱਚ ਵੀ ਖਾਣਾ ਤਿਆਰ ਕਰਕੇ ਕਿਸਾਨਾਂ ਲਈ ਲੰਗਰ ਦਾ ਪ੍ਰਬੰਧ ਕੀਤਾ ਗਿਆ। ਇਹ ਘਟਨਾਕ੍ਰਮ ਨਵਾਬ ਮਲੇਰ ਕੋਟਲਾ ਵੱਲੋਂ ਮੁਗਲ ਹਕੂਮਤ ਦੇ ਜ਼ੁਲਮ ਦੇ ਖਿਲਾਫ਼ ਮਾਰੇ ਗਏ ਹਾਅ ਦਾ ਨਾਅਰੇ ਨੂੰ ਮੁੜ ਜਿੰਦਾ ਕਰ ਗਿਆ।

**ਦਿੱਲੀ ਦੀਆਂ ਲੜਕੀਆਂ ਦਾ ਦੁੱਧ ਵਰਤਾਉਣਾ ਅਤੇ ਮੋਤੀ ਰਾਮ ਮਹਿਰਾ:**
ਦਿੱਲੀ ਬੈਠੀ ਕੇਂਦਰ ਸਰਕਾਰ ਨਾਲ ਟੱਕਰ ਹੋਣ ਦੇ ਬਾਵਜੂਦ ਦਿੱਲੀ ਵਾਸੀ ਦੋ ਲੜਕੀਆਂ ਅਤੇ ਉਨਾਂ ਦੇ ਸਾਥੀਆਂ ਵੱਲੋਂ ਕਿਸਾਨਾਂ ਲਈ ਗਰਮ ਦੁੱਧ ਦੀ ਸੇਵਾ ਕੀਤੀ ਗਈ। ਹਕੂਮਤ ਨੂੰ ਦਰਕਿਨਾਰ ਕਰਕੇ ਕੀਤੀ ਗਈ ਇਹ ਸੇਵਾ ਮੋਤੀ ਰਾਮ ਮਹਿਰੇ ਵੱਲੋਂ ਮਾਤਾ ਗੁਜਰੀ ਜੀ ਅਤੇ ਛੋਟੇ ਸਹਿਬਜ਼ਾਦਿਆਂ ਨੂੰ ਖਤਰਾ ਮੁੱਲ ਲੈ ਕੇ ਦੁੱਧ ਪਿਲਾਉਣ ਦੀ ਘਟਨਾ ਦੀ ਮਿਸਾਲ ਦੋਬਾਰਾ ਕਾਇਮ ਕਰ ਗਈ।

**ਵਾਟਰ ਕੈਨਨ ’ਤੇ ਸਵਾਰ ਹੋਣਾ ਅਤੇ ਭਾਈ ਬਚਿੱਤਰ ਸਿੰਘ:**
ਦੋ ਨੌਜਵਾਨਾਂ ਵੱਲੋਂ ਵੱਖ-ਵੱਖ ਘਟਨਾਵਾਂ ਵਿੱਚ ਪੁਲਿਸ ਦੀ ਪਾਣੀ ਵਰਾਉਣ ਵਾਲੀ ਵਾਟਰ ਕੈਨਨ ’ਤੇ ਸਵਾਰ ਹੋ ਕੇ ਉਸ ਦਾ ਮੂੰਹ ਮੋੜ ਦੇਣਾ, ਮਸਤ ਹਾਥੀ ਨਾਲ ਟੱਕਰ ਲੈਣ ਵਾਲੇ ਭਾਈ ਬਚਿੱਤਰ ਸਿੰਘ ਦੀ ਬਹਾਦਰੀ ਦੀ ਯਾਦ ਤਾਜ਼ਾ ਕਰਵਾ ਗਿਆ।

**ਟਰਾਲੀਆਂ ਵਿੱਚ ਹੁੰਦੇ ਨਿਤਨੇਮ ਅਤੇ ਸਰਸਾ ਕੰਢੇ ਆਸਾ ਦੀ ਵਾਰ:**
ਅਨੇਕਾਂ ਔਕੜਾਂ ਦੇ ਦਰਮਿਆਨ ਹੁੰਦੇ ਹੋਏ ਵੀ ਬਹੁਤ ਸਾਰੇ ਕਿਸਾਨ ਤਿਰਪਾਲਾਂ ਦੀਆਂ ਛੱਤਾਂ ਵਾਲੀਆਂ ਟਰਾਲੀਆਂ ਵਿੱਚ ਬੈਠੇ ਨਿਤਨੇਮ ਦਾ ਪਾਠ ਕਰਦੇ ਦੇਖੇ ਗਏ ਜਿਸ ਵਿੱਚੋਂ ਸਰਸਾ ਕੰਢੇ ਦਸਮੇਸ਼ ਪਿਤਾ ਵੱਲੋਂ ਦਰਪੇਸ਼ ਕਠਿਨਾਈਆਂ ਦੇ ਬਾਵਜੂਦ ਕਰਵਾਏ ਨਿੱਤਨੇਮ ਅਤੇ ਆਸਾ ਦੀ ਵਾਰ ਦੀ ਝਲਕ ਮਿਲ ਰਹੀ ਸੀ।

**ਔਰਤਾਂ ਦੀ ਸਰਗਰਮ ਭੂਮਿਕਾ ਅਤੇ ਮਾਈ ਭਾਗੋ:**
ਪੰਜਾਬੀ ਮਾਤਾਵਾਂ-ਭੈਣਾਂ ਦਾ ਇਸ ਲੰਬੇ ਅਤੇ ਔਖੇ ਸਫ਼ਰ ਵਿੱਚ ਵੀ ਕਿਸਾਨਾਂ ਦਾ ਸਾਥ ਦੇਣਾ ਅਤੇ ਅਜਿਹੇ ਠੰਢ ਦੇ ਮੌਸਮ ਵਿੱਚ ਬੱਚਿਆਂ ਸਣੇ ਘਰੋਂ ਬਾਹਰ ਟਰਾਲੀਆਂ ਵਿੱਚ ਰਾਤਾਂ ਦੌਰਾਨ ਵੀ ਡਟੇ ਰਹਿਣਾ ਵੀ ਮਾਈ ਭਾਗੋ ਵਾਲੇ ਜਜ਼ਬੇ ਦੀ ਮਿਸਾਲ ਬਣ ਕੇ ਉੱਭਰਿਆ।

ਇਸ ਕੂਚ ਦੌਰਾਨ ਵਾਪਰੇ ਵਰਤਾਰੇ ਵਿੱਚੋਂ ਸਿੱਖ ਇਤਿਹਾਸ ਅਤੇ ਵਿਰਸੇ ਨਾਲ ਮੇਲ ਖਾਂਦੀਆਂ ਅਨੇਕਾਂ ਝਲਕਾਂ ਦੇਖਣ ਨੂੰ ਮਿਲੀਆਂ। ਇਸ ਤੋਂ ਇਲਾਵਾ ਅਨੇਕ ਜਥਿਆਂ ਦੀ ਵਾਗਡੋਰ ਨੌਜਵਾਨਾਂ ਦੇ ਹੱਥ ਹੋਣ ਦੇ ਬਾਵਜੂਦ ਕਿਸੇ ਵੀ ਬੈਰੀਕੇਡ ਤੇ ਹੁੱਲੜਬਾਜ਼ੀ ਜਾਂ ਹਿੰਸਾ ਨਹੀਂ ਹੋਈ। ਸਭ ਨੇ ਗੱਲਬਾਤ, ਸੂਝ, ਸੰਜਮ ਅਤੇ ਜਾਬਤੇ ਦੀ ਵਰਤੋਂ ਅਤੇ ਪਾਲਣਾ ਕੀਤੀ ਜੋ ਵਿਰਾਸਤੀ ਸਿੱਖ ਮਰਿਆਦਾ ਦੀ ਮਿਸਾਲ ਬਣ ਕੇ ਸਾਹਮਣੇ ਆਈ। ਨੌਜਵਾਨ ਕਿਸਾਨਾਂ ਨੇ ਜਿਸ ਜੋਸ਼ ਨਾਲ ਸੜਕੀ ਰੁਕਾਵਟਾਂ ਵਜੋਂ ਵਰਤੇ ਭਾਰੇ ਪੱਥਰਾਂ, ਟਿੱਪਰਾਂ, ਮਿੱਟੀ ਦੇ ਢੇਰਾਂ, ਕੰਟੇਨਰਾਂ ਤੇ ਖਾਈਆਂ ਨੂੰ ਪਾਰ ਕੀਤਾ ਅਤੇ ਪਾਣੀ ਦੀਆਂ ਤੇਜ਼ ਬੁਛਾੜਾਂ ਦਾ ਸਾਹਮਣਾ ਕੀਤਾ। ਇਹ ਉਨਾਂ ਉੱਤੇ ਨਸ਼ੇ ਦੇ ਸ਼ਿਕਾਰ ਹੋਣ ਦੇ ਇਲਜ਼ਾਮ ਲਾਉਣ ਵਾਲਿਆਂ ਦੇ ਮੂੰਹ ’ਤੇ ਕਰਾਰੀ ਚਪੇੜ ਮਾਰ ਗਿਆ। ਉਨਾਂ ਵੱਲੋਂ ਫੇਸਬੁੱਕ ਲਾਈਵ ਹੋ ਕੇ ਅਤੇ ਵੀਡੀਓ ਬਣਾ ਕੇ ਵਧੀਆ ਐਂਕਰਿੰਗ ਨਾਲ ਪ੍ਰਸਾਰਤ ਕੀਤੀ ਇਸ ਸੰਘਰਸ਼ ਦੀ ਅਸਲ ਤਸਵੀਰ ਨੇ ਭਾਰਤ ਦੇ ਮੀਡੀਆ ਨੂੰ ਇਸ ਸੰਘਰਸ਼ ਦੀ ਰੰਗਤ ਬਦਲਣ ਦਾ ਮੌਕਾ ਨਹੀਂ ਦਿੱਤਾ। ਉਨਾਂ ਵੱਲੋਂ ਅਸਲ ਹਾਲਾਤ ਅਤੇ ਸੱਚਾਈ ਲੋਕਾਂ ਅਤੇ ਦੁਨੀਆਂ ਤਕ ਪਹੁੰਚਾਈ ਗਈ, ਜੋ ਪੰਜਾਬ ਦੇ ਨੌਜਵਾਨ ਦੇ ਭਟਕੇ ਹੋਏ ਹੋਣ ਦੇ ਇਲਜ਼ਾਮ ਨੂੰ ਮੁੱਢੋਂ ਖਾਰਜ ਕਰ ਗਈ। ਕਿਸਾਨਾਂ ਦੇ ਜੋਸ਼, ਆਪਸੀ ਸਹਿਯੋਗ ਅਤੇ ਮਿਲਵਰਤਨ ਨੂੰ ਦੇਖ ਕੇ ਅਜਿਹਾ ਪ੍ਰਤੀਤ ਹੋ ਰਿਹਾ ਹੈ ਕਿ ਦੇਸ਼ ਦੇ ਅੰਨਦਾਤੇ ਨੂੰ ਉਸਦਾ ਬਣਦਾ ਹੱਕ ਜ਼ਰੂਰ ਮਿਲਕੇ ਰਹੇਗਾ।

# ਕਿਸਾਨ ਅੰਦੋਲਨ ਵਿੱਚ ਨੌਜਵਾਨਾਂ ਦੀ ਅਹਿਮ ਭੂਮਿਕਾ



**- ਸੰਜੀਵ ਸਿੰਘ ਸੈਣੀ, ਮੋਹਾਲੀ**

ਤਕਰੀਬਨ ਪਿਛਲੇ ਕੁਝ ਮਹੀਨਿਆਂ ਤੋਂ ਕਿਸਾਨ ਅੰਦੋਲਨ ਨਵੀਆਂ ਨਵੀਆਂ ਕਰਵੱਟਾਂ ਲੈ ਰਿਹਾ ਹੈ। ਕੇਂਦਰ ਵੱਲੋਂ ਜਾਰੀ ਕੀਤੇ ਨਵੇਂ ਖੇਤੀ ਮਾਰੂ ਬਿੱਲਾਂ ਨਾਲ ਹੀ ਕਿਸਾਨਾਂ ਵੱਲੋਂ ਵਿਰੋਧ ਕਰਨਾ ਸ਼ੁਰੂ ਹੋ ਗਿਆ ਸੀ। ਕੁਝ ਸਮਾਂ ਪਹਿਲਾਂ ਪੰਜਾਬ ਵਿਚ ਰੇਲ-ਰੋਕੋ ਅੰਦੋਲਨ ਕੀਤਾ ਗਿਆ। ਤਕਰੀਬਨ ਹਰ ਵਰਗ ਵੱਲੋਂ ਕਿਸਾਨ ਅੰਦੋਲਨ ਦਾ ਸਮਰਥਨ ਕੀਤਾ ਗਿਆ। ਅਕਤੂਬਰ ਵਿਚ ਕੇਂਦਰ ਸਰਕਾਰ ਦੀ ਕਿਸਾਨਾਂ ਨਾਲ ਮੀਟਿੰਗ ਬੇਸਿੱਟਾ ਰਹੀ। ਬਾਅਦ ਵਿੱਚ ਕਿਸਾਨ ਜਥੇਬੰਦੀਆਂ ਰਾਹੀਂ 26-27 ਨਵੰਬਰ ਨੂੰ ਦਿੱਲੀ ਵੱਲ ਕੂਚ ਕਰਨ ਦੇ ਸੱਦੇ ਕਾਰਨ ਹਰਿਆਣਾ ਸਰਕਾਰ ਨੇ ਪੰਜਾਬ ਹਰਿਆਣਾ ਬਾਰਡਰਾਂ ਤੇ ਕਾਫ਼ੀ ਸਖ਼ਤੀ ਵਰਤੀ। ਕਿਸਾਨ ਅੰਦੋਲਨ ਨੂੰ ਨੌਜਵਾਨਾਂ ਦੇ ਉਤਸ਼ਾਹ ਨੇ ਨਵਾਂ ਮੋੜ ਦਿੱਤਾ। ਹਰਿਆਣਾ ਸਰਕਾਰ ਰਾਹੀਂ ਕਿਸਾਨਾਂ ਦੇ ਰਾਹ ਵਿੱਚ ਰੋੜੇ ਅਟਕਾਏ ਗਏ। ਨੌਜਵਾਨਾਂ ਨੇ ਸਰਕਾਰ ਦੀਆਂ ਸਾਰੀਆਂ ਸਕੀਮਾਂ ਨੂੰ ਫੇਲ ਕਰਦਿਆਂ ਦਿੱਲੀ ਚੱਲੋ ਦੇ ਸੱਦੇ ਨੂੰ ਸਫਲ ਬਣਾਇਆ । ਨੌਜਵਾਨਾਂ ਤੇ ਅੱਥਰੂ ਗੈਸ, ਪਾਣੀ ਦੀਆਂ ਬੁਛਾੜਾਂ ਤੇ ਲਾਠੀਆਂ ਵੀ ਚਲਾਈਆਂ ਗਈਆਂ। ਬੁਛਾੜਾਂ ਦਾ ਨੌਜਵਾਨਾਂ ਨੇ ਡਟ ਕੇ ਸਾਹਮਣਾ ਕੀਤਾ। ਬਾਰਡਰਾਂ ’ਤੇ ਕੰਡਿਆਲੀ ਤਾਰਾਂ, ਵੱਡੇ-ਵੱਡੇ ਪੱਥਰ, ਇੱਥੋਂ ਤੱਕ ਕਿ ਸੜਕਾਂ ਵੀ ਪੁੱਟੀਆਂ ਗਈਆਂ। ਮਿੱਟੀ ਦੇ ਵੱਡੇ ਵੱਡੇ ਢੇਰ ਨੈਸ਼ਨਲ ਹਾਈਵੇ ’ਤੇ ਲਗਾ ਦਿੱਤੇ ਗਏ। ਨੌਜਵਾਨਾਂ ਦੇ ਹੌਂਸਲਿਆਂ ਦੇ ਮੂਹਰੇ ਅਜਿਹੇ ਢੇਰ ਕੀ ਸਨ। ਨੌਜਵਾਨਾਂ ਨੇ ਹੱਥਾਂ ਨਾਲ ਹੀ ਮਿੱਟੀ ਦੇ ਢੇਰਾਂ ਨੂੰ ਇੱਕ ਪਾਸੇ ਕਰ ਦਿੱਤਾ ਗਿਆ। ਹਰਿਆਣਾ ਦੇ ਅੰਬਾਲਾ ਜ਼ਿਲੇ ਦੇ ਹੀ ਨੌਜਵਾਨ ਨੇ ਬੁਛਾੜਾਂ ਛੱਡਣ ਵਾਲੀ ਗੱਡੀ ’ਤੇ ਹੀ ਚੜ ਕੇ ਸਪਲਾਈ ਬੰਦ ਕੀਤੀ ਅਤੇ ਬਾਅਦ ਵਿਚ ਆਪਣੀ ਹੀ ਟਰਾਲੀ ਤੇ ਜਾ ਕੁੱਦਿਆ। ਹਾਲਾਂਕਿ ਹਰਿਆਣਾ ਸਰਕਾਰ ਵੱਲੋਂ ਉਸ ਨੌਜਵਾਨ ਤੇ ਪਰਚਾ ਵੀ ਦਰਜ ਕੀਤਾ ਗਿਆ। ਨੌਜਵਾਨ ਸਾਰੇ ਹੀ ਕਿਸਾਨੀ ਅੰਦੋਲਨ ਨੂੰ ਲੈ ਕੇ ਜੋਸ਼ ਨਾਲ ਭਰੇ ਹੋਏ ਹਨ। ਮੁਲਕ ਦੇ ਸੰਵਿਧਾਨ ਮੁਤਾਬਿਕ ਹਰ ਨਾਗਰਿਕ ਨੂੰ ਸ਼ਾਂਤਮਈ ਤਰੀਕੇ ਨਾਲ ਇਕੱਠੇ ਹੋਣ ਤੇ ਆਪਣੇ ਵਿਚਾਰ ਰੱਖਣ ਦਾ ਪੂਰਾ ਹੱਕ ਹੈ। ਕਿਸਾਨੀ ਅੰਦੋਲਨ ਵਿਚ ਨੌਜਵਾਨ ਵਰਗ ਦੀ ਸ਼ਮੂਲੀਅਤ ਦੇਸ਼ ਦੀ ਸਿਆਸਤ ਲਈ ਸ਼ੁੱਭ ਸੰਕੇਤ ਹੈ। ਸੋਸ਼ਲ ਮੀਡੀਆ ਕਾਰਨ ਵੀ ਅੱਜ ਹਰ ਬੱਚਾ ਕਿਸਾਨੀ ਦੇ ਹੱਕ ਵਿੱਚ ਖੜਾ ਹੈ। ਅੱਜ ਨੌਜਵਾਨ ਪੀੜੀ ਜਾਗਰੂਕ ਹੋ ਗਈ ਹੈ ਕਿ ਇਹ ਕਾਲੇ ਬਿੱਲ ਉਨਾਂ ਦਾ ਭਵਿੱਖ ਤਬਾਹ ਕਰ ਦੇਣਗੇ। ਅਜੇ ਵੀ ਕੇਂਦਰ ਸਰਕਾਰ ਆਪਣੀ ਪੁਰਾਣੀਆਂ ਦਲੀਲਾਂ ਨੂੰ ਦੁਹਰਾ ਰਹੀ ਹੈ ਕਿ ਇਹ ਖੇਤੀ ਬਿੱਲਾਂ ਕਾਰਨ ਕਿਸਾਨਾਂ ਦਾ ਆਉਣ ਵਾਲਾ ਸਮਾਂ ਸੁਧਰੇਗਾ। ਕਿਸਾਨਾਂ ਨੂੰ ਮੰਡੀਆਂ ਖ਼ਤਮ ਹੋਣ ਦਾ ਵੀ ਡਰ ਹੈ ਜਿਸ ਕਾਰਨ ਉਨਾਂ ਨੂੰ ਲੱਗ ਰਿਹਾ ਹੈ ਕਿ ਉਨਾਂ ਨੂੰ ਫ਼ਸਲ ਦਾ ਘੱਟੋ-ਘੱਟ ਸਮਰਥਨ ਮੁੱਲ ਵੀ ਨਹੀਂ ਮਿਲ ਸਕੇਗਾ ਕਿਉਂਕਿ ਨਿੱਜੀ ਕੰਪਨੀਆਂ ਮਨਮਰਜ਼ੀ ਦਾ ਭਾਅ ਲਾਉਣਗੀਆਂ । ਨੌਜਵਾਨਾਂ ਨੇ ਆਪਣੇ ਦੇਸ਼ ਦੇ ਲੋਕਾਂ ਨੂੰ ਵੀ ਸੁਨੇਹਾ ਦਿੱਤਾ ਹੈ ਕਿ ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਕੀਤੀ ਜਾਣੀ ਚਾਹੀਦੀ ਹੈ। ਪਿਛਲੇ ਕੁਝ ਸਮੇਂ ਤੋਂ ਪੰਜਾਬ ਦੇ ਨੌਜਵਾਨਾਂ ਨੂੰ ਨਸ਼ੇੜੀ, ਭੜਕਾਊ ਗੀਤਾਂ ਆਦਿ ਸ਼ਬਦਾਂ ਨਾਲ ਜੋੜ ਕੇ ਵੇਖਿਆ ਜਾ ਰਿਹਾ ਸੀ। ਇਹ ਕਿਹਾ ਜਾਂਦਾ ਸੀ ਕਿ ਨੌਜਵਾਨ ਪੀੜੀ ਨਸ਼ਿਆਂ ਦੀ ਆਦੀ ਹੋ ਗਈ ਹੈ। ਇਸ ਅੰਦੋਲਨ ਵਿਚ ਬਹੁਤ ਸਾਰੇ ਗੀਤ ਕਿਸਾਨੀ ਹੱਕਾਂ ਲਈ ਗਾਏ ਗਏ ਹਨ। ਕਿਸਾਨ ਅੰਦੋਲਨ ਨੇ ਸਭ ਨੂੰ ਦਿਖਾਇਆ ਹੈ ਕਿ ਪੰਜਾਬ ਦੇ ਨੌਜਵਾਨ ਸੰਘਰਸ਼ ਵਿੱਚ ਕਿਸੇ ਤੋਂ ਪਿੱਛੇ ਨਹੀਂ ਰਹੇ ਹਨ।



ਵਾਰਿਸ ਪੰਜਾਬ ਦੇ
ਆਓ ਪੰਜਾਬ ਦੇ ਵਾਰਿਸੋ "ਵਾਰਿਸ ਪੰਜਾਬ ਦੇ"
ਮੁਹਿੰਮ ਲਈ ਰਜਿਸਟਰ ਕਰੋ
ਮੈਂ ਹਾਂ ਵਾਰਿਸ ਪੰਜਾਬ ਦਾ!
ਪੰਜਾਬ ਦੇ ਵਾਰਿਸੋ ਆਓ ਵਾਰਿਸ ਪੰਜਾਬ ਦੇ ਮੁਹਿੰਮ ਵਿੱਚ ਆਪਣੀ ਸ਼ਮੂਲੀਅਤ ਕਰਕੇ
ਪੰਜਾਬ ਦਾ ਆਪਣਾ ਪੰਜਾਬ ਕ੍ਰੇਂਦਿਤ ਖੇਤੀਬਾੜੀ ਮਾਡਲ ਉਸਾਰਨ ਲਈ ਸੰਵਾਦ
ਆਰੰਭੀਏ ਇਸ ਮੁਹਿੰਮ ਦਾ ਹਿੱਸਾ ਬਣਨ ਲਈ ਰਜਿਸਟਰ ਕਰੋ।
WWW.WARISPUNJABDE.ORG

# ਪੰਜਾਬੀ ਗਾਇਕਾਂ ਨੇ ਕਿਸਾਨੀ ਅੰਦੋਲਨ ਨੂੰ ਦਿੱਤਾ ਹੁਲਾਰਾ

**✪ ਕਿਸਾਨੀ ਸੰਘਰਸ਼ ਨਾਲ ਜੁੜੇ ਗੀਤਾਂ ਦੀ ਲਹਿਰ ਚਲੀ ✪ ਗਾਇਕਾਂ ਨੇ ਕਾਰਪੋਰੇਟਾਂ ਵਿਰੁੱਧ ਖੋਲਿਆ ਮੋਰਚਾ ✪ ਜੈਜ਼ੀ ਬੀ ਨੇ ਕਿਹਾ ਰਿਲਾਇੰਸ ਦੇ ਜੀਓ ਸਾਵਨ ਦਾ ਬਾਈਕਾਟ ਕਰੋ ✪ ਪੰਜਾਬੀ ਗਾਇਕ ਹਨੀ ਸਿੰਘ ਤੋਂ ਇਲਾਵਾ ਬਹੁਤ ਸਾਰੇ ਕਲਾਕਾਰਾਂ ਨੇ ਮੋਰਚੇ ਦੀ ਭਰੀ ਹਾਜ਼ਰੀ**







**ਜਲੰਧਰ/ਏ.ਟੀ.ਨਿਊਜ਼:** ਖੇਤੀ ਬਿੱਲਾਂ ਦੇ ਵਿਰੋਧ ਵਿਚ ਲਗਾਤਾਰ ਪ੍ਰਦਰਸ਼ਨ ਜਾਰੀ ਹਨ। ਕਿਸਾਨਾਂ ਦੇ ਮੋਰਚੇ ਨੂੰ ਹਰ ਵਰਗ ਦਾ ਸਹਿਯੋਗ ਮਿਲ ਰਿਹਾ ਹੈ। ਪੰਜਾਬੀ ਕਲਾਕਾਰ ਵੀ ਇਸ ਮੋਰਚੇ 'ਚ ਆਪਣੀ ਹਾਜ਼ਰੀ ਲਗਵਾ ਰਹੇ ਹਨ। ਉੱਥੇ ਹੀ ਰੈਪ ਸਟਾਰ ਯੋ ਯੋ ਹਨੀ ਸਿੰਘ ਨੇ ਵੀ ਕਿਸਾਨਾਂ ਦੇ ਸਮਰਥਨ 'ਚ ਆਪਣੇ ਅਗਲੇ ਗੀਤ ਸਾਈਆਂ ਜੀ ਦੀ ਰਿਲੀਜ਼ਿੰਗ ਰੋਕ ਦਿੱਤੀ ਹੈ। ਦਰਅਸਲ ਦਿੱਲੀ ਵਿਖੇ ਹੋ ਰਹੇ ਕਿਸਾਨ ਅੰਦੋਲਨ 'ਚ ਪੰਜਾਬੀ ਕਲਾਕਾਰ ਵੀ ਆਪਣਾ ਸਮਰਥਨ ਦੇ ਰਹੇ ਹਨ, ਜਿਸ ਕਾਰਨ ਇਹ ਗਾਇਕ ਆਪਣੇ ਸਿੰਗਲ ਟ੍ਰੈਕਸ ਦੀ ਬਜਾਏ ਕਿਸਾਨਾਂ ਨਾਲ ਜੁੜੇ ਗੀਤ ਰਿਲੀਜ਼ ਕਰ ਰਹੇ ਹਨ। ਕੁਝ ਗਾਇਕਾਂ ਨੇ ਕਿਸਾਨ ਅੰਦੋਲਨ ਕਾਰਨ ਆਪਣੇ ਅਗਲੇ ਪ੍ਰੋਜੈਕਟਸ ਨੂੰ ਵੀ ਮੁਲਤਵੀ ਕਰ ਦਿੱਤੇ ਹਨ। ਇਸ ਬਾਰੇ ਹਨੀ ਸਿੰਘ ਨੇ ਕਿਸਾਨਾਂ ਲਈ ਸੋਸ਼ਲ ਮੀਡੀਆ 'ਤੇ ਵੀਡੀਓ ਜਾਰੀ ਕਰ ਕੇਂਦਰ ਸਰਕਾਰ ਨੂੰ ਕਿਸਾਨਾਂ ਦੀ ਮੰਗਾਂ ਮੰਨਣ ਦੀ ਅਪੀਲ ਕੀਤੀ ਸੀ।
ਪੰਜਾਬੀ ਗਾਇਕ ਤੇ ਅਦਾਕਾਰ ਅਮਰਿੰਦਰ ਗਿੱਲ ਤੇ ਉਨਾਂ ਦੀ ਪੂਰੀ ਟੀਮ ਵੱਲੋਂ ਕਿਸਾਨਾਂ ਦਾ ਸਮਰਥਨ ਕੀਤਾ ਜਾ ਰਿਹਾ ਹੈ। ਅਮਰਿੰਦਰ ਗਿੱਲ ਤੇ ਉਨਾਂ ਦੇ ਭਰਾ ਕਾਰਜ ਗਿੱਲ ਦੀ ਕੰਪਨੀ 'ਰਿਧਮ ਬੁਆਇਜ਼ ਐਂਟਰਟੇਨਮੈਂਟ' ਨੇ ਵੀ ਕਿਸਾਨੀ ਸੰਘਰਸ਼ ਵਿਚ ਆਪਣਾ ਸਮਰਥਨ ਦਿੰਦਿਆਂ ਵੱਡਾ ਕਦਮ ਚੁੱਕਿਆ। ਦਰਅਸਲ ਉਨਾਂ ਦੀ ਕੰਪਨੀ 'ਰਿਧਮ ਬੁਆਇਜ਼ ਐਂਟਰਟੇਨਮੈਂਟ' ਨੇ 'ਜੀਓ ਸਾਵਨ' ਤੋਂ ਆਪਣਾ ਸਾਰਾ ਕੰਟੈਂਟ ਹਟਾਉਣ ਦੀ ਗੱਲ ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ ਹੈ। ਇਸ ਤੋਂ ਬਾਅਦ ਪੰਜਾਬੀ ਕਲਾਕਾਰ ਰਿਲਾਇੰਸ ਤੇ ਜੀਓ ਸਾਵਨ ਦਾ ਬਾਈਕਾਟ ਕਰਨ ਨੂੰ ਆਖ ਰਹੇ ਹਨ।
ਜੈਜ਼ੀ ਬੀ ਨੇ ਆਪਣੇ ਇਕ ਟਵੀਟ ਵਿਚ ਲਿਖਿਆ, 'ਆਓ ਸਾਰੇ ਰਲ ਕੇ ਕਿਸਾਨਾਂ ਨੂੰ ਗ਼ੁਲਾਮ ਬਣਾਉਣ ਦੀ ਕੋਸ਼ਿਸ਼ ਕਰਨ ਵਾਲੇ ਰਿਲਾਇੰਸ ਦੇ ਜੀਓ ਸਾਵਨ ਦਾ ਬਾਈਕਾਟ ਕਰੀਏ।'

ਕਿਸਾਨ ਅੰਦੋਲਨ ਦਾ ਝੰਡਾ ਵੇਖ ਮਕੈਨਿਕ ਨੇ ਗਾਇਕ ਗਰੇਵਾਲ ਕੋਲੋਂ ਮਜ਼ਦੂਰੀ ਨਾ ਲਈ

ਕਿਸਾਨ ਅੰਦੋਲਨ 'ਚ ਜੇਕਰ ਉਨਾਂ ਗਾਇਕਾਵਾਂ ਦੀ ਗੱਲ ਕੀਤੀ ਜਾਵੇ ਜੋ ਪਹਿਲੇ ਦਿਨ ਤੋਂ ਕਿਸਾਨਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜੇ ਹਨ ਤਾਂ ਇਸ ਲਿਸਟ 'ਚ ਕਨਵਰ ਗਰੇਵਾਲ ਦਾ ਨਾਂ ਸਭ ਤੋਂ ਮੂਹਰੇ ਹੈ। ਕਨਵਰ ਗਰੇਵਾਲ ਨੇ ਇਕ ਪੋਸਟ ਇੰਸਟਾਗ੍ਰਾਮ 'ਤੇ ਸਾਂਝੀ ਕੀਤੀ ਹੈ, ਜਿਸ ਵਿਚ ਉਹ ਦੱਸਦੇ ਹਨ ਕਿ ਕਿਵੇਂ ਇਕ ਮਕੈਨਿਕ ਨੇ ਉਨਾਂ ਦੀ ਗੱਡੀ 'ਤੇ ਕਿਸਾਨ ਅੰਦੋਲਨ ਦਾ ਝੰਡਾ ਵੇਖ ਕੇ ਆਪਣੀ ਮਜ਼ਦੂਰੀ ਦੇ ਪੈਸੇ ਲੈਣ ਤੋਂ ਮਨਾ ਕਰ ਦਿੱਤਾ। ਪੁੱਛਣ 'ਤੇ ਪਤਾ ਲੱਗਾ ਕਿ ਜਿਹੜੀਆਂ ਵੀ ਗੱਡੀਆਂ ਕਿਸਾਨ ਅੰਦੋਲਨ ਵਿਚ ਚੱਲ ਰਹੀਆਂ ਹਨ, ਉਨਾਂ ਦੀ ਸਰਵਿਸ ਦਾ ਕੋਈ ਪੈਸਾ ਨਹੀਂ ਲੈ ਰਹੇ ਉਹ ਵੀਰ। ਸਾਡੀ ਗੱਡੀ 'ਤੇ ਲੱਗਾ ਝੰਡਾ ਦੇਖ ਕੇ ਉਸ ਨੇ ਸਾਡੇ ਕੋਲੋਂ ਪੈਸੇ ਨਹੀਂ ਲਏ।' ਕਨਵਰ ਗਰੇਵਾਲ ਅੱਗੇ ਲਿਖਦੇ ਹਨ, 'ਹਾਲਾਂਕਿ ਉਸ ਵੀਰ ਦੀ ਕੋਈ ਮਜਬੂਰੀ ਨਹੀਂ ਸੀ ਕਿਉਂਕਿ ਉਸ ਦੀ ਕਿਰਤ ਸਿੱਧੇ ਤੌਰ 'ਤੇ ਖੇਤੀ ਨਾਲ ਸਬੰਧਤ ਨਹੀਂ ਪਰ ਉਸ ਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਜੇਕਰ ਪੰਜਾਬ ਵਿਚ ਖੇਤੀ ਨਾ ਰਹੀ ਤਾਂ ਕੋਈ ਵੀ ਕਿਰਤ ਨਹੀਂ ਬਚੇਗੀ। ਅਜਿਹੇ ਯੋਧਿਆਂ ਨੂੰ ਲੱਖ ਵਾਰ ਸਲਾਮ, ਜਿਹੜੇ ਆਪਣੀ ਕਿਰਤ ਰਾਹੀਂ ਘਰ ਬੈਠੇ ਹੀ ਇਸ ਸੰਘਰਸ਼ 'ਚ ਵਡਮੁੱਲਾ ਯੋਗਦਾਨ ਪਾ ਰਹੇ ਹਨ।

**ਨੀਰੂ ਬਾਜਵਾ ਨੇ ਦਰਬਾਰ ਸਾਹਿਬ ਵਿਖੇ ਕੀਤੀ ਅਰਦਾਸ**

ਪੰਜਾਬੀ ਫ਼ਿਲਮ ਇੰਡਸਟਰੀ ਦੀ ਮਸ਼ਹੂਰ ਅਦਾਕਾਰਾ ਨੀਰੂ ਬਾਜਵਾ ਨੇ ਦਰਬਾਰ ਸਾਹਿਬ ਵਿਖੇ ਨਤਮਸਤਕ ਹੋਈ ਅਤੇ ਉੱਥੇ ਉਨਾਂ ਨੇ ਸਾਰਿਆਂ ਲਈ ਅਰਦਾਸ ਕੀਤੀ। ਇਸ ਦੌਰਾਨ ਦੀ ਇਕ ਤਸਵੀਰ ਨੀਰੂ ਬਾਜਵਾ ਨੇ ਆਪਣੇ ਟਵਿੱਟਰ ਅਕਾਊਂਟ 'ਤੇ ਸਾਂਝੀ ਕੀਤੀ ਹੈ। ਇਸ ਤਸਵੀਰ ਨੂੰ ਸਾਂਝਾ ਕਰਦਿਆਂ ਅਦਾਕਾਰਾ ਨੇ ਕੈਪਸ਼ਨ ਵਿਚ ਲਿਖਿਆ, 'ਦੁਨੀਆ ਨੂੰ ਇਸ ਸਮੇਂ ਆਸ ਦੀ ਜ਼ਰੂਰਤ ਹੈ। ਸਭ ਠੀਕ ਹੋ ਜਾਵੇਗਾ, ਹੱਥ ਜੋੜ ਕੇ ਰੱਖੋ, ਦਿਲ ਮਜ਼ਬੂਤ ਰੱਖਣ ਲਈ ਸੁਰੱਖਿਅਤ ਰਹੋ।'

**ਦਿੱਲੀ ਧਰਨੇ 'ਚ ਪਹੁੰਚ ਗਿੱਪੀ ਗਰੇਵਾਲ ਵੱਲੋਂ ਲੰਗਰ ਵਿਚ ਸੇਵਾ**

ਪੰਜਾਬੀ ਫ਼ਿਲਮ ਇੰਡਸਟਰੀ ਦੇ ਦੇਸੀ ਰੌਕਸਟਾਰ ਗਿੱਪੀ ਗਰੇਵਾਲ ਕੈਨੇਡਾ ਤੋਂ ਦਿੱਲੀ ਧਰਨੇ 'ਚ ਪਹੁੰਚੇ, ਦੀਆਂ ਕੁਝ ਤਸਵੀਰਾਂ ਸਾਹਮਣੇ ਆਈਆਂ ਹਨ, ਜਿਨਾਂ 'ਚ ਉਹ ਰੋਟੀਆਂ ਬਣਾਉਣ ਦੀ ਸੇਵਾ ਕਰਦੇ ਨਜ਼ਰ ਆ ਰਹੇ ਹਨ। ਇੰਨਾ ਹੀ ਨਹੀਂ ਸਗੋਂ ਗਿੱਪੀ ਨੇ ਲੰਗਰ ਬਣਾਉਣ ਲਈ ਕਈ ਹੋਰ ਸੇਵਾਵਾਂ ਵਿਚ ਵੀ ਹੱਥ ਵੰਡਾਇਆ ਹੈ। ਕੁਝ ਤਸਵੀਰਾਂ 'ਚ ਉਹ ਪਿਆਜ਼ ਚੀਰਦੇ ਵੀ ਨਜ਼ਰ ਆ ਰਹੇ ਹਨ। ਇਸ ਤੋਂ ਇਲਾਵਾ ਗਿੱਪੀ ਗਰੇਵਾਲ ਨੇ ਕਿਸਾਨ ਭਰਾਵਾਂ ਨੂੰ ਕੁਝ ਕੱਪੜੇ ਵੀ ਦਿੱਤੇ। ਦਿੱਲੀ ਧਰਨੇ ਦੌਰਾਨ ਗਿੱਪੀ ਗਰੇਵਾਲ ਖ਼ਾਲਸਾ ਏਡ ਦੇ ਸਿੰਘਾਂ ਨੂੰ ਮਿਲੇ। ਉਨਾਂ ਨੇ ਦੱਸਿਆ ਕਿ ਇੱਥੇ ਕਿਸਾਨਾਂ ਦੀ ਹਰ ਤਰਾਂ ਨਾਲ ਦੇਖਭਾਲ ਕੀਤੀ ਜਾ ਰਹੀ ਹੈ। ਕਿਸਾਨੀ ਧਰਨੇ 'ਚ ਜਿਮ, ਕੱਪੜੇ ਧੋਣ ਲਈ ਮਸ਼ੀਨਾਂ, ਬਜ਼ੁਰਗਾਂ ਲਈ ਲੱਤਾਂ ਦੀ ਮਸਾਜ ਵਾਸਤੇ ਮਸ਼ੀਨਾਂ ਦਾ ਪੁਖ਼ਤਾ ਪ੍ਰਬੰਧ ਕੀਤਾ ਗਿਆ ਹੈ। ਇਸ ਤੋਂ ਇਲਾਵਾ ਵੱਖ-ਵੱਖ ਪਿੰਡਾਂ ਦੀਆਂ ਸੰਗਤਾਂ ਵੱਲੋਂ ਹਰ ਕੋਈ ਆਪਣੀ ਸਮਰੱਥਾ ਅਨੁਸਾਰ ਕਿਸਾਨੀ ਅੰਦੋਲਨ 'ਚ ਬੈਠੇ ਕਿਸਾਨਾਂ ਦੀ ਮਦਦ ਕਰ ਰਿਹਾ ਹੈ। ਕਿਸੇ ਚੀਜ਼ ਦੀ ਕੋਈ ਘਾਟ ਨਹੀਂ ਹੈ।

**ਕਿਸਾਨੀ ਅੰਦੋਲਨ ਲਈ ਹਰਭਜਨ ਮਾਨ ਦਾ ਨਵਾਂ ਗੀਤ 'ਏਕਾ' ਪੰਜਾਬੀ ਗਾਇਕ ਹਰਭਜਨ ਮਾਨ ਆਪਣੇ ਨਵੇਂ ਗੀਤ 'ਏਕਾ' ਨਾਲ ਦਰਸ਼ਕਾਂ ਦੇ ਰੂਬਰੂ ਹੋਏ ਹਨ।**

ਹਰਭਜਨ ਮਾਨ ਵੀ ਬੈਕ ਟੂ ਬੈਕ ਕਿਸਾਨੀ ਗੀਤ ਲੈ ਕੇ ਆ ਰਹੇ ਹਨ। 'ਏਕਾ' ਵੀ ਕਿਸਾਨੀ ਗੀਤ ਹੈ, ਜਿਸ 'ਚ ਕਿਸਾਨਾਂ ਦੇ ਹੌਸਲੇ ਨੂੰ ਪੇਸ਼ ਕੀਤਾ ਗਿਆ ਹੈ। ਇਸ ਗੀਤ ਵਿਚ ਪੂਰੇ ਭਾਰਤ ਦੇ ਨਾਲ-ਨਾਲ ਵਿਦੇਸ਼ਾਂ ਦੇ ਪੰਜਾਬੀਆਂ ਦੇ ਹੋਏ 'ਏਕੇ' ਨੂੰ ਬਹੁਤ ਹੀ ਸੁਚੱਜੇ ਢੰਗ ਨਾਲ ਦਿਖਾਇਆ ਗਿਆ ਹੈ। ਜੇ ਗੱਲ ਕਰੀਏ ਇਸ ਗੀਤ ਦੇ ਬੋਲ ਹਰਵਿੰਦਰ ਤਾਤਲਾ ਨੇ ਦਿੱਤੇ ਹਨ, ਜਿਸ ਦਾ ਮਿਊਜ਼ਿਕ ਇਮਪਾਇਰ ਵੱਲੋਂ ਤਿਆਰ ਕੀਤਾ ਗਿਆ ਹੈ। ਇਸ ਗੀਤ ਨੂੰ ਹਰਭਜਨ ਮਾਨ ਦੇ ਆਫੀਸ਼ੀਅਲ ਯੂ-ਟਿਊਬ 'ਤੇ ਰਿਲੀਜ਼ ਕੀਤਾ ਗਿਆ ਹੈ। ਦਰਸ਼ਕਾਂ ਵੱਲੋਂ ਗੀਤ ਨੂੰ ਚੰਗਾ ਹੁੰਗਾਰਾ ਮਿਲ ਰਿਹਾ ਹੈ।

**ਅਦਾਕਾਰਾ ਗੁਲ ਪਨਾਗ ਤੇ ਹੋਰ ਧਰਨੇ 'ਚ ਸ਼ਾਮਲ**

ਬੀਤੇ ਦਿਨੀਂ ਮਸ਼ਹੂਰ ਅਦਾਕਾਰਾ ਗੁਲ ਪਨਾਗ ਵੀ ਕਿਸਾਨਾਂ ਦੇ ਧਰਨੇ 'ਚ ਸ਼ਾਮਲ ਹੋਈ। ਕਿਸਾਨਾਂ ਦੇ ਸਮਰਥਨ ਵਿਚ ਗੁੱਲ ਪਨਾਗ ਨੇ ਕਿਹਾ ਕਿ 'ਮੈਨੂੰ ਇਸ ਗੱਲ ਦਾ ਬਹੁਤ ਮਾਣ ਹੈ ਅਤੇ ਦੁੱਖ ਵੀ ਹੈ ਕਿ ਸਾਡੇ ਦੇਸ਼ ਦਾ ਅੰਨਦਾਤਾ ਠੰਢ 'ਚ ਆਪਣੇ ਹੱਕ ਦੀ ਆਵਾਜ਼ ਬੁਲੰਦ ਕਰ ਰਿਹਾ ਹੈ। ਉਨਾਂ ਕਿਹਾ ਕਿਸਾਨਾਂ ਨੂੰ ਸਰਕਾਰ 'ਤੇ ਵਿਸ਼ਵਾਸ ਨਹੀਂ ਰਿਹਾ ਹੈ, ਸਰਕਾਰ ਨੂੰ ਕਿਸਾਨਾਂ ਦਾ ਵਿਸ਼ਵਾਸ ਜਿੱਤਣਾ ਹੋਵੇਗਾ। ਇਸ ਤੋਂ ਇਲਾਵਾ ਉਨਾਂ ਨੇ ਕਿਹਾ ਕਾਨੂੰਨ ਲਿਆਉਣ ਦੀ ਇੰਨੀ ਜਲਦੀ ਵੀ ਕੀ ਸੀ, ਕਿਸਾਨਾਂ ਤੋਂ ਰਾਏ ਲੈ ਕੇ ਹੀ ਕਿਸਾਨਾਂ ਲਈ ਕਨੂੰਨ ਬਣਾਉਣਾ ਚਾਹੀਦਾ ਸੀ।'
ਪੰਜਾਬੀ ਗਾਇਕ ਗੁਰਨਾਮ ਭੁੱਲਰ ਵੀ ਦਿੱਲੀ ਦੇ ਕੁੰਡਲੀ ਬਾਰਡਰ 'ਤੇ ਲੱਗੇ ਕਿਸਾਨੀ ਮੋਰਚੇ 'ਤੇ ਪਹੁੰਚ ਗਏ ਨੇ, ਜਿਸ ਦੀ ਜਾਣਕਾਰੀ ਉਨਾਂ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਕੁਝ ਤਸਵੀਰਾਂ ਸਾਂਝੀਆਂ ਕਰਕੇ ਦਿੱਤੀ ਹੈ। ਉਨਾਂ ਨੇ ਆਪਣੇ ਫੇਸਬੁੱਕ ਪੇਜ਼ 'ਤੇ ਇਕ ਤਸਵੀਰ ਸਾਂਝੀ ਕਰਦਿਆਂ **#kisanmazdoorekta** ਜ਼ਿੰਦਾਬਾਦ, ਲੰਗਰ ਸੇਵਾ **#delhikundliborder**। ਉਹ ਲੋਕਾਂ ਨਾਲ ਮਿਲ ਕੇ ਲੰਗਰ ਲਈ ਰੋਟੀਆਂ ਬਣਾਉਂਦੇ ਹੋਏ ਨਜ਼ਰ ਆ ਰਹੇ ਹਨ।
ਗਾਇਕ ਰੇਸ਼ਮ ਸਿੰਘ ਅਨਮੋਲ ਵੀ ਧਰਨੇ ਵਿਚ ਪਹੁੰਚੇ ਨੇ ਅਤੇ ਲੰਗਰ ਤੇ ਭਾਂਡਿਆਂ ਦੀ ਸੇਵਾ ਦੇ ਨਾਲ-ਨਾਲ ਕਈ ਹੋਰ ਸੇਵਾਵਾਂ ਵੀ ਨਿਭਾ ਰਹੇ ਹਨ। ਰੇਸ਼ਮ ਸਿੰਘ ਅਨਮੋਲ ਦੇ ਗੀਤਾਂ 'ਚ ਵੀ ਕਿਸਾਨੀ ਝਲਕਦੀ ਹੈ।

**ਰੁਪਿੰਦਰ ਹਾਂਡਾ ਲਗਾਤਾਰ ਕਰ ਰਹੀ ਹੈ ਕਿਸਾਨਾਂ ਦਾ ਸਮਰਥਨ**

ਦੱਸ ਦਈਏ ਕਿ ਪੰਜਾਬੀ ਗਾਇਕਾ ਰੁਪਿੰਦਰ ਹਾਂਡਾ ਲਗਾਤਾਰ ਕਿਸਾਨਾਂ ਦਾ ਸਮਰਥਨ ਕਰ ਰਹੀ ਹੈ। ਗਾਇਕਾ ਬਾਰਡਰ 'ਤੇ ਬੈਠੇ ਕਿਸਾਨਾਂ ਲਈ ਲੰਗਰ ਤੇ ਪਕੌੜੇ ਬਣਾਉਂਦੀ ਨਜ਼ਰ ਆਈ ਸੀ। ਰੁਪਿੰਦਰ ਹਾਂਡਾ ਟਿਕਰੀ ਬਾਰਡਰ 'ਤੇ ਕਿਸਾਨਾਂ ਨਾਲ ਅੰਦੋਲਨ ਵਿਚ ਹਿੱਸਾ ਲੈ ਰਹੀ ਹੈ।

## ਕਿਸਾਨੀ ਮੁੱਦੇ 'ਤੇ ਕੰਗਨਾ ਨੂੰ ਨੱਥ ਪਾਉਣ ਵਾਲੇ ਦਿਲਜੀਤ ਨੇ ਕਿਵੇਂ ਗਾਇਕੀ ਤੇ ਅਦਾਕਾਰੀ ਵਿਚ ਨਾਮਣਾ ਖੱਟਿਆ



ਸੋਸ਼ਲ ਮੀਡੀਆ ਖ਼ਾਸ ਤੌਰ ਉੱਤੇ ਟਵਿੱਟਰ 'ਤੇ ਦਿਲਜੀਤ ਦੋਸਾਂਝ ਤੇ ਕੰਗਨਾ ਰਣੌਤ ਦਾ ਕਿਸਾਨੀ ਸੰਘਰਸ਼ ਨੂੰ ਲੈ ਕੇ ਵਿਵਾਦ ਅੱਜ ਕੱਲ ਬਰਕਰਾਰ ਹੈ। ਲੰਘੇ ਦਿਨੀਂ ਟਵਿੱਟਰ ਉੱਤੇ ਕੰਗਨਾ ਰਣੌਤ ਨੇ ਸ਼ਾਹੀਨ ਬਾਗ਼ ਵਾਲੀ ਦਾਦੀ ਬਿਲਕਿਸ ਨਾਲ ਤੁਲਨਾ ਕੀਤੀ ਸੀ, ਹਾਲਾਂਕਿ ਕੰਗਨਾ ਨੇ ਬਾਅਦ ਵਿੱਚ ਇਹ ਟਵੀਟ ਡਿਲੀਟ ਕਰ ਦਿੱਤਾ ਸੀ।
ਦਿੱਲੀ ਦੇ ਸਿੰਘੂ ਬਾਰਡਰ 'ਤੇ ਚੱਲ ਰਹੇ ਕਿਸਾਨੀ ਮੋਰਚੇ ਦੌਰਾਨ ਵੀ ਦਿਲਜੀਤ ਦੋਸਾਂਝ ਪਹੁੰਚੇ। ਉੱਥੇ ਪਹੁੰਚ ਕੇ ਜਿੱਥੇ ਉਨਾਂ ਨੇ ਕਿਸਾਨੀ ਅੰਦੋਲਨ ਦੀ ਜਿੱਥੇ ਤਾਰੀਫ਼ ਕੀਤੀ ਉੱਥੇ ਹੀ ਨੈਸ਼ਨਲ ਮੀਡੀਆ ਨੂੰ ਵੀ ਅਪੀਲ ਕਰਦਿਆਂ ਕਿਹਾ, ਨੈਸ਼ਨਲ ਮੀਡੀਆ ਵੇਖੇ ਕਿ ਇੱਥੇ ਕਿਸਾਨੀ ਤੋਂ ਇਲਾਵਾ ਕੋਈ ਗੱਲ ਨਹੀਂ ਹੋ ਰਹੀ ਹੈ ਇਸ ਲਈ ਜੋ ਇੱਥੇ ਹੋ ਰਿਹਾ ਹੈ ਉਹੀ ਵਿਖਾਓ।
ਦਿਲਜੀਤ ਦੋਸਾਂਝ ਪੰਜਾਬੀ ਮਨੋਰੰਜਨ ਜਗਤ ਦਾ ਜਾਣਿਆ-ਪਛਾਣਿਆ ਨਾਮ ਹੈ। ਹਿੰਦੀ ਭਾਸ਼ਾਈ ਲੋਕਾਂ ਵਿੱਚ ਦਿਲਜੀਤ ਦੇ ਗਾਣਿਆਂ ਅਤੇ ਪੇਸ਼ਕਾਰੀ ਨੇ ਵੀ ਉਨਾਂ ਦੀ ਪਛਾਣ ਨੂੰ ਹੋਰ ਗੂੜਾ ਕੀਤਾ ਹੈ।
ਜਲੰਧਰ ਦੇ ਪਿੰਡ ਦੋਸਾਂਝ ਕਲਾਂ ਦੇ ਦਿਲਜੀਤ ਦੋਸਾਂਝ ਇੱਕ ਮੱਧ ਵਰਗੀ ਪਰਿਵਾਰ ਤੋਂ ਆਉਂਦੇ ਹਨ । ਦਿਲਜੀਤ ਇੱਕ ਕਿਸਾਨੀ ਪਰਿਵਾਰ ਨਾਲ ਤਾਲੁਕ ਰੱਖਦੇ ਹਨ। ਉਹ ਇੱਕ ਇੰਟਰਵਿਊ ਦੌਰਾਨ ਇਹ ਵੀ ਦੱਸਦੇ ਹਨ ਕਿ ਉਨਾਂ ਨੇ 10ਵੀਂ ਤੱਕ ਦੀ ਹੀ ਪੜਾਈ ਕੀਤੀ ਅਤੇ ਅੱਗੇ ਨਹੀਂ ਪੜ ਸਕੇ। ਪਿਤਾ ਬਲਬੀਰ ਸਿੰਘ ਅਤੇ ਮਾਂ ਸੁਖਵਿੰਦਰ ਕੌਰ ਦੇ ਪੁੱਤਰ ਦਲਜੀਤ ਸਿੰਘ ਨੂੰ ਹੁਣ ਦੁਨੀਆ ਦਿਲਜੀਤ ਦੋਸਾਂਝ ਦੇ ਨਾਮ ਨਾਲ ਜਾਣਦੀ ਹੈ। ਬਚਪਨ ਤੋਂ ਗਾਉਣ ਦਾ ਸ਼ੌਕ ਰੱਖਣ ਵਾਲੇ ਦਿਲਜੀਤ ਆਪਣੇ ਸ਼ੁਰੂਆਤੀ ਦਿਨਾਂ ਵਿੱਚ ਗੁਰਬਾਣੀ ਕੀਰਤਨ ਦੌਰਾਨ ਤਬਲੇ ਵਜਾਇਆ ਕਰਦੇ ਸਨ।
ਦਿਲਜੀਤ ਦੀ ਗਾਣਿਆਂ ਦੀ ਪਹਿਲੀ ਐਲਬਮ ਫ਼ਾਈਨਟੋਨ ਕੰਪਨੀ ਵੱਲੋਂ 'ਇਸ਼ਕ ਦਾ ਊੜਾ ਐੜਾ' ਟਾਇਟਲ ਨਾਲ ਰਿਲੀਜ਼ ਹੋਈ ਸੀ ਅਤੇ ਇਸ ਦੇ ਨਾਲ ਹੀ ਪੰਜਾਬ ਦੇ ਸੰਗੀਤਕ ਖੇਤਰ ਵਿੱਚ ਦਿਲਜੀਤ ਦੀ ਐਂਟਰੀ ਸਨ 2000 ਦੇ ਸ਼ੁਰੂਆਤ ਵਿੱਚ ਹੁੰਦੀ ਹੈ। ਉਸ ਤੋਂ ਬਾਅਦ ਕਈ ਸਿੰਗਲ ਟ੍ਰੈਕਸ ਅਤੇ ਐਲਬਮਾਂ ਦਾ ਦੌਰ ਚੱਲਦਾ ਹੈ। 'ਦਿਲ', 'ਸਮਾਇਲ','ਚੌਕਲੇਟ', ਹਨੀ ਸਿੰਘ ਨਾਲ 'ਦੀ ਨੈਕਸਟ ਲੈਵਲ' ਇਸ ਤਰਾਂ ਕਈ ਐਲਬਮਜ਼ ਅਤੇ ਗੀਤ ਆਉਂਦੇ ਹਨ। 2011 ਵਿੱਚ ਪਹਿਲੀ ਪੰਜਾਬੀ ਫ਼ਿਲਮ 'ਦੀ ਲਾਇਨ ਆਫ਼ ਪੰਜਾਬ' ਨਾਲ ਬਤੌਰ ਅਦਾਕਾਰ ਦਿਲਜੀਤ ਐਂਟਰੀ ਕਰਦੇ ਹਨ
ਗਾਇਕੀ ਦਾ ਕਰੀਅਰ ਸ਼ੁਰੂ ਹੋਣ ਤੋਂ 11 ਸਾਲਾਂ ਬਾਅਦ 2011 ਵਿੱਚ ਪਹਿਲੀ ਪੰਜਾਬੀ ਫ਼ਿਲਮ 'ਦਿ ਲਾਇਨ ਆਫ਼ ਪੰਜਾਬ' ਨਾਲ ਬਤੌਰ ਅਦਾਕਾਰ ਦਿਲਜੀਤ ਪੇਸ਼ ਹੁੰਦੇ ਹਨ। ਇਸ ਤੋਂ ਬਾਅਦ ਜੱਟ ਐਂਡ ਜੂਲੀਅਟ 1 ਅਤੇ 2, ਪੰਜਾਬ 1984, ਸੁਪਰ ਸਿੰਘ, ਛੜਾ, ਸੱਜਣ ਸਿੰਘ ਰੰਗਰੂਟ ਅਤੇ ਕਈ ਹੋਰ ਪੰਜਾਬੀ ਫ਼ਿਲਮਾਂ ਆਉਂਦੀਆਂ ਹਨ।
ਪੰਜਾਬੀ ਫ਼ਿਲਮਾਂ ਤੋਂ ਬਾਅਦ 70 ਐੱਮ ਐੱਮ ਦੇ ਪਰਦੇ ਉੱਤੇ ਦਿਲਜੀਤ ਹਿੰਦੀ ਫ਼ਿਲਮਾਂ ਵਿੱਚ ਨਜ਼ਰ ਆਉਣੇ ਸ਼ੁਰੂ ਹੁੰਦੇ ਹਨ। ਹਿੰਦੀ ਫ਼ਿਲਮ 'ਉੜਤਾ ਪੰਜਾਬ' ਨਾਲ ਸਾਲ 2016 ਵਿੱਚ ਸਰਤਾਜ ਸਿੰਘ ਦੇ ਕਿਰਦਾਰ ਨਿਭਾਉਣ ਵਾਲੇ ਦਿਲਜੀਤ ਨੂੰ ਫ਼ਿਲਮ ਫ਼ੇਅਰ ਬੈਸਟ ਮੇਲ ਡੇਬਿਊ ਐਵਾਰਡ ਮਿਲਦਾ ਹੈ। ਇਸ ਤੋਂ ਬਾਅਦ ਅਨੁਸ਼ਕਾ ਸ਼ਰਮਾ ਨਾਲ 'ਫ਼ਿਲੌਰੀ', ਹਾਕੀ ਖ਼ਿਡਾਰੀ ਸੰਦੀਪ ਸਿੰਘ ਦੀ ਜ਼ਿੰਦਗੀ ਉੱਤੇ ਬਣੀ ਫ਼ਿਲਮ 'ਸੂਰਮਾ', 'ਅਰਜੁਨ ਪਟਿਆਲਾ' ਤੇ ਅਕਸ਼ੇ ਕੁਮਾਰ, ਕਰੀਨਾ ਕਪੂਰ ਖ਼ਾਨ ਨਾਲ 'ਗੁੱਡ ਨਿਊਜ਼' ਫ਼ਿਲਮਾਂ ਨਾਲ ਦਾਇਰਾ ਹੋਰ ਵੱਡਾ ਹੁੰਦਾ ਹੈ। ਵਧਦੀ ਮਕਬੂਲੀਅਤ ਨਾਲ ਦਿਲਜੀਤ ਦੋਸਾਂਝ ਨੂੰ ਕਈ ਨਾਮੀ ਕੰਪਨੀਆਂ ਦੀ ਮਸ਼ਹੂਰੀਆਂ ਵਿੱਚ ਬਤੌਰ ਪੋਸਟਰ ਬੁਆਏ ਥਾਂ ਮਿਲਣੀ ਸ਼ੁਰੂ ਹੋਈ।

**ਦਿਲਜੀਤ ਅਤੇ ਦਸਤਾਰ**

ਆਪਣੀ ਬਾਲੀਵੁੱਡ ਐਂਟਰੀ ਬਾਰੇ ਦਿਲਜੀਤ ਇੱਕ ਇੰਟਰਵਿਊ ਵਿੱਚ ਕਹਿੰਦੇ ਹਨ, 'ਉਨਾਂ ਨੇ ਮੈਨੂੰ ਕਿਹਾ ਸੀ ਕਿ ਦਸਤਾਰ ਵਾਲਿਆਂ ਨੂੰ ਬਾਲੀਵੁੱਡ ਵਿੱਚ ਹੀਰੋ ਦਾ ਰੋਲ ਨਹੀਂ ਮਿਲ ਸਕੇਗਾ। ਮੈਂ ਸੋਚਿਆ ਜੇ ਅਜਿਹਾ ਹੈ ਤਾਂ ਕੋਈ ਗੱਲ ਨਹੀਂ, ਮੈਂ ਫ਼ਿਲਮ ਨਹੀਂ ਕਰਾਂਗਾ। ਪਰ ਫਿਰ ਖ਼ੁਦ ਮੇਰੇ ਕੋਲ ਫ਼ਿਲਮ ਦਾ ਆਫ਼ਰ ਆ ਗਿਆ।'
ਦਿਲਜੀਤ ਨੇ ਕਿਹਾ ਸੀ, 'ਕੰਮ ਮਿਲੇ ਜਾਂ ਨਾ ਮਿਲੇ ਪਰ ਫ਼ਿਲਮਾਂ ਲਈ ਦਸਤਾਰ ਬੰਨਣੀ ਨਹੀਂ ਛੱਡ ਸਕਦਾ।'
'ਮੈਂ ਇੱਕ ਰੋਲ ਦੇ ਲਈ ਆਪਣੇ ਆਪ ਨੂੰ ਨਹੀਂ ਬਦਲਾਂਗਾ, ਕੰਮ ਮਿਲੇ ਜਾਂ ਨਾ ਮਿਲੇ ਪਰ ਫ਼ਿਲਮਾਂ ਲਈ ਦਸਤਾਰ ਬੰਨਣੀ ਨਹੀਂ ਛੱਡ ਸਕਦਾ।'

**ਵਿਵਾਦ ਅਤੇ ਦਿਲਜੀਤ**

ਸ਼ਾਂਤ ਅਤੇ ਹਸਮੁਖ ਸੁਭਾਅ ਰੱਖਣ ਵਾਲੇ ਦਿਲਜੀਤ ਦੋਸਾਂਝ ਦਾ ਵਿਰੋਧ ਵੀ ਹੋ ਚੁੱਕਿਆ ਹੈ। ਗੀਤ 'ਲੱਕ 28 ਕੁੜੀ ਦਾ 47 ਵੇਟ ਕੁੜੀ ਦਾ' ਨੂੰ ਲੈ ਕੇ ਲੰਘੇ ਸਾਲਾਂ ਵਿੱਚ ਉਨਾਂ ਦੇ ਲੁਧਿਆਣਾ ਸਥਿਤ ਘਰ ਦੇ ਬਾਹਰ ਵਿਰੋਧ ਪ੍ਰਦਰਸ਼ਨ ਹੋਏ ਸਨ। ਇਸ ਤੋਂ ਇਲਾਵਾ ਹਨੀ ਸਿੰਘ ਨਾਲ ਸਾਂਝੇ ਤੌਰ ਉੱਤੇ ਗਾਏ ਇੱਕ ਹੋਰ ਗੀਤ '15 ਸਾਲ' ਨਾਲ ਵੀ ਵਿਵਾਦ ਖੜਾ ਹੋ ਗਿਆ ਸੀ। ਇਹ ਗੀਤ ਐਲਬਮ 'ਅਰਬਨ ਪੇਂਡੂ' ਵਿੱਚੋਂ ਸੀ।
ਸਾਲ 2020 ਵਿੱਚ ਹੀ ਜੂਨ ਮਹੀਨੇ ਦਿਲਜੀਤ ਦੇ ਗੀਤ 'ਰੰਗਰੂਟ' ਨੂੰ ਲੈ ਕੇ ਲੁਧਿਆਣਾ ਤੋਂ ਹੀ ਕਾਂਗਰਸੀ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਇਤਰਾਜ਼ ਜਤਾਇਆ ਸੀ। ਬਿੱਟੂ ਦਾ ਇਲਜ਼ਾਮ ਸੀ ਕਿ ਇਹ ਗੀਤ ਖ਼ਾਲਿਸਤਾਨੀ ਏਜੰਡੇ ਨੂੰ ਹੁੰਗਾਰਾ ਦੇਣ ਦੀ ਕੋਸ਼ਿਸ਼ ਕਰ ਰਹੇ ਹਨ।
ਹਾਲਾਂਕਿ ਇਸ ਦਾ ਜਵਾਬ ਦਿਲਜੀਤ ਨੇ ਇੱਕ ਵੀਡੀਓ ਜਾਰੀ ਕਰਦਿਆਂ ਦਿੱਤਾ ਸੀ ਕਿ ਜਿਸ ਗਾਣੇ ਉੱਤੇ ਇਤਰਾਜ਼ ਜਤਾਇਆ ਜਾ ਰਿਹਾ ਹੈ ਉਹ 2014 ਵਿੱਚ ਆਈ ਫ਼ਿਲਮ 'ਪੰਜਾਬ 1984' ਹੈ ਅਤੇ ਬਕਾਇਦਾ ਸਾਰੇ ਗਾਣੇ ਸੈਂਸਰ ਬੋਰਡ ਵੱਲੋਂ ਮਨਜ਼ੂਰ ਸਨ।

**ਨਿੱਜੀ ਜ਼ਿੰਦਗੀ**

ਅਕਸਰ ਇੰਟਰਵਿਊਜ਼ ਅਤੇ ਆਪਣੇ ਸੋਸ਼ਲ ਮੀਡੀਆ ਅਕਾਊਂਟਸ ਉੱਤੇ ਦਿਲਜੀਤ ਦੋਸਾਂਝ ਫ਼ਿਲਮਾਂ ਜਾਂ ਗੀਤਾਂ ਦਾ ਜ਼ਿਆਦਾ ਜ਼ਿਕਰ ਕਰਦੇ ਨਜ਼ਰ ਆਉਂਦੇ ਹਨ। ਇੱਕ ਇੰਟਰਵਿਊ ਵਿੱਚ ਉਹ ਕਹਿੰਦੇ ਹਨ, ਮੇਰੀ ਮਾਂ ਹਮੇਸ਼ਾ ਕਹਿੰਦੀ ਸੀ ਕਿ ਪੁੱਤਰ ਸਾਡਾ ਕੋਈ ਸਾਈਡ ਬਿਜ਼ਨਸ ਨਹੀਂ ਹੈ, ਜੇ ਤੂੰ ਕੋਈ ਕੰਮ ਨਹੀਂ ਕਰੇਗਾ ਤਾਂ ਜ਼ਿੰਦਗੀ ਵਿੱਚ ਬਹੁਤ ਪਿੱਛੇ ਰਹਿ ਜਾਵੇਂਗਾ।
ਉਹ ਕਹਿੰਦੇ ਹਨ, 'ਮੈਂ ਜ਼ਿੰਦਗੀ ਵਿੱਚ ਗ਼ਰੀਬੀ ਦੇ ਦਿਨ ਦੇਖੇ ਹਨ, ਜ਼ਿੰਦਗੀ ਵਿੱਚ ਇੱਕ ਅਸੁਰੱਖਿਆ ਹੈ ਕਿ ਕਿਤੇ ਚੀਜ਼ਾਂ ਚਲੀਆਂ ਨਾ ਜਾਣ ਅਤੇ ਮੈਂ ਖੋ ਨਾ ਦੇਵਾਂ, ਇਹੀ ਸਭ ਮੈਨੂੰ ਲਗਾਤਾਰ ਮਿਹਨਤ ਕਰਵਾਉਂਦਾ ਹੈ।'

# ਕਿਸਾਨੀ ਸੰਘਰਸ਼ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਭੂਮਿਕਾ

**- ਮਨਪ੍ਰੀਤ ਸਿੰਘ ਬਾਜ**

ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਕਿਸਾਨਾਂ ਦੀ ਪਾਰਟੀ ਹੋਣ ਦਾ ਦਾਅਵਾ ਕਰਦਾ ਹੈ, ਜਿਸ ਨੂੰ ਲੰਮੇ ਸਮੇਂ ਤੋਂ ਕਿਸਾਨਾਂ ਦੀ ਹਿਮਾਇਤ ਵੀ ਮਿਲਦੀ ਰਹੀ ਹੈ। ਹੁਣ ਜਦੋਂ ਪੂਰੇ ਦੇਸ਼ ਦਾ ਕਿਸਾਨ ਕੇਂਦਰ ਸਰਕਾਰ ਵੱਲੋਂ ਲਿਆਂਦੇ ਗਏ ਖੇਤੀ ਕਾਨੂੰਨਾਂ ਦੇ ਵਿਰੋਧ ਵਿਚ ਜਨ-ਅੰਦੋਲਨ ਰਾਹੀਂ ਇਤਿਹਾਸ ਸਿਰਜ ਰਿਹਾ ਹੈ ਤਾਂ ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੀ ਭੂਮਿਕਾ ਬਾਰੇ ਵਿਚਾਰ ਕਰਨਾ ਬਣਦਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਹਿਲਾਂ-ਪਹਿਲ ਇਨਾਂ ਖੇਤੀ ਕਾਨੂੰਨਾਂ ਦੀ ਹਿਮਾਇਤ ਕੀਤੀ ਸੀ, ਜਿਸ ਬਾਰੇ ਉਨਾਂ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਵੱਲੋਂ ਕਿਸਾਨਾਂ ਦੇ ਸਵਾਲਾਂ ਦੇ ਜੁਆਬ ਪ੍ਰਤੀ ਮਿਲੇ ਭਰੋਸੇ ਕਰਕੇ ਹੀ ਉਹ ਹਿਮਾਇਤ ਕਰਦੇ ਸਨ, ਜਦੋਂ ਉਨਾਂ ਨੂੰ ਸਪਸ਼ਟ ਹੋ ਗਿਆ ਕਿ ਕੇਂਦਰ ਸਰਕਾਰ ਖੇਤੀ ਕਾਨੂੰਨਾਂ ਵਿਚਲੀਆਂ ਖ਼ਾਮੀਆਂ ਦੂਰ ਨਹੀਂ ਕਰ ਰਹੀ ਤਾਂ ਸ਼੍ਰੋਮਣੀ ਅਕਾਲੀ ਦਲ ਸਪਸ਼ਟ ਰੂਪ ਵਿਚ ਕਿਸਾਨਾਂ ਦੇ ਹੱਕ ਵਿਚ ਖੜਾ ਹੋ ਗਿਆ। ਇਸ ਗੱਲ ਦੀ ਸਮੀਖਿਆ ਕਰਨੀ ਬਣਦੀ ਹੈ ਕਿਉਂਕਿ ਸ਼੍ਰੋਮਣੀ ਅਕਾਲੀ ਦਲ ਸਿੱਖਾਂ ਦੀ ਪਾਰਟੀ ਹੈ ਅਤੇ ਪੰਜਾਬ ਦੀ ਸਿਆਸਤ ਵਿਚ ਵੱਡਾ ਅਸਰ ਰੱਖਦੀ ਹੈ। ਸ਼੍ਰੋਮਣੀ ਅਕਾਲੀ ਦਲ ਨੇ ਕਿਸਾਨੀ ਸੰਘਰਸ਼ ਦੇ ਚੱਲਦਿਆਂ ਕੁਝ ਵੱਡੇ ਫ਼ੈਸਲੇ ਲਏ- ਪਹਿਲਾ, ਬੀਬਾ ਹਰਸਿਮਰਤ ਕੌਰ ਬਾਦਲ ਨੇ ਬੀਜੇਪੀ ਦੇ ਕੇਂਦਰੀ ਮੰਤਰੀ ਮੰਡਲ ਤੋਂ ਅਸਤੀਫ਼ਾ ਦੇ ਦਿੱਤਾ। ਦੂਜਾ, ਸ. ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਸ਼੍ਰੋਮਣੀ ਅਕਾਲੀ ਦਲ ਨੇ ਸਰਬਸੰਮਤੀ ਨਾਲ ਬੀਜੇਪੀ ਨਾਲੋਂ ਆਪਣਾ ਦਹਾਕਿਆਂ ਪੁਰਾਣਾ ਗੱਠਜੋੜ ਖ਼ਤਮ ਕਰ ਦਿੱਤਾ। ਤੀਜਾ ਫ਼ੈਸਲਾ ਲੈਂਦਿਆਂ ਸ. ਪ੍ਰਕਾਸ਼ ਸਿੰਘ ਬਾਦਲ ਨੇ ਖੇਤੀ ਕਾਨੂੰਨਾਂ ਦੇ ਵਿਰੋਧ ਵਿਚ ਰੋਸ ਪ੍ਰਗਟਾਉਂਦਿਆਂ ਪਦਮ ਵਿਭੂਸ਼ਣ ਐਵਾਰਡ ਵਾਪਸ ਕਰ ਦਿੱਤਾ। ਇਨਾਂ ਫ਼ੈਸਲਿਆਂ ਨੇ ਨੈਸ਼ਨਲ ਪੱਧਰ 'ਤੇ ਚਰਚਾ ਨੂੰ ਜਨਮ ਦਿੱਤਾ ਅਤੇ ਕਿਸਾਨੀ ਸੰਘਰਸ਼ ਨੂੰ ਬਲ ਮਿਲਿਆ। ਸ਼੍ਰੋਮਣੀ ਅਕਾਲੀ ਦਲ ਵੱਲੋਂ ਗਵਰਨਰ ਦੀ ਕੋਠੀ ਦਾ ਘਿਰਾਓ ਕਰਨ ਲਈ ਇੱਕ ਵਿਸ਼ਾਲ ਕਿਸਾਨ ਮਾਰਚ ਕੱਢਿਆ ਗਿਆ ਜਿਸ ਨੂੰ ਵੱਡੇ ਪੱਧਰ 'ਤੇ ਹੁੰਗਾਰਾ ਮਿਲਿਆ। ਸ਼੍ਰੋਮਣੀ ਅਕਾਲੀ ਦਲ ਨੇ 100 ਸਾਲਾ ਸਥਾਪਨਾ ਦਿਵਸ ਸਬੰਧੀ ਕਰਵਾਏ ਜਾਣ ਵਾਲੇ ਸਮਾਗਮ ਰੱਦ ਕਰ ਦਿੱਤੇ ਅਤੇ ਇਸ ਨੂੰ ਕਿਸਾਨੀ ਸੰਘਰਸ਼ ਸਮਰਪਣ ਦਿਵਸ ਵਜੋਂ ਘੋਸ਼ਿਤ ਕਰ ਦਿੱਤਾ। ਇਸਦੇ ਨਾਲ ਹੀ ਸੁਖਬੀਰ ਸਿੰਘ ਬਾਦਲ ਦੇ ਨਿਰਦੇਸ਼ ਅਨੁਸਾਰ ਸੀਨੀਅਰ ਅਕਾਲੀ ਆਗੂ ਪ੍ਰੇਮ ਸਿੰਘ ਚੰਦੂਮਾਜਰਾ ਨੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਅਤੇ ਤ੍ਰਿਣਮੂਲ ਕਾਂਗਰਸ ਨਾਲ ਮੁਲਾਕਾਤ ਕਰਕੇ ਕਾਲੇ ਖੇਤੀ ਕਾਨੂੰਨਾਂ ਵਿਰੁੱਧ ਬੀਜੇਪੀ ਸਰਕਾਰ ਦੀ ਰਾਜਨੀਤਕ ਘੇਰਾਬੰਦੀ ਕਰਨ ਦੀ ਪਹਿਲਕਦਮੀ ਨਾਲ ਵੀ ਕਿਸਾਨੀ ਸੰਘਰਸ਼ ਨੂੰ ਬਲ ਮਿਲੇਗਾ। ਕਿਸਾਨੀ ਸੰਘਰਸ਼ ਦਾ ਸਮਰਥਨ ਕਰਦਿਆਂ ਪੰਜਾਬ ਦੀਆਂ ਬਾਕੀ ਰਾਜਨੀਤਕ ਪਾਰਟੀਆਂ ਨੂੰ ਵੀ ਵੱਡੇ ਫ਼ੈਸਲੇ ਲੈਣੇ ਚਾਹੀਦੇ ਹਨ।







ਇਸ ਤੋਂ ਇਲਾਵਾ ਸ. ਸੁਖਬੀਰ ਸਿੰਘ ਬਾਦਲ ਵੱਲੋਂ ਆਪਣੇ ਵਰਕਰਾਂ ਨੂੰ ਦਿੱਲੀ ਵਿਖੇ ਚੱਲ ਰਹੇ ਕਿਸਾਨੀ ਸੰਘਰਸ਼ ਵਿਚ ਵੱਧ ਤੋਂ ਵੱਧ ਸ਼ਮੂਲੀਅਤ ਕਰਨ ਦਾ ਨਿਰਦੇਸ਼ ਦਿੱਤਾ ਗਿਆ। ਜਿਸ ਤਹਿਤ ਲਗਾਤਾਰ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਤੇ ਵਰਕਰ ਹਜ਼ਾਰਾਂ ਦੀ ਗਿਣਤੀ ਵਿਚ ਦਿੱਲੀ ਪਹੁੰਚੇ ਹੋਏ ਹਨ। ਸ਼੍ਰੋਮਣੀ ਅਕਾਲੀ ਦਲ ਦੇ ਬੰਗਾ ਤੋਂ ਵਿਧਾਇਕ ਡਾ. ਸੁਖਵਿੰਦਰ ਕੁਮਾਰ ਸੁਖੀ, ਆਦਮਪੁਰ ਤੋਂ ਸ੍ਰੀ ਪਵਨ ਕੁਮਾਰ ਟੀਨੂੰ, ਫਿਲੌਰ ਤੋਂ ਬਲਦੇਵ ਸਿੰਘ ਖਹਿਰਾ, ਨਕੋਦਰ ਤੋਂ ਗੁਰਪ੍ਰਤਾਪ ਸਿੰਘ ਵਡਾਲਾ ਆਦਿ ਅਨੇਕਾਂ ਆਗੂ ਆਪਣੇ ਹਲਕੇ ਦੀਆਂ ਸੰਗਤਾਂ ਨੂੰ ਨਾਲ ਲੈ ਕੇ ਹਾਜ਼ਰੀਆਂ ਭਰ ਰਹੇ ਹਨ। ਤਰਨ ਤਾਰਨ ਤੋਂ ਅਕਾਲੀ ਆਗੂ ਇਕਬਾਲ ਸਿੰਘ ਸੰਧੂ ਸੰਗਤਾਂ ਸਮੇਤ ਸੰਘਰਸ਼ ਵਿਚ ਡਟੇ ਹੋਏ ਹਨ। ਅਕਾਲੀ ਦਲ ਦੇ ਰਾਜਾਸਾਂਸੀ ਤੋਂ ਗੁਰਸ਼ਰਨ ਸਿੰਘ ਛੀਨਾ, ਅਜਨਾਲਾ ਤੋਂ ਜੋਧ ਸਿੰਘ ਸਮਰਾ, ਨਿਰਮਲ ਸਿੰਘ ਨੰਗਲੀ ਤੇ ਕੁਲਵਿੰਦਰ ਸਿੰਘ ਔਲਖ ਵੱਲੋਂ ਦਿੱਲੀ ਜਾਣ ਵਾਲੇ ਟਰੈਕਟਰਾਂ ਵਿਚ ਮੁਫ਼ਤ ਤੇਲ ਪਾਉਣ ਦੀ ਸੇਵਾ ਕੀਤੀ ਗਈ। ਹਲਕਾ ਗਿੱਦੜਬਾਹਾ ਤੋਂ ਹਰਦੀਪ ਸਿੰਘ ਡਿੰਪੀ ਢਿੱਲੋਂ ਨੇ ਗਿੱਦੜਬਾਹਾ ਤੋਂ ਦਿੱਲੀ ਲਈ ਮੁਫ਼ਤ ਬੱਸ ਸੇਵਾ ਸ਼ੁਰੂ ਕੀਤੀ।

ਸ਼੍ਰੋਮਣੀ ਅਕਾਲੀ ਦਲ ਨੇ ਵੱਡੀ ਗਿਣਤੀ ਨੌਜੁਆਨਾਂ ਨੂੰ ਕਿਸਾਨੀ ਸੰਘਰਸ਼ ਵਿਚ ਸ਼ਮੂਲੀਅਤ ਕਰਵਾਉਣ ਵਿਚ ਸਫਲਤਾ ਪਾਈ ਹੈ। ਯੂਥ ਅਕਾਲੀ ਦਲ ਦੇ ਸਾਰੇ ਆਗੂ ਸੈਂਕੜੇ ਵਰਕਰਾਂ ਨਾਲ ਦਿੱਲੀ ਵਿਚ ਸ਼ਮੂਲੀਅਤ ਕਰ ਹਰੇ ਹਨ ਅਤੇ ਪੰਜਾਬ ਵਿਚ ਵੀ ਲਗਾਤਾਰ ਪ੍ਰਦਰਸ਼ਨ ਜਾਰੀ ਹਨ। ਯੂਥ ਅਕਾਲੀ ਦਲ ਦੇ ਪ੍ਰਧਾਨ ਪਰਮਬੰਸ ਸਿੰਘ ਬੰਟੀ ਰੋਮਾਣਾ, ਆਈ.ਟੀ.ਵਿੰਗ ਦੇ ਪ੍ਰਧਾਨ ਨਛੱਤਰ ਸਿੰਘ, ਜਨਰਲ ਸਕੱਤਰ ਸਰਬਜੋਤ ਸਿੰਘ ਸਾਬੀ, ਅੰਮ੍ਰਿਤਸਰ ਤੋਂ ਜ਼ਿਲਾ ਪ੍ਰਧਾਨ ਗੁਰਪ੍ਰਤਾਪ ਸਿੰਘ ਟਿੱਕਾ, ਗੁਰਦਾਸਪੁਰ ਹਲਕੇ ਤੋਂ ਯੂਥ ਅਕਾਲੀ ਦਲ ਦੇ ਵਰਕਰ, ਯੂਥ ਅਕਾਲੀ ਦਲ ਕੋਰ ਕਮੇਟੀ ਮੈਂਬਰ ਕਮਲਜੀਤ ਸਿੰਘ ਕੁਲਾਰ, ਸੰਗਰੂਰ ਦੇ ਯੂਥ ਪ੍ਰਧਾਨ ਇਕਬਾਲ ਸਿੰਘ ਝੂੰਦਾ, ਹਲਕਾ ਅਮਲੋਹ ਤੋਂ ਗੁਰਪ੍ਰੀਤ ਸਿੰਘ ਰਾਜੂ ਖੰਨਾ, ਯੂਥ ਆਗੂ ਵਿਨਰਜੀਤ ਸਿੰਘ ਗੋਲਡੀ, ਲੁਧਿਆਣਾ ਦੇ ਯੂਥ ਪ੍ਰਧਾਨ ਗੁਰਦੀਪ ਸਿੰਘ ਗੋਸ਼ਾ, ਜਸਪ੍ਰੀਤ ਸਿੰਘ ਦਿੱਲੀ ਆਦਿ ਨਾਵਾਂ ਦੀ ਵੱਡੀ ਲਿਸਟ ਹੈ ਜਿਨਾਂ ਨੇ ਪੰਜਾਬ ਦੀ ਨੌਜੁਆਨੀ ਨੂੰ ਰਾਜਨੀਤੀ ਤੋਂ ਉੱਪਰ ਉੱਠ ਕੇ ਕਿਸਾਨੀ ਸੰਘਰਸ਼ ਵਿਚ ਜੂਝਣ ਦਾ ਹੁਲਾਰਾ ਦਿੱਤਾ ਹੈ। ਉਕਤ ਸੰਖੇਪ ਸਮੀਖਿਆ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਸਿਆਣਪ ਵਾਲੀ ਨੀਤੀ ਨਜ਼ਰ ਆਉਂਦੀ ਹੈ ਕਿ ਅਕਾਲੀ ਦਲ ਦੇ ਆਗੂ ਤੇ ਵਰਕਰ ਆਪਣੀ ਰਾਜਨੀਤਕ ਪਛਾਣ ਨੂੰ ਪਾਸੇ ਰੱਖ ਕੇ ਕਿਸਾਨੀ ਸੰਘਰਸ਼ ਵਿਚ ਆਮ ਲੋਕਾਂ ਵਾਂਗ ਵਿਚਰ ਰਹੇ ਹਨ। ਅਕਾਲੀਆਂ ਵੱਲੋਂ ਕੋਈ ਵੱਖਰੀ ਸਟੇਜ ਨਹੀਂ ਲਗਾਈ ਗਈ, ਵੱਖਰਾ ਮੋਰਚਾ ਨਹੀਂ ਲਗਾਇਆ ਗਿਆ, ਵੱਖਰਾ ਇਕੱਠ ਨਹੀਂ ਕੀਤਾ ਗਿਆ, ਟਰਾਲੀਆਂ ਵਿਚ ਡੇਰੇ ਲਗਾਏ ਹੋਏ ਹਨ, ਲੰਗਰਾਂ ਵਿਚ ਸੇਵਾ ਕਰ ਰਹੇ ਹਨ, ਲਗਾਤਾਰ ਹਲਕੇ ਦੇ ਲੋਕਾਂ ਨੂੰ ਦਿੱਲੀ ਲੈ ਕੇ ਜਾ ਰਹੇ ਹਨ ਆਦਿ ਗੱਲਾਂ ਇਸ ਸੰਘਰਸ਼ ਨੂੰ ਕਿਸਾਨ ਕੇਂਦਰਿਤ ਬਣਾਈ ਰੱਖਣ ਲਈ ਅਹਿਮ ਹਨ। ਪੰਜਾਬ ਦੇ ਹਰ ਬਾਸ਼ਿੰਦੇ


HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)



- ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
- ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035


jus HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE • 1-718-752-9293 | CALL TO SUBSCRIBE •1-800-246-6242
www.jusbroadcasting.com

# ਕਿਸਾਨ ਮੋਰਚੇ ਕਾਰਨ ਪੰਜਾਬੀ ਦੁਨੀਆਂ ਵਿਚ ਛਾਏ

**- ਗੁਰਬਚਨ ਸਿੰਘ ਭੁੱਲਰ**








ਕਿਸਾਨ ਮੋਰਚੇ ਨੂੰ ਦਿੱਲੀ ਦੀ ਫਿਰਨੀ ਉੱਤੇ ਪਹੁੰਚਿਆਂ ਅੱਜ ਦੋ ਹਫਤਿਆਂ ਤੋਂ ਉਪਰ ਹੋ ਚੁਕੇ ਹਨ। ਕਿਸਾਨ ਸਹਿਜ ਹਨ, ਸਰਕਾਰ ਹੈਰਾਨ-ਪ੍ਰੇਸ਼ਾਨ ਹੈ। ਕਿਸਾਨਾਂ ਸਾਹਮਣੇ ਰਾਹ ਵੀ ਸਪਸ਼ਟ ਹੈ ਤੇ ਸੇਧ ਵੀ। ਉਹ ਇਹ ਵੀ ਜਾਣਦੇ ਹਨ ਕਿ ਉਹਨਾਂ ਦੇ ਰਾਹ ਦੀਆਂ ਮੁਸ਼ਕਿਲਾਂ ਕੀ ਹਨ ਤੇ ਉਹ ਉਹਨਾਂ ਮੁਸ਼ਕਿਲਾਂ ਦੇ ਟਾਕਰੇ ਲਈ ਰਣਨੀਤੀ ਨਾਲ ਵੀ ਲੈਸ ਹਨ। ਸਰਕਾਰ ਦੇ ਸਾਹਮਣੇ ਦੀ ਧਰਤੀ ਕਿਸਾਨਾਂ ਨੇ ਮੋਰਚੇ ਦੇ ਹਲ ਨਾਲ ਵਾਹ ਕੇ ਉਸ ਵਿੱਚ ਨਾ ਕੋਈ ਰਾਹ ਛੱਡਿਆ ਹੈ ਤੇ ਨਾ ਪਗਡੰਡੀ। ਸਰਕਾਰ ਨੂੰ ਸਮਝ ਨਹੀਂ ਆ ਰਹੀ ਕਿ ਉਹਨੇ ਕਿੱਧਰ ਜਾਣਾ ਹੈ ਤੇ ਇਸ ਗੋਰਖਧੰਦੇ ਵਿੱਚੋਂ ਨਿੱਕਲਣ ਦਾ ਰਾਹ ਕੀ ਹੋ ਸਕਦਾ ਹੈ।

ਸਰਕਾਰ ਦੀ ਮੁਸ਼ਕਿਲ ਇਹ ਹੈ ਕਿ ਉਸ ਨੂੰ ਕਿਸਾਨ ਮੋਰਚੇ ਦੀ ਮੋਹਰੀ ਧਿਰ, ਪੰਜਾਬੀ ਕਿਸਾਨ ਦੇ ਪਿਛੋਕੜ, ਬਲ ਤੇ ਸਰੂਪ ਦਾ ਕੋਈ ਅੰਦਾਜ਼ਾ ਹੀ ਨਹੀਂ ਸੀ। ਇਸੇ ਕਰਕੇ ਸਰਕਾਰ ਦੇ ਨਾਲ-ਨਾਲ ਲੋਕ ਵੀ ਇਹ ਦੇਖ ਕੇ ਹੈਰਾਨ ਹਨ ਕਿ ਪੰਜਾਬੀ ਕਿਸਾਨ ਨੇ ਆਪਣੇ ਮੋਰਚੇ ਨੂੰ ਪ੍ਰਚੰਡ ਕਰਦਿਆਂ ਦੂਜੇ ਸੂਬਿਆਂ ਦੇ ਕਿਸਾਨਾਂ ਨੂੰ ਵੀ ਝੰਜੋੜ ਕੇ ਕਿਵੇਂ ਨੀਂਦ ਵਿੱਚੋਂ ਜਗਾ ਦਿੱਤਾ ਹੈ। ਉਹ ਨਹੀਂ ਜਾਣਦੇ ਕਿ ਪੰਜਾਬੀ ਕਿਸਾਨ ਲਈ ਖੇਤੀ ਬਾਕੀ ਦੁਨੀਆ ਦੇ ਕਿਸਾਨਾਂ ਵਾਂਗ ਸਿਰਫ਼ ਇੱਕ ਕਿੱਤਾ ਨਹੀਂ ਹੈ, ਇਹ ਉਹਨਾਂ ਲਈ ਜੀਵਨ-ਜਾਚ ਹੈ ਤੇ ਉਹਨਾਂ ਦਾ ਸੱਭਿਆਚਾਰ ਹੈ। ਇਸੇ ਕਰਕੇ ਉਹ ਖੇਤੀ ਨੂੰ ਵਪਾਰ ਤੇ ਨੌਕਰੀ, ਆਦਿ ਹੋਰ ਸਭ ਕਿੱਤਿਆਂ ਨਾਲੋਂ ਉੱਤਮ ਮੰਨਦੇ ਆਏ ਹਨ। ਪੰਜਾਬੀ ਕਿਸਾਨ ਖੇਤੀ ਆਪਣੇ ਲਈ ਨਹੀਂ ਕਰਦਾ, ਉਹਨਾਂ ਸਭਨਾਂ ਲਈ ਕਰਦਾ ਹੈ ਜਿਨਾਂ ਦੇ ਪੇਟ ਲੱਗਿਆ ਹੋਇਆ ਹੈ। ਉਹ ਜਦੋਂ ਬੀਜ ਦੀ ਪਹਿਲੀ ਮੁੱਠੀ ਭੋਏਂ ਦੇ ਹਵਾਲੇ ਕਰਨ ਲਗਦਾ ਹੈ, ਨਾਲ ਹੀ ਸਪਸ਼ਟ ਕਰ ਦਿੰਦਾ ਹੈ ਕਿ ਉਹਦੀ ਉਪਜ ਵਿੱਚ ਕਿਸ-ਕਿਸ ਦੇ ਭਾਗ ਸਾਂਝੀਵਾਲ ਹਨ, ਹਾਲ਼ੀ-ਪਾਲ਼ੀ ਦੇ ਭਾਗੀਂ, ਆਪਣੇ-ਪਰਾਏ ਦੇ ਭਾਗੀਂ, ਰਾਹੀ-ਪਾਂਧੀ ਦੇ ਭਾਗੀਂ, ਮੰਗਤੇ-ਫ਼ਕੀਰ ਦੇ ਭਾਗੀਂ, ਡੰਗਰ-ਵੱਛੇ ਦੇ ਭਾਗੀਂ, ਚਿੜੀ-ਜਨੌਰ ਦੇ ਭਾਗੀਂ !

ਪੰਜਾਬੀ ਕਿਸਾਨੀ ਪ੍ਰੰਪਰਾ ਪਵਿੱਤਰਤਾ ਦੇ ਰੰਗ ਵਿੱਚ ਰੰਗੀ ਹੋਈ ਹੈ ਕਿਉਂਕਿ ਇਸ ਦੀਆਂ ਨੀਂਹਾਂ ਸਰਬਕਾਲੀ ਮਹਾਨ ਪੰਜਾਬੀ, ਬਾਬਾ ਨਾਨਕ ਨੇ ਪੱਕੀਆਂ ਕੀਤੀਆਂ ਸਨ। ਚਾਰੇ ਕੂਟਾਂ ਵਿੱਚ ਦੂਰ-ਦੂਰ ਪਹੁੰਚ ਕੇ, ਅਣਗਿਣਤ ਲੋਕਾਂ ਨੂੰ ਮਿਲ ਕੇ, ਅਨੇਕ ਮੱਤਾਂ-ਮਤਾਂਤਰਾਂ ਦੇ ਗਿਆਨਵਾਨਾਂ ਨਾਲ ਗੋਸ਼ਟੀਆਂ ਕਰ ਕੇ ਤੇ ਇਸ ਸਾਰੇ ਪੀਸੇ ਹੋਏ ਨੂੰ ਛਾਣ ਕੇ ਉਹ ਇਸ ਨਤੀਜੇ ਉੱਤੇ ਪੁੱਜੇ ਸਨ ਕਿ ਹੱਥੀਂ ਕਿਰਤ ਤੇ ਉਸ ਵਿੱਚ ਵੀ ਅੱਗੋਂ ਖੇਤੀ ਹੀ ਸਭ ਤੋਂ ਵੱਡਾ ਫਲਸਫਾ ਹੈ, ਸਭ ਤੋਂ ਵੱਡੀ ਵਿਚਾਰਧਾਰਾ ਹੈ। ਆਪਣੇ ਸੰਗੀਆਂ ਤੇ ਸੰਗਤਾਂ ਨੂੰ ਇਹ ਵਿਚਾਰ ਦ੍ਰਿੜ ਕਰਾਉਣ ਵਾਸਤੇ ਉਹਨਾਂ ਨੇ ਹਲ ਦੀ ਹੱਥੀ ਕੁਝ ਘੜੀਆਂ-ਪਲਾਂ ਲਈ ਫੜ ਕੇ ਨਹੀਂ ਸੀ ਦਿਖਾਈ ਸਗੋਂ ਬਾਕੀ ਜੀਵਨ ਦੇ ਸਾਰੇ ਅਠਾਰਾਂ ਸਾਲ ਹੱਥੀਂ ਹਲ ਵਾਹਿਆ, ਖੇਤੀ ਕੀਤੀ ਤੇ ਕਿਸਾਨੀ ਜੀਵਨ ਜੀਵਿਆ। ਇਹਦੇ ਨਾਲ ਹੀ ਬਾਬੇ ਗੁਰੂ ਨਾਨਕ ਨੇ ਵੰਡ ਕੇ ਛਕਣ ਦਾ ਪਾਠ ਵੀ ਪੜ੍ਹਾ ਦਿੱਤਾ ਅਤੇ ਕਰਤਾਰਪੁਰ ਦੇ ਆਪਣੇ ਖੇਤ ਵਿੱਚ ਆਪਣੀ ਲੋੜ ਤੋਂ ਵਧੀਕ ਪੈਦਾ ਹੁੰਦਾ ਅੰਨ ਜ਼ਰੂਰਤਮੰਦਾਂ ਨੂੰ ਵਰਤਾ ਦੇਣ ਦੀ ਰੀਤ ਚਲਾਈ ਜੋ ਲੰਗਰ ਦਾ ਰੂਪ ਧਾਰ ਕੇ ਅੱਜ ਦੀ ਪਾਟੋਧਾੜ ਦੁਨੀਆ ਵਿੱਚ ਪੰਜਾਬੀਆਂ ਦੀ ਮਾਨਵਵਾਦੀ ਉਦਾਰਤਾ ਤੇ ਸਰਬ-ਸਾਂਝੀਵਾਲਤਾ ਦੀ ਮਿਸਾਲ ਬਣਦਿਆਂ ਚਹੁੰ ਕੂਟੀਂ ਵਡਿਆਈ ਖੱਟ ਰਹੀ ਹੈ। ਇਸੇ ਕਰਕੇ ਪੰਜਾਬੀ ਕਿਸਾਨ ਲਈ ਖੇਤੀ ਕਿੱਤਾ ਨਾ ਰਹਿ ਕੇ ਦੀਨ-ਇਮਾਨ ਬਣ ਗਈ ਹੈ।

ਸਰਕਾਰੀ ਧਿਰ ਦੀ ਪਰੇਸ਼ਾਨੀ ਦਾ ਦੂਜਾ ਕਾਰਨ ਉਹਨਾਂ ਦੇ ਮਨ-ਮਸਤਕ ਵਿੱਚ ਬਣੀ ਹੋਈ ਕਿਸਾਨ ਦੀ ਤਸਵੀਰ ਸੀ ਜਿਸ ਤੋਂ ਇਹ ਵੀ ਪਤਾ ਲਗਦਾ ਹੈ ਕਿ ਰਾਜ ਕਰ ਰਹੇ ਨੇਤਾ ਆਮ ਲੋਕਾਂ ਨਾਲੋਂ ਕਿੰਨੀ ਬੁਰੀ ਤਰਾਂ ਟੁੱਟੇ ਹੋਏ ਹਨ। ਉਹਨਾਂ ਦੀ ਕਲਪਨਾ ਅਨੁਸਾਰ ਕਿਸਾਨ ਪੇਂਡੂ ਅਣਪੜ੍ਹ ਤੇ ਗੰਵਾਰ ਹੁੰਦਾ ਹੈ ਜਿਸਦੇ ਮੌਰਾਂ ਉੱਤੇ ਟਾਕੀਆਂ ਲੱਗੀਆਂ ਹੋਈਆਂ ਹੁੰਦੀਆਂ ਹਨ। ਇਸੇ ਕਰਕੇ ਸਿੰਘੂ ਹੱਦ ਉੱਤੇ ਪਹੁੰਚੇ ਸੈਂਕੜੇ ਕਿਸਾਨਾਂ ਦੇ ਦਰਸ਼ਨ ਹੋਇਆਂ ਸਾਬਕਾ ਫੌਜੀ ਮੁਖੀ ਤੇ ਹੁਣ ਕੇਂਦਰੀ ਮੰਤਰੀ, ਜਰਨੈਲ ਵੀ. ਕੇ. ਸਿੰਘ, ਹਰਿਆਣੇ ਦਾ ਜੰਮਪਲ ਹੋਣ ਦੇ ਬਾਵਜੂਦ, ਆਖਦਾ ਹੈ, ਤਸਵੀਰਾਂ ਵਿਚਲੇ ਲੋਕ ਕਿਸਾਨ ਤਾਂ ਦਿਸਦੇ ਹੀ ਨਹੀਂ ! ਜੋ ਕੁਝ ਕਿਸਾਨਾਂ ਦੇ ਹਿਤ ਵਿੱਚ ਹੈ, ਉਹ ਕਰ ਦਿੱਤਾ ਗਿਆ ਹੈ। ਖੇਤੀ ਕਾਨੂੰਨਾਂ ਨਾਲ ਕੋਈ ਸਮੱਸਿਆ ਕਿਸਾਨਾਂ ਨੂੰ ਨਹੀਂ, ਹੋਰਾਂ ਨੂੰ ਹੈ। ਅੰਦੋਲਨ ਪਿੱਛੇ ਵਿਰੋਧੀ ਦਲਾਂ ਤੋਂ ਇਲਾਵਾ ਦਲਾਲ ਲੋਕ ਹਨ। ਇਸ ਸੋਚ ਨਾਲ ਗੱਲਬਾਤ ਲਈ ਪਹੁੰਚੀ ਸਰਕਾਰੀ ਧਿਰ ਸਾਹਮਣੇ ਜਦੋਂ ਕਿਸਾਨ ਆਗੂਆਂ ਨੇ ਤਿੰਨਾਂ ਖੇਤੀ ਕਾਨੂੰਨਾਂ ਦੀ ਇੱਕ-ਇੱਕ ਧਾਰਾ ਤੇ ਅੱਗੋਂ ਉਪ-ਧਾਰਾ ਲੈ ਕੇ ਉਹਦੀ ਵਿਆਖਿਆ ਕਰਨੀ, ਅਰਥ ਸਮਝਾਉਣੇ ਤੇ ਆਪਣੇ ਇਤਰਾਜ਼ ਦੱਸਣੇ ਸ਼ੁਰੂ ਕੀਤੇ, ਸੁੰਨ ਹੋਏ ਮੰਤਰੀਆਂ ਤੇ ਅਧਿਕਾਰੀਆਂ ਦੇ ਪੈਰਾਂ ਹੇਠੋਂ ਧਰਤੀ ਖਿਸਕਣੀ ਕੁਦਰਤੀ ਸੀ। ਕਿਸਾਨਾਂ ਦੀਆਂ ਦਲੀਲਾਂ ਦੀ ਕਾਟ ਲਈ ਸਰਕਾਰੀ ਧਿਰ ਉਸ ਪ੍ਰਵਚਨ ਨਾਲ ਲੈਸ ਹੋ ਕੇ ਆਈ ਸੀ ਜੋ ਕਿਸਾਨ ਮੋਰਚੇ ਦੇ ਸ਼ੁਰੂ ਤੋਂ ਪ੍ਰਧਾਨ ਮੰਤਰੀ ਜੀ ਕਰਦੇ ਆਏ ਹਨ- ਖੇਤੀ ਕਾਨੂੰਨ ਕਿਸਾਨਾਂ ਲਈ ਖ਼ੁਸ਼ਹਾਲੀ ਦੇ ਦੁਆਰ ਖੋਲਦੇ ਹਨ, ਵਿਰੋਧੀ ਪਾਰਟੀਆਂ ਅਫ਼ਵਾਹਾਂ ਫ਼ੈਲਾ ਰਹੀਆਂ ਹਨ, ਕੁਫ਼ਰ ਤੋਲ ਰਹੀਆਂ ਹਨ, ਕਿਸਾਨਾਂ ਵਿੱਚ ਭਰਮ ਫ਼ੈਲਾ ਰਹੀਆਂ ਹਨ ਤੇ ਭੋਲ਼ੇ ਕਿਸਾਨ ਭਰਾ ਇਸ ਕੂੜ-ਪਰਚਾਰ ਵਿੱਚ ਫਸੇ ਹੋਏ ਹਨ। ਕਿਸਾਨਾਂ ਨਾਲ ਗੱਲਬਾਤ ਚਲਦੀ ਹੋਣ ਦੇ ਬਾਵਜੂਦ ਤੇ ਗੱਲਬਾਤ ਸਮੇਂ ਕਿਸਾਨਾਂ ਦੀ ਖੇਤੀ ਕਾਨੂੰਨਾਂ ਬਾਰੇ ਜਾਣਕਾਰੀ ਦੇ ਜੌਹਰ ਦੇਖ ਲਏ ਹੋਣ ਦੇ ਬਾਵਜੂਦ ਪ੍ਰਧਾਨ ਮੰਤਰੀ ਤੇ ਹੋਰਾਂ ਨੇ ਇਹ ਪ੍ਰਵਚਨ ਅੱਜ ਵੀ ਜਾਰੀ ਰੱਖਿਆ ਹੋਇਆ ਹੈ। ਕਿਸਾਨ ਉਹਨਾਂ ਦੀ ਨਜ਼ਰ ਵਿੱਚ ਭੋਲ਼ੇ ਪੰਛੀ ਹਨ ਜੋ ਬਿਚਾਰੇ ਕੁਛ ਨਹੀਂ ਜਾਣਦੇ ਤੇ ਵਿਰੋਧੀ ਪਾਰਟੀਆਂ ਦੇ ਜਾਲ ਵਿੱਚ ਫਸੇ ਹੋਏ ਹਨ ਜਦੋਂ ਕਿ ਖੇਤੀ ਕਾਨੂੰਨਾਂ ਨੇ ਉਹਨਾਂ ਨੂੰ ਆਜ਼ਾਦ ਕਰ ਦਿੱਤਾ ਹੈ ਤੇ ਨਵੀਆਂ ਸੰਭਾਵਨਾਵਾਂ ਖੋਲ ਕੇ ਖ਼ੁਸ਼ਹਾਲ ਬਣਾ ਦਿੱਤਾ ਹੈ। ਸਰਕਾਰ ਦੀ ਇਹ ਦਲੀਲ ਇੰਨੀ ਹਾਸੋਹੀਣੀ ਹੈ ਜਿਵੇਂ ਕੰਗਰੋੜ ਨਾਲ ਪੇਟ ਲੱਗੇ ਵਾਲੇ ਭੁੱਖੇ ਨੂੰ ਕੋਈ ਕਹੇ, ਅਸੀਂ ਤੈਨੂੰ ਪੂੜੇ ਖੁਆਏ, ਅਸੀਂ ਤੈਨੂੰ ਖੀਰ ਖੁਆਈ, ਇਹ ਵਿਰੋਧੀ ਪਾਰਟੀਆਂ ਤੈਨੂੰ ਭੁੱਖਾ ਆਖਣ ਦਾ ਕੁਫ਼ਰ ਤੋਲ ਰਹੀਆਂ ਹਨ, ਤੂੰ ਇਹਨਾਂ ਦੇ ਭਰਮ ਵਿੱਚ ਨਾ ਫਸੀਂ, ਤੂੰ ਤਾਂ ਰੱਜਿਆ ਹੋਇਆ ਹੈਂ !

ਪੰਜਾਬੀ ਕਿਸਾਨ ਦਿੱਲੀ ਵੱਲ ਤੁਰੇ ਤਾਂ ਕਮਾਨ ਹਰਿਆਣੇ ਦੇ ਮੁੱਖ ਮੰਤਰੀ ਖੱਟਰ ਨੂੰ ਸੌਂਪ ਦਿੱਤੀ ਗਈ। ਹੱਦ ਉੱਤੇ ਭਾਰੀ ਪੱਥਰਾਂ ਤੇ ਬੈਰੀਕੇਡਾਂ ਦੀਆਂ ਕੰਧਾਂ ਉਸਾਰ ਦਿੱਤੀਆਂ ਗਈਆਂ, ਜਲ-ਤੋਪਾਂ ਬੀੜ ਦਿੱਤੀਆਂ ਗਈਆਂ, ਹੰਝੂ-ਗੈਸ ਦੇ ਗੋਲਿਆਂ ਦਾ ਢੇਰ ਲਾ ਲਿਆ ਗਿਆ ਤੇ ਹਥਿਆਰਬੰਦ ਵਰਦੀਧਾਰੀਆ ਦੀਆਂ ਕਤਾਰਾਂ ਖੜੀਆਂ ਕਰ ਦਿੱਤੀਆਂ ਗਈਆਂ। ਆਪਣੀ ਇਸ ਗ਼ੈਰ-ਜਮਹੂਰੀ ਤੇ ਗ਼ੈਰ-ਕਾਨੂੰਨੀ ਧੱਕੇਸ਼ਾਹੀ ਨੂੰ ਜਾਇਜ਼ ਠਹਿਰਾਉਣ ਲਈ ਉਹਨੇ ਆਖਿਆ ਕਿ ਸਰਕਾਰ ਨੂੰ ਖੇਤੀ ਕਾਨੂੰਨਾਂ ਵਿਰੁੱਧ ਕਿਸਾਨ ਅੰਦੋਲਨ ਵਿੱਚ ਖਾਲਿਸਤਾਨੀ ਵੱਖਵਾਦੀਆਂ ਦੀ ਮੌਜੂਦਗੀ ਬਾਰੇ ਗੁਪਤ ਸੂਚਨਾ ਮਿਲੀ ਹੈ। ਉਹਦੀ ਟੇਕ ਇਸ ਝੂਠੀ ਆਸ ਉੱਤੇ ਸੀ ਕਿ ਕਿਸਾਨ ਭੜਕ ਕੇ ਪੱਥਰ ਮਾਰਨਗੇ, ਕਾਰਾਂ-ਬੱਸਾਂ ਦੇ ਸ਼ੀਸ਼ੇ ਤੋੜਨਗੇ, ਅੱਗਾਂ ਲਾਉਣਗੇ ਤੇ ਤਿਆਰ-ਬਰ-ਤਿਆਰ ਪੁਲਿਸ ਨੂੰ ਕਹਿਰ ਢਾਹੁਣ ਦਾ ਮੌਕਾ ਦੇਣਗੇ। ਪਰ ਜਿਵੇਂ ਸਾਡੀਆਂ ਬਾਤਾਂ ਦਾ ਨਾਇਕ ਸ਼ੇਰ-ਬਘੇਰਿਆਂ ਵਾਲੇ ਜੰਗਲ, ਅੱਗਾਂ, ਮਾਰੂਥਲ, ਪਰਬਤ, ਦਰਿਆ ਪਾਰ ਕਰਦਾ ਹੋਇਆ ਅਡੋਲ ਵਧਦਾ ਤੁਰਿਆ ਜਾਂਦਾ ਹੈ, ਕਿਸਾਨਾਂ ਨੇ ਪੂਰੀ ਤਰਾਂ ਸ਼ਾਂਤ ਰਹਿੰਦਿਆਂ ਇਹਨਾਂ ਸਭ ਖੱਟਰੀ ਰੋਕਾਂ ਨੂੰ ਲਿਤਾੜ ਕੇ ਸਿੰਘੂ ਹੱਦ ਉੱਤੇ ਜਾ ਪੜਾਅ ਕੀਤਾ। ਖੱਟਰ ਨੂੰ ਪੰਜਾਬੀ ਹੁੰਦਿਆਂ ਵੀ ਇਹ ਪਤਾ ਨਹੀਂ ਕਿ ਪੰਜਾਬੀ ਸੰਘਰਸ਼ੀ ਵਿਰਸੇ ਦਾ ਜਿੰਨਾ ਸ਼ਾਨਦਾਰ ਪੱਖ ਇਨਕਲਾਬੀ ਜੁਝਾਰਤਾ ਹੈ, ਉਹਨਾਂ ਹੀ ਕਦਰਯੋਗ ਪਹਿਲੂ ਸ਼ਾਂਤਮਈ ਵਿਰੋਧ ਹੈ। ਨਾਗਪੁਰੀ ਸੱਭਿਆਚਾਰ ਵਿੱਚ ਰੰਗੇ ਹੋਏ ਖੱਟਰ ਨੂੰ ਸ਼ਾਇਦ ਸ਼ਾਂਤਮਈ ਰਹਿ ਕੇ ਅੰਗਰੇਜ਼ ਦੀਆਂ ਵਹਿਸ਼ੀ ਡਾਂਗਾਂ ਖਾਣ ਵਾਲ਼ੇ ਗੁਰੂ ਕੇ ਬਾਗ਼ ਦੇ ਅੰਦੋਲਨਕਾਰੀਆਂ ਅਤੇ ਆਪਣੇ ਲਹੂ ਤੇ ਮਿੱਝ ਦੇ ਖੋਭੇ ਵਿੱਚ ਰੇਲ-ਗੱਡੀ ਦੇ ਪਹੀਏ ਰੋਕ ਦੇਣ ਵਾਲ਼ੇ ਪੰਜਾ ਸਾਹਿਬ ਦੇ ਸਾਕੇ ਦੇ ਸ਼ਾਂਤਮਈ ਸੂਰਮਿਆਂ ਦਾ ਕੋਈ ਪਤਾ ਨਹੀਂ। ਇਹ ਤਾਂ ਕੁਝ ਦੂਰ ਦੀਆਂ ਗੱਲਾਂ ਹਨ, ਉਹ ਇਹ ਵੀ ਨਾ ਸਮਝ ਸਕਿਆ ਕਿ ਹਫ਼ਤਿਆਂ ਤੋਂ ਪੰਜਾਬ ਵਿੱਚ ਦਰਜਨਾਂ ਥਾਂਵਾਂ ਉੱਤੇ ਲੱਗੇ ਹੋਏ ਇਸ ਮੋਰਚੇ ਵਿੱਚ ਕਿਤੇ ਇੱਕ ਵੀ ਅਸੁਖਾਵੀਂ ਘਟਨਾ ਨਹੀਂ ਹੋਈ ! ਇਉਂ ਕਿਸਾਨਾਂ ਦੇ ਹੋਸ਼ ਸਾਹਮਣੇ ਖੱਟਰ ਦੀਆਂ ਸਭ ਵਿਉਂਤਾਂ ਧਰੀਆਂ-ਧਰਾਈਆਂ ਰਹਿ ਗਈਆਂ।

ਕਿਸਾਨਾਂ ਦੇ ਸਿੰਘੂ ਹੱਦ ਉੱਤੇ ਪਹੁੰਚ ਜਾਣ ਮਗਰੋਂ ਇਸ ਜੁੱਗ ਦਾ ਪ੍ਰਮੁੱਖ ਰਣਨੀਤੀ-ਘਾੜਾ ਅਮਿੱਤ ਸ਼ਾਹ ਸਾਹਮਣੇ ਆਇਆ। ਉਹਨੇ ਬੜੇ ਪਿਆਰ-ਦੁਲਾਰ ਨਾਲ ਸੱਦਾ ਦਿੱਤਾ ਕਿ ਕਿਸਾਨ ਭਰਾ ਦਿੱਲੀ ਦੀ ਕੰਨੀ ਉੱਤੇ ਬੁਰਾੜੀ ਦੇ ਮੈਦਾਨ ਵਿੱਚ ਪਹੁੰਚਣ ਜਿੱਥੇ ਸਰਕਾਰ ਨੇ ਉਨਾਂ ਦੇ ਹਰ ਸੁਖ-ਆਰਾਮ ਦਾ ਪ੍ਰਬੰਧ ਕਰ ਦਿੱਤਾ ਹੈ। ਇਸ ਰਣਨੀਤੀ ਪਿੱਛੇ ਵੀ ਕਿਸਾਨਾਂ ਨੂੰ ਸਾਧਾਰਨ-ਬੁੱਧ ਭੋਲ਼ੇ ਪੰਛੀ ਸਮਝਣ ਵਾਲੀ ਸੋਚ ਹੀ ਕੰਮ ਕਰ ਰਹੀ ਸੀ। ਕਿਸਾਨ ਗੁੱਝੀ ਚਾਲ ਸਮਝ ਗਏ ਕਿ ਸੁਰੱਖਿਆ ਦੇ ਨਾਂ ਉੱਤੇ ਪੁਲਸੀ ਘੇਰਾਬੰਦੀ ਕਰ ਕੇ ਉੱਥੋਂ ਉਨਾਂ ਨੂੰ ਨਾ ਕਿਤੇ ਜਾਣ ਦਿੱਤਾ ਜਾਵੇਗਾ ਤੇ ਉੱਥੇ ਬੈਠਿਆਂ ਦਾ ਨਾ ਉਨਾਂ ਦਾ ਕੋਈ ਦਬਾਅ ਰਹਿ ਜਾਵੇਗਾ। ਉਨਾਂ ਨੇ ਬੁਰਾੜੀ ਦੇ ਮੈਦਾਨ ਨੂੰ ਖੁੱਲੀ ਜੇਲ ਆਖ ਕੇ ਅਮਿੱਤ ਸ਼ਾਹ ਦੀ ਪ੍ਰਾਹੁਣਚਾਰੀ ਰੱਦ ਕਰ ਦਿੱਤੀ ਤੇ ਚੁਸਤ-ਚਲਾਕੀ ਠੁੱਸ ਕਰ ਦਿੱਤੀ।

ਇਹਦੇ ਨਾਲ ਹੀ ਗੋਦੀ ਮੀਡੀਆ ਦੀਆਂ ਸੰਗਲੀਆਂ ਵੀ ਖੋਲ ਦਿੱਤੀਆਂ ਗਈਆਂ। ਭਾਰਤੀ ਜਨਤਾ ਪਾਰਟੀ ਦੇ ਸੂਚਨਾ ਤਕਨਾਲੋਜੀ ਸੈੱਲ ਦੇ ਮੁਖੀ ਅਮਿੱਤ ਮਾਲਵੀਆ ਨੇ ਕਿਸਾਨ ਅੰਦੋਲਨ ਨੂੰ ਖਾਲਿਸਤਾਨੀਆਂ ਤੇ ਮਾਓਵਾਦੀਆਂ ਨਾਲ ਜੁੜਿਆ ਆਖ ਕੇ ਉਹਨਾਂ ਨੂੰ ਰਾਹ ਦਿਖਾ ਦਿੱਤਾ। ਵਿਉਂਤ ਇਹ ਸੀ ਕਿ ਸਿੰਘੂ ਹੱਦ ਨੂੰ ਨਵਾਂ ਸ਼ਾਹੀਨ ਬਾਗ਼ ਆਖ ਕੇ, ਉੱਥੇ ਬੈਠਿਆਂ ਨੂੰ ਪਾਕਿਸਤਾਨੀ ਕਹਿਣ ਵਾਂਗ ਇੱਥੋਂ ਵਾਲਿਆਂ ਨੂੰ ਖਾਲਿਸਤਾਨੀ ਪ੍ਰਚਾਰ ਕੇ ਤੇ ਉਨਾਂ ਦਾ ਸਾਥ ਦੇਣ ਵਾਲਿਆਂ ਉੱਤੇ ਦੇਸ-ਧ੍ਰੋਹੀ ਹੋਣ ਦਾ ਠੱਪਾ ਲਾ ਕੇ ਮੋਰਚੇ ਦੇ ਹੌਂਸਲੇ ਪਸਤ ਕੀਤੇ ਜਾਣ। ਗੋਦੀ ਚੈਨਲਾਂ ਨੇ ਇਸ਼ਾਰਾ ਸਮਝ ਕੇ ਇਹ ਰਾਗ ਅਲਾਪਣਾ ਸ਼ੁਰੂ ਕਰ ਦਿੱਤਾ। ਇਸ ਪ੍ਰਵਚਨ ਨੂੰ ਅੱਗੇ ਤੋਰਨ ਲਈ ਸਰਕਾਰ ਦੀ ਇੱਕ ਚਹੇਤੀ ਨੇ ਪੰਜਾਬ ਦੀਆਂ ਮਾਂਵਾਂ-ਦਾਦੀਆਂ ਨੂੰ ਸੌ ਰੁਪਏ ਦਿਹਾੜੀ ਲੈ ਕੇ ਆਈਆਂ ਸ਼ਾਹੀਨ ਬਾਗ਼ ਦੀਆਂ ਦਾਦੀਆਂ ਹੋਣ ਦੀ ਗਾਲ ਦੇ ਦਿੱਤੀ। ਇਨਾਂ ਲੋਕਾਂ ਨੂੰ ਇਹ ਸ਼ਰਮ ਵੀ ਨਹੀਂ ਕਿ ਅਨੇਕ ਸੂਰਤਾਂ ਵਿੱਚ ਪੁੱਤਰ ਚੀਨ ਤੇ ਪਾਕਿਸਤਾਨ ਤੋਂ ਦੇਸ ਦੀ ਧਰਤੀ ਬਚਾਉਣ ਲਈ ਜਾਨ ਤਲ਼ੀ ਉੱਤੇ ਰੱਖ ਕੇ ਸਰਹੱਦ ਦੀ ਪਹਿਰੇਦਾਰੀ ਕਰ ਰਹੇ ਹਨ ਤੇ ਬਜ਼ੁਰਗ ਪਿਓ ਆਪਣੇ ਉਹਨਾਂ ਸੈਨਿਕ ਪੁੱਤਰਾਂ ਦੀ ਧਰਤੀ ਬਚਾਉਣ ਲਈ ਕਿਸਾਨ ਮੋਰਚੇ ਵਿੱਚ ਜੂਝ ਰਹੇ ਹਨ। ਜਦੋਂ ਗੋਦੀ ਚੈਨਲਾਂ ਦੇ ਪੱਤਰਕਾਰਾਂ ਨੂੰ ਕਿਸਾਨਾਂ ਨੇ ਉਹਨਾਂ ਵਿੱਚੋਂ ਖਾਲਿਸਤਾਨੀ ਤੇ ਨਕਸਲੀਏ ਭਾਲ ਕੇ ਲਿਆਉਣ ਲਈ ਵੰਗਾਰਿਆ, ਉਹਨਾਂ ਨੂੰ ਇਸ ਕਸੂਤੀ ਹਾਲਤ ਵਿੱਚੋਂ ਨਿੱਕਲਣ ਦਾ ਕੋਈ ਰਾਹ ਨਹੀਂ ਸੀ ਮਿਲ ਰਿਹਾ। ਨਤੀਜੇ ਵਜੋਂ ਇਹ ਕੂੜ ਪਰਚਾਰ ਵੀ ਦਮ ਤੋੜ ਗਿਆ।

ਕਿਸਾਨ ਜਿਸ ਅਮਨ-ਚੈਨ ਤੇ ਮਾਣ-ਮਰਯਾਦਾ ਨਾਲ ਮੋਰਚਾ ਚਲਾ ਰਹੇ ਹਨ, ਉਹ ਦੇਸ ਵਿੱਚ ਹੀ ਨਹੀਂ, ਪਰਦੇਸਾਂ ਵਿੱਚ ਵੀ ਵਡਿਆਈ ਤੇ ਹਮਾਇਤ ਹਾਸਲ ਕਰ ਰਿਹਾ ਹੈ। ਗੱਲਬਾਤ ਸਮੇਂ ਕਿਸਾਨਾਂ ਦਾ ਸੁਚੱਜਾ-ਸਚਿਆਰਾ ਵਿਹਾਰ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਸਰਕਾਰ ਦੇ ਛੱਤੀ ਪਦਾਰਥਾਂ ਨੂੰ ਨਾਂਹ ਆਖ ਕੇ ਵਿਗਿਆਨ ਭਵਨ ਵਿੱਚ ਭੁੰਜੇ ਬੈਠ ਆਪਣਾ ਲੰਗਰ ਛਕ ਰਹੇ ਕਿਸਾਨ ਆਗੂਆਂ ਨੇ ਕਰੋੜਾਂ ਦਰਸ਼ਕਾਂ ਦਾ ਮਨ ਮੋਹ ਲਿਆ ਹੈ। ਸਿਆਸਤ ਦੀ ਦੁਨੀਆ ਹੈਰਾਨ ਹੈ ਕਿ ਪਿਛਲੇ ਸੱਤ ਸਾਲਾਂ ਵਿੱਚ ਜਿਸ ਮੋਦੀ ਸਰਕਾਰ ਨੇ ਵਿਰੋਧੀ ਪੱਖ ਦੀ ਕੱਖ ਪਰਵਾਹ ਨਹੀਂ ਕੀਤੀ ਤੇ ਕੋਈ ਇੱਕ ਛੋਟੀ-ਮੋਟੀ ਮੰਗ ਵੀ ਪਰਵਾਨ ਨਹੀਂ ਕੀਤੀ, ਉਹ ਜਾਗਰਿਤ ਕਿਸਾਨਾਂ ਦੀ ਏਕਤਾ ਅੱਗੇ ਕਿਵੇਂ ਨਿਤਾਣੀ ਹੋਈ ਖਲੋਤੀ ਹੈ ! ਇਸ ਕਿਸਾਨ ਮੋਰਚੇ ਦਾ ਨਤੀਜਾ ਕੀ ਨਿੱਕਲਦਾ ਹੈ, ਇਹ ਪਤਾ ਕੁਝ ਦਿਨਾਂ ਵਿੱਚ ਲੱਗੇਗਾ। ਵੱਡੀ ਗੱਲ ਇਹ ਹੈ ਕਿ ਨਤੀਜੇ ਤੋਂ ਪਹਿਲਾਂ ਹੀ ਇਸ ਨੇ ਲੋਕ-ਸੰਗਰਾਮਾਂ ਦੇ ਇਤਿਹਾਸ ਵਿੱਚ ਇੱਕ ਨਹੀਂ, ਕਈ ਸੁਨਹਿਰੀ ਕਾਂਡ ਲਿਖ ਵੀ ਦਿੱਤੇ ਹਨ !

# ਪ੍ਰਵਾਸੀ ਪੰਜਾਬੀ ਮੀਡੀਆ ਵਿਚ ਮਿਲੀ ਕਿਸਾਨ ਸੰਘਰਸ਼ ਨੂੰ ਵੱਡੀ ਕਵਰੇਜ

**✪ ਗੋਦੀ ਚੈਨਲ ਤੇ ਕਾਰਪੋਰੇਟ ਚੈਨਲ ਨਿਆਂ ਤੇ ਸੱਚ ਨਾਲ ਕਰ ਰਹੇ ਨੇ ਖਿਲਵਾੜ ✪ ਕਿਸਾਨ ਅੰਦੋਲਨ ਵਿਚ ਗੋਦੀ ਮੀਡੀਆ ਦਾ ਹੋ ਰਿਹਾ ਏ ਬਾਈਕਾਟ ✪ ਖੇਤੀਬਾੜੀ ਮੰਤਰੀ ਨਰਿੰਦਰ ਤੋਮਰ ਅਤੇ ਖੁਰਾਕ ਮੰਤਰੀ ਪਿਊਸ਼ ਗੋਇਲ ਉਕਸਾ ਰਹੇ ਨੇ ਖਬਰ ਚੈਨਲਾਂ ਨੂੰ**

**- ਪ੍ਰੋਫੈਸਰ ਕੁਲਬੀਰ ਸਿੰਘ**



ਕਿਸਾਨ ਸੰਘਰਸ਼ ਦੀ ਆਰੰਭ ਤੋਂ ਅੱਜ ਤੱਕ ਸਹੀ, ਸੰਤੁਲਿਤ ਤੇ ਵੱਡੀ ਕਵਰੇਜ ਕਰਨ ਵਿਚ ਪੰਜਾਬੀ ਮੀਡੀਆ ਮੋਹਰੀ ਰਿਹਾ ਹੈ। ਪੰਜਾਬੀ ਅਖ਼ਬਾਰਾਂ ਨੇ ਜਿਥੇ ਵੱਡੀਆਂ ਸੁਰਖੀਆਂ ਨਾਲ ਕਿਸਾਨ ਸੰਘਰਸ਼ ਦੀ ਤਾਜ਼ਾ ਸਥਿਤੀ ਤੋਂ ਆਪਣੇ ਪਾਠਕਾਂ ਨੂੰ ਜਾਣੂ ਕਰਵਾਇਆ, ਉਥੇ ਸੰਘਰਸ਼ ਦੀ ਸੰਜੀਦਗੀ ਤੇ ਤੀਖਣਤਾ ਨੂੰ ਦਰਸਾਉਂਦੀਆਂ ਤਸਵੀਰਾਂ ਦੇ ਕਈ-ਕਈ ਪੰਨੇ ਪਾਠਕਾਂ ਤੱਕ ਪਹੁੰਚਾਏ। ਓਧਰ ਦੇਸ਼-ਵਿਦੇਸ਼ ਦੇ ਪੰਜਾਬੀ ਟੈਲੀਵਿਜ਼ਨ ਚੈਨਲ ਦਿਨ-ਰਾਤ ਕਿਸਾਨ ਸੰਘਰਸ਼ ਦੇ ਜੁਦਾ-ਜੁਦਾ ਰੰਗ ਆਪਣੇ ਦਰਸ਼ਕਾਂ ਤੱਕ ਪਹੁੰਚਾਉਣ ਵਿਚ ਕਾਮਯਾਬ ਰਹੇ। ਦਿੱਲੀ ਦੇ ਇਰਦ-ਗਿਰਦ ਚਾਰੇ ਦਿਸ਼ਾਵਾਂ ਵਿਚ ਸੈਂਕੜੇ ਮੀਲਾਂ ਤੱਕ ਫੈਲੇ ਸੰਘਰਸ਼ ਦੀਆਂ ਪਲ-ਪਲ ਦੀਆਂ ਸਰਗਰਮੀਆਂ ਤੇ ਹਲਚਲ ਨੂੰ ਕੈਮਰੇ ਵਿਚ ਕੈਦ ਕਰਨਾ ਭਾਵੇਂ ਬੜਾ ਪੇਚੀਦਾ ਤੇ ਕਠਿਨ ਕਾਰਜ ਹੈ, ਪ੍ਰੰਤੂ ਫਿਰ ਵੀ ਸਾਰੇ ਪੰਜਾਬੀ ਚੈਨਲਾਂ ਨੇ ਸਿਰਤੋੜ ਕੋਸ਼ਿਸ਼ਾਂ ਕਰਦਿਆਂ ਦੁਨੀਆ ਭਰ ਦੇ ਦਰਸ਼ਕਾਂ ਨੂੰ ਸਹੀ ਤਸਵੀਰ ਦਿਖਾਉਣ ਵਿਚ ਵੱਡੀ ਸਫਲਤਾ ਹਾਸਲ ਕੀਤੀ।

ਕਿਵੇਂ ਸੜਕਾਂ ’ਤੇ ਬੈਠੇ ਕਿਸਾਨਾਂ ਨੂੰ ਕਈ ਤਰਾਂ ਦੀਆਂ ਕਠਿਨਾਈਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਤਿਵੇਂ ਟੈਲੀਵਿਜ਼ਨ ਚੈਨਲਾਂ ਨੂੰ ਵੀ ਵੱਖ-ਵੱਖ ਥਾਈਂ ਲੱਗੇ ਧਰਨਿਆਂ ਦੀ ਤਾਜ਼ਾ ਰਿਪੋਰਟਿੰਗ ਲਈ ਵਾਹਵਾ ਮੁਸ਼ੱਕਤ ਕਰਨੀ ਪੈ ਰਹੀ ਹੈ। ਚੈਨਲਾਂ ਦੀ ਕਵਰੇਜ ਸਦਕਾ ਹੀ ਹਰਿਆਣਾ ਸਰਕਾਰ ਦੀਆਂ ਵਧੀਕੀਆਂ ਜੱਗ ਜ਼ਾਹਰ ਹੋਈਆਂ ਅਤੇ ਦੁਨੀਆ ਭਰ ਵਿਚੋਂ ਕਿਸਾਨ ਅੰਦੋਲਨ ਪ੍ਰਤੀ ਹਮਦਰਦੀ ਤੇ ਸਹਾਇਤਾ ਦਾ ਠਾਠਾਂ ਮਾਰਦਾ ਸਮੁੰਦਰ ਉਬਾਲੇ ਖਾਣ ਲੱਗਾ। ਪੰਜਾਬ ਨਾਲੋਂ ਛਾਂਗ ਕੇ ਬਣਾਏ ਹਰਿਆਣਾ ਨੇ ਜਦ ਦਿੱਲੀ ਦੇ ਰਾਹ ਵਿਚ ਰੋਕਾਂ ਦਾ ਜਾਲ ਵਿਛਾ ਦਿੱਤਾ ਤਾਂ ਕਿਸਾਨ ਸੰਘਰਸ਼ ਜਜ਼ਬੇ ਤੇ ਜਾਨੂੰਨ ਦੇ ਰੰਗ ਵਿਚ ਰੰਗਿਆ ਗਿਆ ਅਤੇ ਦੁਨੀਆ ਭਰ ਦੇ ਲੋਕ ਜਜ਼ਬਾਤੀ ਪੱਧਰ ’ਤੇ ਕਿਸਾਨਾਂ ਨਾਲ ਜੁੜਦੇ ਗਏ। ਸੋਸ਼ਲ ਮੀਡੀਆ ’ਤੇ ਇਸ ਜੁੜਾਅ ਦਾ ਜਿਵੇਂ ਹੜ ਆ ਗਿਆ। ਪੰਜਾਬੀ ਮੀਡੀਆ ਨੇ ਕਿਸਾਨ ਸੰਘਰਸ਼ ਅਤੇ ਲੋਕਾਂ ਦੀ ਇਸ ਭਾਵਨਾ ਨੂੰ ਉਸੇ ਸ਼ਿੱਦਤ, ਉਸੇ ਜਾਨੂੰਨ, ਉਸੇ ਸੱਚੇ ਸੁੱਚੇ ਜਜ਼ਬੇ ਨਾਲ ਪੇਸ਼ ਕੀਤਾ। ਇਸੇ ਵਿਚ ਪੰਜਾਬੀ ਮੀਡੀਆ ਦੀ ਸਫ਼ਲਤਾ ਛੁਪੀ ਹੈ।

ਇਕ ਪੰਜਾਬੀ ਚੈਨਲ ਦੇ ਐਂਕਰ ਨੇ ਭਾਜਪਾ ਪ੍ਰਤੀਨਿਧ ਨੂੰ ਪੁੱਛਿਆ, ‘ਦਸੰਬਰ ਦੀਆਂ ਸਰਦ ਰਾਤਾਂ ਨੂੰ ਸੜਕਾਂ ’ਤੇ ਸੰਘਰਸ਼ ਕਰ ਰਹੇ ਮਿਹਨਤਕਸ਼ ਕਿਸਾਨ ਤੁਹਾਨੂੰ ਖਾਲਿਸਤਾਨੀ ਨਜ਼ਰ ਆਉਂਦੇ ਹਨ?’ ਭਾਜਪਾ ਪ੍ਰਤੀਨਿਧ ਠਠੰਬਰ ਗਿਆ। ਉਸ ਕੋਲ ਇਸ ਦਾ ਕੋਈ ਜਵਾਬ ਨਹੀਂ ਸੀ। ਪੰਜਾਬੀ ਅਖ਼ਬਾਰਾਂ, ਪੰਜਾਬੀ ਚੈਨਲਾਂ ਨੂੰ ਇਸ ਜਜ਼ਬੇ ਵਿਚ, ਇਸ ਜਾਨੂੰਨ ਲਈ ਸਲਾਮ। ਪੰਜਾਬੀ ਚੈਨਲਾਂ ਦੇ ਬਹੁਤ ਸਾਰੇ ਐਂਕਰਾਂ, ਅਧਿਕਾਰੀਆਂ ਨੇ ਸਟੂਡੀਓ ਵਿਚ ਬੈਠ ਕੇ ਅਤੇ ਫੀਲਡ ਵਿਚ ਜਾ ਕੇ ਬੇਹੱਦ ਸਰਾਹੁਣਯੋਗ ਕੰਮ ਕੀਤਾ।

**ਗੋਦੀ ਚੈਨਲਾਂ ’ਤੇ ਪ੍ਰਸ਼ਨ ਚਿੰਨ**

ਸਰਦ ਮੌਸਮ ਵਿਚ ਦਿੱਲੀ ਵਿਖੇ ਧਰਨਿਆਂ ’ਤੇ ਬੈਠੇ ਕਿਸਾਨਾਂ ਨੂੰ ਕਈ ਫਰੰਟਾਂ ’ਤੇ ਲੜਾਈ ਲੜਨੀ ਪੈ ਰਹੀ ਹੈ। ਸਰਕਾਰ ਤੋਂ ਪਹਿਲਾਂ ਉਨਾਂ ਨੂੰ ਕੌਮੀ ਖ਼ਬਰ ਚੈਨਲਾਂ ਨਾਲ ਦੋ ਹੱਥ ਕਰਨੇ ਪੈ ਰਹੇ ਹਨ। ਬਹੁਤੇ ਕੌਮੀ ਖ਼ਬਰ ਚੈਨਲ ਕਿਸਾਨ ਅੰਦੋਲਨ ਨੂੰ ਨਜ਼ਰਅੰਦਾਜ਼ ਕਰ ਰਹੇ ਹਨ। ਜੇ ਥੋੜੀ ਬਹੁਤ ਕਵਰੇਜ ਦਿੰਦੇ ਹਨ ਤਾਂ ਕਿਸਾਨ ਸੰਘਰਸ਼ ਨੂੰ ਆਨੇ-ਬਹਾਨੇ ਬਦਨਾਮ ਕਰਨ ਵਿਚ ਲੱਗੇ ਰਹਿੰਦੇ ਹਨ। ਪ੍ਰੰਤੂ ਸਮਾਜ ਦੇ ਹੋਰਨਾਂ ਵਰਗਾਂ ਵਾਂਗ ਕਿਸਾਨ ਵੀ ਚੇਤੰਨ ਹੋ ਗਏ ਹਨ। ਉਹ ਮੀਡੀਆ ਦੀਆਂ ਚੁਸਤੀਆਂ ਚਲਾਕੀਆਂ ਤੇ ਚਾਲਾਂ ਨੂੰ ਸਮਝਣ ਲੱਗੇ ਹਨ। ਇਸੇ ਲਈ ਉਨਾਂ ਨੇ ਅਜਿਹੇ ਚੈਨਲਾਂ ਦਾ ਬਾਈਕਾਟ ਕਰ ਰੱਖਿਆ ਹੈ। ਧਰਨਿਆਂ ਵਾਲੀ ਥਾਂ ’ਤੇ ਵੱਡੇ-ਵੱਡੇ ਫਲੈਕਸ ਲਾ ਰੱਖੇ ਹਨ ਕਿ ਇਹ ਚੈਨਲ ਕਿਸਾਨ ਅੰਦੋਲਨ ਦੀ ਕਵਰੇਜ ਅਤੇ ਬਾਈਟ ਲਈ ਨਾ ਆਉਣ।

ਜਦ ਅਜਿਹੇ ਚੈਨਲਾਂ ਦਾ ਅੱਤਵਾਦ, ਪਾਕਿਸਤਾਨ ਅਤੇ ਚੀਨ ਦਾ ਪੱਤਾ ਨਾ ਚੱਲਿਆ ਤਾਂ ਕਹਿਣ ਲੱਗ ਪਏ ਕਿ ਇਨਾਂ ਨੇ ਜੀਨਾਂ ਪਾਈਆਂ ਹਨ, ਇਹ ਕਿਸਾਨ ਕਿਵੇਂ ਹੋ ਸਕਦੇ ਹਨ। ਇਹ ਅੰਗਰੇਜ਼ੀ ਬੋਲਦੇ ਹਨ, ਇਹ ਕਿਸਾਨ ਕਿਵੇਂ ਹੋ ਸਕਦੇ ਹਨ। ਭਾਰਤੀ ਪੱਤਰਕਾਰੀ ਵਿਚ ਅਜਿਹਾ ਨਿਘਾਰ ਪਹਿਲਾਂ ਕਦੇ ਨਹੀਂ ਵੇਖਿਆ ਗਿਆ।

ਹੁਣ ਤਾਂ ਬਿੱਲੀ ਥੈਲੇ ਵਿਚੋਂ ਬਾਹਰ ਆ ਗਈ ਹੈ। ਖੇਤੀਬਾੜੀ ਮੰਤਰੀ ਨਰਿੰਦਰ ਤੋਮਰ ਅਤੇ ਖੁਰਾਕ ਮੰਤਰੀ ਪਿਊਸ਼ ਗੋਇਲ ਨੇ ਵੀਰਵਾਰ ਨੂੰ ਮੀਡੀਆ ਨੂੰ ਕਿਹਾ ਕਿ ਪਤਾ ਕਰੋ ਕਿ ਕਿਸਾਨ ਪ੍ਰਦਰਸ਼ਨਾਂ ਨੂੰ ਕਿਹੜੀਆਂ ਤਾਕਤਾਂ ਚਲਾ ਰਹੀਆਂ ਹਨ। ਮੰਤਰੀ ਖ਼ਬਰ ਚੈਨਲਾਂ ਨੂੰ ਉਕਸਾ ਰਹੇ ਹਨ ਕਿ ਅਜਿਹਾ ਰੌਲਾ ਰੱਪਾ ਪਾਓ। ਪਿਛਲੇ ਸਾਲਾਂ ਦੌਰਾਨ ਅਜਿਹਾ ਕਰਕੇ ਹੀ ਕੇਂਦਰ ਸਰਕਾਰ ਵੱਖ-ਵੱਖ ਅੰਦੋਲਨ ਫੇਲ ਕਰਦੀ ਰਹੀ ਹੈ। ਸਰਕਾਰ ਪੱਖੀ ਮੀਡੀਆ ਮੁੱਦਿਆਂ ਮਸਲਿਆਂ ਅੱਗੇ ਦੀਵਾਰ ਖੜੀ ਕਰ ਦਿੰਦਾ ਹੈ। ਉਸ ਦੀਵਾਰ ਦੇ ਪਿਛੇ ਬੈਠੀ ਸਰਕਾਰ ਸੁਰੱਖਿਅਤ ਮਹਿਸੂਸ ਕਰਦੀ ਹੈ। ਸਭ ਕੁਝ ਉਲਟ-ਪੁਲਟ ਹੋ ਗਿਆ ਹੈ। ਜਿਸ ਮੀਡੀਆ ਨੇ ਕਰੋੜਾਂ ਲੋਕਾਂ ਦਾ ਸਾਥ ਦੇਣਾ ਹੁੰਦਾ ਹੈ, ਉਹ ਉਨਾਂ ਨੂੰ ਪਿੱਠ ਦਿਖਾ ਕੇ ਸਰਕਾਰ ਅਤੇ ਸਿਆਸਤਦਾਨਾਂ ਦੀ ਸ਼ਰਨ ਵਿਚ ਜਾ ਡਿੱਗਾ ਹੈ। ਭਾਰਤੀ ਖ਼ਬਰ ਚੈਨਲਾਂ ਦੀ ਅਜਿਹੀ ਤਰਸਯੋਗ ਹਾਲਤ ਪਹਿਲਾਂ ਕਦੇ ਨਹੀਂ ਸੀ। ਅਜਿਹੇ ਚੈਨਲਾਂ ਦੀਆਂ ਟੀਮਾਂ ਨੂੰ ਕਿਸਾਨਾਂ ਨੇ ਨਾਅਰੇਬਾਜ਼ੀ ਕਰਕੇ ਮੌਕੇ ਤੋਂ ਕਈ ਵਾਰ ਭਜਾਇਆ ਹੈ। ਯੂ-ਟਿਊਬ ’ਤੇ ਅਤੇ ਹੋਰ ਸੋਸ਼ਲ ਮੀਡੀਆ ਉੱਤੇ ਇਸ ਦੀਆਂ ਅਨੇਕਾਂ ਉਦਾਹਰਨਾਂ ਵੇਖੀਆਂ ਜਾ ਸਕਦੀਆਂ ਹਨ।

ਅਜਿਹੇ ਚੈਨਲਾਂ ਅਤੇ ਐਂਕਰਾਂ ਨੂੰ ਲੋਕ-ਰੋਹ ਤੋਂ ਸਬਕ ਲੈਂਦਿਆਂ, ਆਪਣੀ ਕਾਰਗੁਜ਼ਾਰੀ ’ਤੇ ਲੱਗੇ ਪ੍ਰਸ਼ਨ ਚਿੰਨ ਦੀ ਪੜਚੋਲ ਕਰਦਿਆਂ ਆਪਣੀ ਸੋਚ, ਆਪਣੀ ਪਹੁੰਚ ਵਿਚ ਬਦਲਾਅ ਕਰਨਾ ਚਾਹੀਦਾ ਹੈ, ਤਾਂ ਜੋ ਉਲਾਰ ਤੇ ਪੱਖਪਾਤੀ ਪ੍ਰਸਾਰਨ ਵਿਚ ਸੁਧਾਰ ਹੋ ਸਕੇ। ਸਰਕਾਰੀ ਪੱਖ ਦੇ ਨਾਲ-ਨਾਲ ਲੋਕਾਂ ਦੀਆਂ ਬੁਨਿਆਦੀ ਸਮੱਸਿਆਵਾਂ, ਪ੍ਰੇਸ਼ਾਨੀਆਂ ਅਤੇ ਮੁਲਕ ਦੇ ਭਖਦੇ ਮੁੱਦਿਆਂ ਦੀ ਗੱਲ ਵੀ ਹੋ ਸਕੇ।

# ਵਿਚਾਰਾਂ ਦੀ ਭਿੰਨਤਾ ਇੱਕ ਕੁਦਰਤੀ ਵਰਤਾਰਾ

**- ਸੰਜੀਵ ਸਿੰਘ ਝੱਜ (ਸ੍ਰੀ ਅਨੰਦਪੁਰ ਸਾਹਿਬ)**
**੯੮੧੫੧੫੦੫੪੨**

ਇਸ ਧਰਤੀ ਤੇ ਕੁਦਰਤ ਨੇ ਕੁਝ ਵੀ ਇਕ ਸਮਾਨ ਨਹੀਂ ਹੋਣ ਦਿੱਤਾ ਭਾਵੇਂ ਧਰਾਤਲ ਨੂੰ ਵੇਖ ਲਈਏ ਉਹ ਵੀ ਇਕ ਸਮਾਨ ਨਹੀਂ ਹੈ। ਸਰੀਰਕ ਤੌਰ ’ਤੇ ਵੀ ਮਨੁੱਖੀ ਜੀਵਨ ਭਿੰਨਤਾਵਾਂ ਭਰਪੂਰ ਹੈ। ਕੋਈ ਵੀ ਸ਼ੈਅ ਕਾਦਿਰ ਨੇ ਇਕ ਸਮਾਨ ਨਹੀਂ ਰਹਿਣ ਦਿੱਤੀ ਏ ਸ਼ਾਇਦ ਇਹੋ ਗੁਣ ਕਰਕੇ ਹੀ ਧਰਤੀ ਤੇ ਜੀਵਨ ਸੰਭਵ ਹੋ ਸਕਿਆ ਹੈ। ਵਿਚਾਰਾਂ ਦੀ ਭਿੰਨਤਾ ਵੀ ਇੱਕ ਕੁਦਰਤੀ ਵਰਤਾਰਾ ਹੈ ਪਰ ਪੰਗਾ ਉਦੋਂ ਖੜਾ ਹੁੰਦਾ ਏ ਜਦੋਂ ਕੋਈ ਆਪਣੇ ਵਿਚਾਰ ਲੈ ਕੇ ਦੂਜੇ ਨੂੰ ਮਨਾਉਣ ਜਾਂਦਾ ਹੈ। ਮੇਰੇ ਖ਼ਿਆਲ ਤੋਂ ਬਿਹਤਰੀ ਇਸ ਵਿੱਚ ਹੈ ਕਿ ਆਪਾ ਕਿਸੇ ਨੂੰ ਮਨਾਉਣ ਦੀ ਬਜਾਏ ਆਪਣੇ ਵਿਚਾਰ ਰੱਖ ਦਈਏ ਤੇ ਸਾਹਮਣੇ ਵਾਲਾ ਆਪਣੇ ਵਿਚਾਰ ਰੱਖ ਦਵੇ ਤੇ ਫ਼ੈਸਲਾ ਕੁਦਰਤ ਹੱਥ ਸੌਂਪ ਦਿੱਤਾ ਜਾਵੇ। ਜਦੋਂ ਵੀ ਅਸੀਂ ਕਿਸੇ ਨੂੰ ਜਬਰੀ ਮਨਾਉਣ ਦੀ ਕੋਸ਼ਿਸ਼ ਕਰ ਰਹੇ ਹੁੰਦੇ ਹਾਂ ਉਦੋਂ ਉਦੋਂ ਸਮਝੋ ਅਸੀਂ ਕੁਦਰਤ ਦੇ ਕਾਨੂੰਨ ਨਾਲ ਹੀ ਧੱਕਾ ਕਰ ਰਹੇ ਹੁੰਦੇ ਹਾਂ ।

ਬਹੁਤ ਐਸੇ ਇਨਸਾਨ ਮੈਂ ਵੇਖੇ ਨੇ ਜੋ ਪੜੇ ਲਿਖੇ ਹੋਣ ਦੇ ਬਾਵਜੂਦ ਵੀ ਇੰਨੇ ਸਕਸ਼ਮ ਨਹੀਂ ਹੁੰਦੇ ਕਿ ਸੰਭਾਵਨਾਵਾਂ ਨੂੰ ਤੋਲ ਮੋਲ ਕਰ ਸਕਣ। ਉਹ ਆਪਣੀ ਗਰਾਰੀ ਸਿਰਫ਼ ਇੱਥੇ ਹੀ ਫਸਾ ਕੇ ਰੱਖਦੇ ਹਨ ਕਿ ਜੋ ਤੂੰ ਕਹਿ ਰਿਹਾ ਏ ਇਹ ਕਿਥੇ ਲਿਖਿਆ ਹੋਇਆ ਹੈ ਵੇਖਿਆ ਜਾਏ ਤਾਂ ਇਨਸਾਨ ਨਾਲ ਸਭ ਤੋਂ ਵੱਡਾ ਧੋਖਾ ਲਿਖਣ ਵਾਲਿਆਂ ਨੇ ਹੀ ਤਾਂ ਕੀਤਾ ਹੈ। ਅਗਲੀ ਧਿਰ ਕਹਿੰਦੀ ‘ਜੇ ਤੂੰ ਲਿਖਿਤ ਵੇਖ ਕੇ ਈ ਮੇਰੀ ਵਿਚਾਰਧਾਰਾ ਨਾਲ ਸਹਿਮਤ ਹੋਣਾ ਏ ਤੇ ਫਿਰ ਇਹ ਕਿੱਡੀ ਕੁ ਗੱਲ ਹੈ ? ਅਗਲੀ ਧਿਰ ਨੇ ਲਿਖ ਲਿਖ ਸ਼ਬਦ-ਕੋਸ਼ ਖ਼ਤਮ ਕਰ ਦਿੱਤੇ ਤੇ ਸ਼ਾਇਦ ਇਹ ਕਹਿੰਦੇ ਜਾਪ ਰਹੇ ਨੇ ਕਿ ਹੁਣ ਅਸਹਿਮਤੀ ਪ੍ਰਗਟਾ ਕੇ ਦੱਸੋ।

ਹਰ ਇਨਸਾਨ ਦੀ ਸੋਚ ਦਾ ਦਾਇਰਾ ਹਰ ਇਕ ਸ਼ੈਅ ਨੂੰ ਲੈ ਕੇ ਅਲੱਗ ਅਲੱਗ ਹੁੰਦਾ ਹੈ। ਮੈਂ ਤੇ ਸਿਰਫ਼ ਇੰਨਾ ਸਿੱਖਿਆ ਜ਼ਿੰਦਗੀ ਤੋਂ ਕਿ ਹਰ ਥਾਂ ਤੇ ਆਪਣਾ ਪੈਰਾਮੀਟਰ ਜ਼ਰੂਰ ਲਾ ਕੇ ਵੇਖਣਾ ਚਾਹੀਦਾ ਹੈ। ਕਪੂਰ ਕਹਿੰਦਾ ਏ ਨਾ, ‘ਜੇਕਰ ਪੈੜਾਂ ਨੱਪਦੇ ਨੱਪਦੇ ਚੱਲਾਂਗੇ ਤਾਂ ਵੱਧ ਤੋਂ ਵੱਧ ਉੱਥੋਂ ਤੱਕ ਪਹੁੰਚਾਂਗੇ ਜਿੱਥੇ ਕੋਈ ਸਾਡੇ ਤੋਂ ਪਹਿਲਾਂ ਚੱਲਣ ਵਾਲਾ ਪਹੁੰਚਿਆ ਸੀ।‘ ਨਵੇਂ ਰਾਹ, ਨਵੇਂ ਤਰੀਕੇ, ਨਵੀਂ ਤਕਨੀਕ ਮਾੜੀ ਨਹੀਂ ਬਸ ਸਮੇਂ ਦੀ ਚਾਲ ਵਿਚ ਇਕਮਿਕ ਹੋਣ ਦੀ ਕਾਬਲੀਅਤ ਹੋਣੀ ਚਾਹੀਦੀ ਹੈ।

ਸਿੱਖਣਾ ਤੇ ਸੁਣਨਾ ਦੋ ਐਸੇ ਲਫ਼ਜ਼ ਹਨ ਜੇਕਰ ਜ਼ਿੰਦਗੀ ’ਚ ਧਾਰਨ ਕਰ ਲਏ ਜਾਣ ਤਾਂ ਗਿਆਨ ਦੇ ਸਾਰੇ ਰਾਹ ਖੁੱਲ ਜਾਂਦੇ ਹਨ। ਫਿਰ ਅਸਹਿਮਤੀ ਪ੍ਰਗਟਾਉਣ ਦੀ ਸਹਿਣਸ਼ੀਲਤਾ ਤੇ ਸਹਿਜਤਾ ਕਾਬਲੀਅਤ ਬਣ ਕੇ ਤੁਹਾਡੇ ਅੰਦਰ ਦੌੜਨ ਲੱਗ ਪੈਂਦੀ ਹੈ।

ਪੂਰੀ ਗੱਲ ਸੁਣੇ ਬਿਨਾਂ ਆਪਣੀ ਸੁਣਾਉਣ ਦੀ ਕਾਹਲ ਅਕਸਰ ਮਾਨਸਿਕ ਕਮਜ਼ੋਰ ਬੰਦੇ ਦੀ ਨਿਸ਼ਾਨੀ ਹੁੰਦੀ ਹੈ। ਵਾਰਤਾਲਾਪ ਸ਼ੁਰੂ ਹੋਣ ਤੋਂ ਪਹਿਲਾਂ ਅੰਦਾਜ਼ਾ ਲਾ ਕੇ ਗੱਲ ਸ਼ੁਰੂ ਕਰਨੀ ਅਕਸਰ ਗ਼ਲਤ ਮੋੜ ਤੇ ਆ ਕੇ ਨਿੱਬੜਦੀ ਹੈ। ਕਦੀ ਵੀ ਕਿਸੇ ਵਾਰੇ ਅੰਦਾਜ਼ਾ ਲਾ ਕੇ ਚੱਲਣ ਨਾਲੋਂ ਚੰਗਾ ਇਹ ਹੈ ਕਿ ਅਗਲੇ ਨੂੰ ਖੋਲ ਕੇ ਵੇਖ ਲਿਆ ਜਾਵੇ। ਵਿਚਾਰਾਂ ਪ੍ਰਤੀ ਇਮਾਨਦਾਰ ਹੋਣਾ ਬਹੁਤ ਜ਼ਰੂਰੀ ਹੁੰਦਾ ਹੈ। ਇਸ ਲਈ ਮੇਰਾ ਨਿੱਜੀ ਵਿਚਾਰ ਏ ਕਿ ਚੰਗਾ ਇਹ ਹੈ ਕਦੇ ਵੀ ਕਿਸੇ ਨੂੰ ਮਨਾਉਣ ਲਈ ਵਿਚਾਰ ਵਟਾਂਦਰਾ ਨਹੀਂ ਕੀਤਾ ਜਾਣਾ ਚਾਹੀਦਾ। ਵਿਚਾਰ ਰੱਬੀ ਗੁਣ ਦੀ ਤਰਾਂ ਹੀ ਤੁਹਾਡੇ ਅੰਦਰ ਪੈਦਾ ਹੁੰਦੇ ਹਨ। ਵਿਚਾਰ ਦਾ ਸਨਮਾਨ ਕਰਨਾ ਸਿੱਖੋ ਫਿਰ ਉਹ ਭਾਵੇਂ ਤੁਹਾਡੇ ਆਪਣੇ ਵਿਚਾਰ ਹੋਣ ਤੇ ਭਾਵੇਂ ਵਿਰੋਧੀ ਧਿਰ ਦੇ ਵਿਚਾਰ ਵੀ ਕਿਉਂ ਨਾ ਹੋਣ। ਆਪਣੇ ਆਪ ਨੂੰ ਕਲਾ ਭਰਪੂਰ ਸਮਝਣ ਦੀ ਗ਼ਲਤੀ ਕਦੇ ਵੀ ਨਾ ਕਰੀਏ। ਸਭ ਤੋਂ ਵੱਡੀ ਸਿੱਖਿਆ ਤੇ ਸਬਕ ਕੁਦਰਤ ਕੋਲੋਂ ਸਿੱਖਣ ਲਈ ਮਿਲਦੇ ਹਨ ਜੋ ਆਪਣੇ ਅੰਦਰ ਅਨੇਕਾਂ ਖੰਡਾਂ ਬ੍ਰਹਿਮੰਡਾਂ ਦੇ ਭੇਤ ਸਮੋਈ ਵੀ ਸ਼ਾਂਤ ਬੈਠੀ ਹੈ।

# ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ

**- ਸਰਵਜੀਤ ਸਿੰਘ ਸੈਕਰਾਮੈਂਟੋ**

ਜਿੱਥੇ ਸਾਹਿਬਜ਼ਾਦਿਆਂ ਵੱਲੋਂ ਨਿੱਕੀਆਂ ਉਮਰਾਂ 'ਚ ਕੀਤੇ ਗਏ ਵੱਡੇ ਸਾਕੇ ਸਾਡੇ ਪ੍ਰੇਰਨਾ ਸਰੋਤ ਹਨ ਉੱਥੇ ਸਾਡਾ ਵੀ ਫ਼ਰਜ਼ ਬਣਦਾ ਹੈ ਕਿ ਹੱਕ, ਸੱਚ ਧਰਮ ਦੀ ਰਾਖੀ ਲਈ ਤੇ ਜ਼ੁਲਮ ਦੇ ਖ਼ਾਤਮੇ ਲਈ ਤਤਪਰ ਰਹੀਏ। ਚਾਹੀਦਾ ਤਾਂ ਇਹ ਸੀ ਕਿ ਅਸੀਂ ਆਪਣੇ ਪ੍ਰੇਰਨਾ ਸਰੋਤਾਂ ਦੀ ਉਸੇ ਰੂਪ 'ਚ ਸਾਂਭ-ਸੰਭਾਲ ਕਰਦੇ ਪਰ ਕਾਰ ਸੇਵਾ ਵਾਲੇ ਬਾਬਿਆਂ ਨੇ ਜਿੱਥੇ ਇਤਿਹਾਸਕ ਯਾਦਗਾਰਾਂ ਨੂੰ ਸੰਗਮਰਮਰ ਦੇ ਥੱਲੇ ਦੱਬ ਦਿੱਤਾ ਹੈ ਉੱਥੇ ਹੀ ਸ਼੍ਰੋਮਣੀ ਕਮੇਟੀ ਵੀ ਇਤਿਹਾਸਕ ਤਾਰੀਖ਼ਾਂ ਨੂੰ ਵਿਗਾੜਨ ਵਿਚ ਆਪਣਾ ਯੋਗਦਾਨ ਪਾ ਰਹੀ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਸੰਘਰਸ਼ਮਈ ਜੀਵਨ ਵਿਚ ਇਕ ਸਮਾ ਅਜੇਹਾ ਵੀ ਆਇਆ ਜਦੋਂ ਗੁਰੂ ਸਾਹਿਬ ਨੂੰ ਅਨੰਦਪੁਰ ਦਾ ਕਿਲਾ ਖਾਲੀ ਕਰਨਾ ਪਿਆ। ਇਸ ਦਾ ਮੁੱਖ ਕਾਰਨ ਸੀ ਪਹਾੜੀ ਰਾਜਿਆਂ ਦੀ ਬੇਈਮਾਨੀ। ਪਹਾੜੀ ਰਾਜੇ ਇਕ ਪਾਸੇ ਤਾਂ ਗੁਰੂ ਜੀ ਨਾਲ ਸੁਲਾ-ਸਫਾਈ ਦੀਆਂ ਗੱਲਾਂ ਕਰਦੇ ਸਨ, ਦੂਜੇ ਪਾਸੇ ਉਹ ਗੁਰੂ ਜੀ ਦੀ ਵਧਦੀ ਸ਼ਕਤੀ ਤੋਂ ਭੈ-ਭੀਤ ਸਨ। ਮੈਦਾਨੇ ਜੰਗ 'ਚ ਗੁਰੂ ਜੀ ਦਾ ਸਾਹਮਣਾ ਕਰਨਾ ਉਨਾਂ ਦੇ ਵੱਸ ਵਿਚ ਨਹੀਂ ਸੀ ਇਸ ਲਈ ਪਹਾੜੀ ਰਾਜਿਆਂ ਨੇ ਸਰਹਿੰਦ ਦੇ ਨਵਾਬ ਨਾਲ ਇਹ ਸੋਚ ਕੇ ਸੰਪਰਕ ਕੀਤਾ ਸ਼ਾਹੀ ਫ਼ੌਜ ਨੂੰ ਅੱਗੇ ਕੀਤਾ ਜਾਵੇ। ਬੇਈਮਾਨ ਰਾਜਿਆਂ ਨੇ ਰਾਜਨੀਤਕ ਚਾਲ ਚਲਦਿਆਂ ਇਕ ਪੱਤਰ ਲਿਖ ਕੇ ਨਵਾਬ ਨੂੰ ਬੇਨਤੀ ਕੀਤੀ ਕਿ ਗੁਰੂ ਜੀ ਮੁਗ਼ਲ ਸਰਕਾਰ, ਤੁਹਾਡੇ ਅਤੇ ਸਾਡੇ ਲਈ ਬਹੁਤ ਵੱਡਾ ਖ਼ਤਰਾ ਬਣਾ ਰਹੇ ਹਨ। ਜਿਸ ਦਾ ਮੁਕਾਬਲਾ ਸਾਨੂੰ ਇਕੱਠੇ ਹੋ ਕੇ ਕਰਨਾ ਚਾਹੀਦਾ ਹੈ। ਪਹਾੜੀ ਰਾਜਿਆਂ ਨੇ ਮੁਗ਼ਲਾਂ ਨਾਲ ਗੱਠਜੋੜ ਕਰਕੇ ਸਿੱਖ ਫ਼ੌਜਾਂ ਤੇ ਹਮਲਾ ਕਰ ਦਿੱਤਾ। ਜਦੋਂ ਸਿੰਘਾਂ ਨੇ ਲੋਹੇ ਦੇ ਚਣੇ ਚਬਾਏ ਤਾਂ ਉਨਾਂ ਨੇ ਇਕ ਹੋਰ ਚਾਲ ਚਲੀ। ਜਿੱਥੇ ਝੂਠੀਆਂ ਸਹੁੰਆਂ ਨਾਲ ਬੇਨਤੀਆਂ ਕਰਦਿਆ ਇਕ ਪੱਤਰ ਪਹਾੜੀ ਰਾਜਿਆਂ ਨੇ ਲਿਖਿਆ ਉੱਥੇ ਹੀ ਇਕ ਪੱਤਰ ਮੁਗ਼ਲ ਬਾਦਸ਼ਾਹ ਵੱਲੋਂ ਵੀ ਗੁਰੂ ਜੀ ਨੂੰ ਭੇਜਿਆ ਗਿਆ। ਲਗਭਗ ਤਿੰਨ ਸਾਲ ਦੇ ਜੰਗੀ ਹਾਲਤ, ਅਨੰਦਪੁਰ ਨੂੰ ਪਏ ਘੇਰੇ, ਪਹਾੜੀ ਰਾਜਿਆਂ ਅਤੇ ਸ਼ਾਹੀ ਫ਼ੌਜਾਂ ਵੱਲੋਂ ਦਿਵਾਏ ਭਰੋਸੇ ਅਤੇ ਕਿਲੇ ਦੇ ਅੰਦਰੂਨੀ ਹਾਲਾਤ ਨੂੰ ਮੁੱਖ ਰੱਖ ਕੇ ਗੁਰੂ ਜੀ ਨੇ 6 ਪੋਹ ਸੰਮਤ 1761/5 ਦਸੰਬਰ, 1704 (ਯੂਲੀਅਨ) ਦੀ ਰਾਤ ਨੂੰ ਕਿਲਾ ਖਾਲੀ ਕਰ ਦਿੱਤਾ। ਵੈਰੀ ਦੀਆਂ ਫ਼ੌਜਾਂ ਨੇ ਖਾਧੀਆਂ ਕਸਮਾਂ ਨੂੰ ਭੁੱਲ ਕੇ, ਧੋਖੇ ਨਾਲ ਹਮਲਾ ਕਰ ਦਿੱਤਾ। ਸਿੰਘ ਬੜੀ ਬਹਾਦਰੀ ਨਾਲ ਮੁਕਾਬਲਾ ਕਰਦੇ ਹੋਏ ਸ਼ਹੀਦੀਆਂ ਪ੍ਰਾਪਤ ਕਰ ਗਏ ਇਸੇ ਦੌਰਾਨ ਗੁਰੂ ਜੀ ਸਰਸਾ ਨਦੀ ਨੂੰ ਪਾਰ ਕਰ, ਦੋ ਵੱਡੇ ਸਾਹਿਬਜ਼ਾਦੇ ਅਤੇ 40 ਸਿੰਘਾਂ ਸਮੇਤ ਚਮਕੌਰ ਪੁੱਜ ਗਏ। ਮਾਤਾ ਗੁਜਰੀ ਜੀ ਛੋਟੇ ਸਾਹਿਬਜ਼ਾਦੇ, ਜੋ ਗੁਰੂ ਜੀ ਤੋਂ ਵਿੱਛੜ ਗਏ ਸਨ, ਗੰਗੂ ਨਾਮ ਦੇ ਇਕ ਸੇਵਾਦਾਰ ਨਾਲ ਉਸ ਦੇ ਪਿੰਡ ਖੇੜੀ ਪੁੱਜ ਗਏ।

ਗੁਰੂ ਜੀ ਨੇ ਚਮਕੌਰ ਦੇ ਚੌਧਰੀ ਦੀ ਇੱਕ ਕੱਚੀ ਗੜ੍ਹੀ ਵਿੱਚ ਮੋਰਚੇ ਸੰਭਾਲ ਲਏ। ਮੁਗ਼ਲਾਂ ਨੇ ਰਾਤ ਦੇ ਸਮੇਂ ਹਜ਼ਾਰਾਂ ਦੀ ਗਿਣਤੀ 'ਚ ਫ਼ੌਜ ਨਾਲ ਗੜ੍ਹੀ ਨੂੰ ਘੇਰਾ ਪਾ ਲਿਆ। ਅਗਲੇ ਗੁਰੂ ਸਾਹਿਬ , ਦੋ ਵੱਡੇ ਸਾਹਿਬਜ਼ਾਦੇ ਤੇ 40 ਸਿੰਘਾਂ ਨੇ ਮੁਗ਼ਲ ਫ਼ੌਜ ਦਾ ਡਟ ਕੇ ਟਾਕਰਾ ਕੀਤਾ। ਪੰਜ ਪੰਜ ਸਿੰਘਾਂ ਦਾ ਜਥਾ ਮੈਦਾਨ 'ਚ ਜਾਂਦਾ ਤੇ ਵੈਰੀ ਦੇ ਸੱਥਰ ਵਿਛਾਉਂਦਾ ਹੋਇਆ ਸ਼ਹੀਦ ਹੋ ਜਾਂਦਾ। ਸਾਹਿਬਜ਼ਾਦਾ ਅਜੀਤ ਸਿੰਘ ਵੀ ਗੁਰੂ ਜੀ ਤੋਂ ਆਗਿਆ ਲੈ ਕੇ ਮੈਦਾਨ ਵਿਚ ਜਾ ਗੱਜਿਆ। ਤੀਰਾਂ ਤੋਂ ਬਾਅਦ ਆਪ ਨੇ ਤਲਵਾਰ ਦੇ ਇਹੋ ਜਿਹੇ ਜੌਹਰ ਦਿਖਾਏ ਕਿ ਵਿਰੋਧੀ ਫ਼ੌਜਾਂ 'ਚ ਹਾਹਾ-ਕਾਰ ਮੱਚ ਗਈ। ਜਦੋਂ ਆਪ ਦਾ ਘੋੜਾ ਜ਼ਖ਼ਮੀ ਹੋ ਗਿਆ ਤਾਂ ਆਪ ਪੈਦਲ ਹੀ ਵੈਰੀਆਂ ਦੇ ਆਹੂ ਲਾਹੁਣ ਲੱਗੇ। ਕਈਆਂ ਨੂੰ ਪਾਰ ਬੁਲਾ ਕੇ ਸਾਹਿਬਜ਼ਾਦਾ ਅਜੀਤ ਸਿੰਘ ਜੀ ਸ਼ਹੀਦ ਹੋ ਗਏ। ਹੁਣ ਵਾਰੀ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਦੀ ਸੀ। ਜਿਉਂ ਹੀ ਸਾਹਿਬਜ਼ਾਦਾ ਆਪਣੇ ਜਥੇ ਸਮੇਤ ਮੈਦਾਨੇ ਜੰਗ ਵਿੱਚ ਆਇਆ ਮੁਗ਼ਲ ਫ਼ੌਜ ਤੇ ਟੁੱਟ ਕੇ ਪੈ ਗਏ। ਗੁਰੂ ਜੀ ਨੇ ਵੀ ਗੜ੍ਹੀ ਵਿੱਚੋਂ ਹੀ ਤੀਰਾਂ ਦੀ ਬਾਰਸ਼ ਆਰੰਭ ਕਰ ਦਿੱਤੀ। ਬਾਬਾ ਜੁਝਾਰ ਸਿੰਘ ਜੀ ਵੈਰੀਆਂ ਦੇ ਆਹੂ ਲਾਉਂਦੇ ਹੋਏ ਅੱਗੇ ਵਧਦੇ ਵਧਦੇ 8 ਪੋਹ ਬਿ: ਸੰਮਤ 1761/7 ਦਸੰਬਰ, 1704 (ਯੂਲੀਅਨ) ਦਿਨ ਵੀਰਵਾਰ ਨੂੰ ਸ਼ਹੀਦੀ ਪ੍ਰਾਪਤ ਕਰ ਗਏ।

ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਹਿ ਸਿੰਘ ਜੀ, ਮਾਤਾ ਗੁਜਰੀ ਜੀ, ਗੰਗੂ ਬ੍ਰਾਹਮਣ ਦੇ ਘਰ, ਉਸ ਦੇ ਪਿੰਡ ਖੇੜੀ ਪੁੱਜ ਗਏ ਸਨ। ਲੂਣ ਹਰਾਮੀ ਗੰਗੂ ਨੇ ਲਾਲਚ ਵੱਸ ਮੋਰਿੰਡੇ ਦੇ ਥਾਣੇ ਜਾ ਖ਼ਬਰ ਕੀਤੀ ਕਿ ਹਕੂਮਤ ਦੇ ਬਾਗ਼ੀ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਬੱਚੇ ਅਤੇ ਬਿਰਧ ਮਾਤਾ ਮੇਰੇ ਕਬਜ਼ੇ 'ਚ ਹਨ, ਉਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇ ਅਤੇ ਮੁਗ਼ਲ ਹਕੂਮਤ ਵੱਲੋਂ, ਹਕੂਮਤ ਦੀ ਸਹਾਇਤਾ ਕਰਨ ਬਦਲੇ ਰੱਖਿਆ ਗਿਆ ਇਨਾਮ ਮੈਨੂੰ ਦਿੱਤਾ ਜਾਵੇ। ਥਾਣੇਦਾਰ ਨੇ ਗੰਗੂ ਦੇ ਘਰੋਂ ਮਾਤਾ ਜੀ ਅਤੇ ਦੋਵੇਂ ਮਾਸੂਮਾਂ ਨੂੰ ਗ੍ਰਿਫ਼ਤਾਰ ਕਰਕੇ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਂ ਦੇ ਸਪੁਰਦ ਕਰ ਦਿੱਤਾ। ਨਵਾਬ ਦੇ ਹੁਕਮ ਨਾਲ ਮਾਤਾ ਜੀ ਅਤੇ ਦੋਵੇਂ ਸਾਹਿਬਜ਼ਾਦੇ ਠੰਢੇ ਬੁਰਜ ਵਿੱਚ ਬੰਦ ਕਰ ਦਿੱਤੇ ਗਏ। ਪੋਹ ਦੀ ਹੱਢ ਚੀਰਵੀਂ ਸਰਦੀ 'ਚ ਵੀ ਸਾਹਿਬਜ਼ਾਦੇ ਘਬਰਾਏ ਨਹੀਂ। ਅਗਲੇ ਦਿਨ ਸਾਹਿਬਜ਼ਾਦਿਆਂ ਨੂੰ ਕਚਹਿਰੀ ਵਿੱਚ ਪੇਸ਼ ਕੀਤਾ ਗਿਆ। ਬਾਬਾ ਜ਼ੋਰਾਵਰ ਤੇ ਬਾਬਾ ਫਤਹਿ ਸਿੰਘ ਜੀ ਦੇ ਚਿਹਰਿਆਂ ਤੇ ਕੋਈ ਉਦਾਸੀ ਜਾਂ ਡਰ ਨਹੀਂ ਸੀ। ਵਜ਼ੀਰ ਖਾਂ ਨੇ ਕਿਹਾ ਕਿ 'ਤੁਹਾਡੇ ਪਿਤਾ, ਭਰਾ ਤੇ ਹੋਰ ਸਿੰਘ ਸ਼ਹੀਦ ਹੋ ਚੁੱਕੇ ਹਨ। ਤੁਸੀਂ ਇਕੱਲੇ ਹੋ, ਤੁਸੀਂ ਮੁਸਲਮਾਨ ਬਣ ਜਾਵੋ। ਉਨਾਂ ਨੂੰ ਕਈ ਤਰਾਂ ਦੇ ਲਾਲਚ ਅਤੇ ਡਰਾਵੇ ਦਿੱਤੇ ਗਏ ਪਰ ਸਾਹਿਬਜ਼ਾਦਿਆਂ ਤੇ ਕੋਈ ਅਸਰ ਨਾ ਹੋਇਆ। ਦੂਸਰੇ ਦਿਨ ਵੀ ਸਾਹਿਬਜ਼ਾਦਿਆਂ ਨੂੰ ਇਸਲਾਮ ਧਰਮ ਧਾਰਨ ਕਰਨ ਲਈ ਡਰਾਵੇ ਅਤੇ ਲਾਲਚ ਦਿੱਤੇ ਗਏ । ਪਰ ਗੁਰੂ ਤੇਗ ਬਹਾਦਰ ਜੀ ਦੇ ਪੋਤਰਿਆਂ ਤੇ ਕੋਈ ਅਸਰ ਨਾ ਹੋਇਆ।

ਤੀਜੇ ਦਿਨ ਸਾਹਿਬਜ਼ਾਦਿਆਂ ਨੂੰ ਫੇਰ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਸਾਹਿਬਜ਼ਾਦਿਆਂ ਨੂੰ ਚੜਦੀ ਕਲਾ 'ਚ ਵੇਖ ਅਤੇ ਉਨਾਂ ਦੇ ਜੁਆਬ ਸੁਣ ਕੇ ਸੂਬਾ ਆਪੇ ਤੋਂ ਬਾਹਰ ਹੋ ਗਿਆ। ਵਜ਼ੀਰ ਖਾ ਨੇ ਕਾਜ਼ੀ ਵੱਲ ਨੂੰ ਵੇਖਿਆ ਤਾਂ ਕਾਜ਼ੀ ਨੇ ਫ਼ਤਵਾ ਸੁਣਾਇਆ ਕਿ ਇਨਾਂ ਨੂੰ ਦੀਵਾਰ 'ਚ ਜਿੰਦਾ ਚਿਣ ਦਿੱਤਾ ਜਾਵੇ। ਕਚਹਿਰੀ ਵਿਚ ਹਾਜ਼ਰ ਮਲੇਰਕੋਟਲੇ ਦੇ ਨਵਾਬ ਸ਼ੇਰ ਮੁਹੰਮਦ ਨੇ ਸਜਾ ਦਾ ਵਿਰੋਧ ਕੀਤਾ ਕਿ ਇਨਾਂ ਮਾਸੂਮ ਬੱਚਿਆਂ ਦਾ ਕੋਈ ਕਸੂਰ ਨਹੀਂ ਹੈ। ਇਨਾਂ ਦੇ ਪਿਤਾ ਦੇ ਕਸੂਰ ਦੀ ਸਜਾ ਇਨਾਂ ਨੂੰ ਨਹੀਂ ਦਿੱਤੀ ਜਾ ਸਕਦੀ। ਇਸਲਾਮ ਦੀ ਸ਼ਰਾ ਮੁਤਾਬਕ ਸਜਾ ਸਿਰਫ਼ ਕਸੂਰ ਵਾਰ ਨੂੰ ਹੀ ਮਿਲਣੀ ਚਾਹੀਦੀ ਹੈ। ਤਾਂ ਕਾਜ਼ੀ ਬੋਲਿਆ, ਸ਼ੇਰ ਮੁਹੰਮਦ ! ਸ਼ਰਾ ਨੂੰ ਮੈਂ ਤੇਰੇ ਤੋਂ ਵੱਧ ਜਾਣਦਾ ਹਾਂ ? ਸੁੱਚਾ ਨੰਦ ਵੱਲੋਂ ਬਲਦੀ ਤੇ ਤੇਲ ਪਾਉਣ ਕਾਰਨ ਵਜ਼ੀਰ ਖਾ ਗ਼ੁੱਸੇ 'ਚ ਆ ਗਿਆ ਅਤੇ ਸਾਹਿਬਜ਼ਾਦਿਆਂ ਨੂੰ ਦੀਵਾਰ 'ਚ ਚਿਣ ਕੇ ਸ਼ਹੀਦ ਕਰਨ ਦਾ ਹੁਕਮ ਸੁਣਾ ਦਿੱਤਾ। ਦੋ ਪਠਾਣ ਜਲਾਦਾਂ ਨੇ ਸਾਹਿਬਜ਼ਾਦਿਆਂ ਨੂੰ ਦੀਵਾਰ ਵਿਚ ਚਿਣ ਦਿੱਤਾ। ਜਦੋਂ ਦੀਵਾਰ ਫਤਹਿ ਸਿੰਘ ਜੀ ਦੇ ਮੋਢਿਆਂ ਤਾਈ ਪੁੱਜੀ ਤਾਂ ਕਾਜ਼ੀ ਦੇ ਇਸ਼ਾਰੇ ਤੇ ਇਕ ਜਲਾਦ ਨੇ ਤਲਵਾਰ ਦੇ ਵਾਰ ਨਾਲ ਸੀਸ ਨੂੰ ਧੜ ਤੋਂ ਅਲੱਗ ਕਰ ਦਿੱਤਾ ਅਤੇ ਦੂਜੇ ਜਲਾਦ ਨੇ ਤਲਵਾਰ ਦੇ ਵਾਰ ਨਾਲ ਬਾਬਾ ਜ਼ੋਰਾਵਰ ਸਿੰਘ ਜੀ ਦੇ ਸੀਸ ਨੂੰ ਧੜ ਤੋਂ ਅਲੱਗ ਕਰ ਦਿੱਤਾ। ਇਹ ਸ਼ਹੀਦੀ ਸਾਕਾ 13 ਪੋਹ ਬਿ: ਸੰਮਤ 1761/12 ਦਸੰਬਰ, 170 34ਈ: (ਯੂਲੀਅਨ) ਦਿਨ ਮੰਗਲਵਾਰ ਨੂੰ ਵਾਪਰਿਆ ਸੀ।

ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਦੀਆਂ ਅਦੁੱਤੀ ਸ਼ਹੀਦੀਆਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਧਰਮ ਦੀ ਰੱਖਿਆ ਕਰਨ ਨਾਲ ਉਮਰਾਂ ਦਾ ਕੋਈ ਸਬੰਧ ਨਹੀਂ ਹੁੰਦਾ। ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦੇ, ਜਿਨਾਂ ਨੂੰ ਮੁਗ਼ਲ ਹਕੂਮਤ ਦੇ ਡਰਾਵੇ ਅਤੇ ਲਾਲਚ ਵੀ ਆਪਣੇ ਧਰਮ ਤੋਂ ਨਹੀਂ ਡੋਲਾ ਸਕੇ, ਇਹ ਸ਼ਹੀਦੀਆਂ ਅੱਜ ਵੀ ਸਾਨੂੰ ਸੁਨੇਹਾ ਦਿੰਦੀਆਂ ਹਨ ਕਿ ਧਰਮ ਦਾ ਸੌਦਾ ਨਹੀਂ ਕਰਨਾ। ਪਰ ਬੜੇ ਦੁੱਖ ਨਾਲ ਲਿਖਣਾ ਪੈ ਰਿਹਾ ਹੈ ਕਿ ਅੱਜ ਸਾਡੇ ਮੁਖੀਆਂ ਵੱਲੋਂ, ਸਾਹਿਬਜ਼ਾਦਿਆਂ ਵੱਲੋਂ ਪਾਏ ਪੂਰਨਿਆਂ ਤੇ ਚੱਲਣਾ ਤਾਂ ਇਕ ਪਾਸੇ, ਚੰਦ ਵੋਟਾਂ ਦੀ ਖ਼ਾਤਰ, ਸਿੱਖਾਂ ਦੇ ਦਿਲਾਂ ਤੇ ਉੱਕਰੀਆਂ ਹੋਈਆਂ ਇਤਿਹਾਸਕ ਤਾਰੀਖ਼ਾਂ 8 ਪੋਹ ਅਤੇ 13 ਪੋਹ ਨੂੰ ਵੀ ਬਦਲ ਦਿੱਤਾ ਗਿਆ ਹੈ। ਸ਼੍ਰੋਮਣੀ ਕਮੇਟੀ ਵੱਲੋਂ ਅਖੌਤੀ ਸੰਤ ਸਮਾਜ ਨੂੰ ਖ਼ੁਸ਼ ਕਰਨ ਲਈ ਵਿਗਿਆਨਿਕ ਕੈਲੰਡਰ 'ਨਾਨਕ ਸ਼ਾਹੀ ਕੈਲੰਡਰ' ਨੂੰ ਵਿਗਾੜ ਕੇ ਜਾਰੀ ਕੀਤੇ ਗਏ ਯੁਮੱਕੜਸ਼ਾਹੀ ਕੈਲੰਡਰ 'ਚ ਇਹ ਇਤਿਹਾਸਿਕ ਦਿਹਾੜੇ, ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ 8 ਪੋਹ ਤੋਂ ਬਦਲ ਕੇ 6 ਪੋਹ/21 ਦਸੰਬਰ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ 13 ਪੋਹ ਤੋਂ ਬਦਲ ਕੇ 11 ਪੋਹ/26 ਦਸੰਬਰ ਕਰ ਦਿੱਤੇ ਗਏ ਹਨ। ਕੀ ਇਹ ਸ਼੍ਰੋਮਣੀ ਕਮੇਟੀ ਵੱਲੋਂ ਸਾਡੇ ਇਤਿਹਾਸ ਨੂੰ ਗੰਧਲਾ ਕਰਨ ਦਾ ਯਤਨ ਤਾਂ ਨਹੀਂ ਹੈ ? ਖ਼ਾਲਸਾ ਜੀ ਜਾਗੋ ! ਕੀ ਅਸੀਂ ਸਿਰਫ਼ ਭੂਤ ਕਾਲ ਤੇ ਪਛਤਾਵਾ ਹੀ ਕਰਨਾ ਜਾਣਦੇ ਹਾਂ ਜਾਂ ਵਰਤਮਾਨ ਨੂੰ ਸਾਂਭਣ ਦਾ ਵੀ ਕੋਈ ਯਤਨ ਕਰਾਂਗੇ ? ਆਓ, ਅੱਜ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹੀਦੀ ਤੋਂ ਪ੍ਰੇਰਣਾ ਲੈਂਦੇ ਹੋਏ ਆਪਣੇ ਮਹਾਨ ਇਤਿਹਾਸ ਨੂੰ ਨਿਰਮਲ ਰੱਖਣ ਦਾ ਯਤਨ ਕਰੀਏ।

**ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਨਾਲ ਸਬੰਧਤ ਇਤਿਹਾਸਕ ਸਥਾਨ**

ਸਿੱਖ ਇਤਿਹਾਸ ਵਿੱਚ ਪੋਹ ਦਾ ਮਹੀਨਾ (ਦਸੰਬਰ ਅੱਧ ਤੋਂ ਸ਼ੁਰੂ) ਬੇਹੱਦ ਉਦਾਸੀਨਤਾ ਭਰਿਆ ਹੁੰਦਾ ਹੈ। ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਦਾ ਵਿਛੋੜਾ, ਚਾਰੇ ਸਾਹਿਬਜ਼ਾਦੇ ਤੇ ਮਾਤਾ ਗੁਜਰੀ ਦੀ ਸ਼ਹਾਦਤ, ਇਸੇ ਮਹੀਨੇ ਹੀ ਇਹ ਸਭ ਦੁਖਾਂਤ ਵਾਪਰੇ ਸਨ। ਫ਼ਤਿਹਗੜ੍ਹ ਸਾਹਿਬ ਦੇ ਇਸੇ ਠੰਢੇ ਬੁਰਜ 'ਚ ਮਾਤਾ ਗੁਜਰੀ ਤੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ ਜੀ ਨੂੰ ਕੈਦ ਕਰ ਲਿਆ ਗਿਆ।

**ਬਾਕੀ ਸਫ਼ਾ 27 'ਤੇ**

# ਭਾਈ ਜੀਵਨ ਸਿੰਘ ਜੀ

## (1649 ਈ:- 1704 ਈ:)

**- ਡਾ. ਰਛਪਾਲ ਸਿੰਘ,**
**(ਪੰਜਾਬ ਐਗਰੀਕਲਚਰ ਯੂਨੀਵਰਸਿਟੀ, ਖੇਤਰੀ ਖੋਜ ਕੇਂਦਰ, ਗੁਰਦਾਸਪੁਰ।)**

ਖੋਖਰ ਰੰਗਰੇਟਿਆਂ ਦੇ ਵਸਾਏ ਹੋਏ ਪਿੰਡਾਂ ਵਿੱਚੋਂ ਰੰਗੜ ਨੰਗਲ, ਭਰੋਵਾਲ, ਵੈਰੋਵਾਲ, ਸ੍ਰੀ ਅੰਮ੍ਰਿਤਸਰ ਜ਼ਿਲੇ ਵਿੱਚ ਅਤੇ ਗੁਰਦਾਸਪੁਰ ਜ਼ਿਲੇ ਵਿੱਚ ਪਿੰਡ ਰਾਏ ਨੰਗਲ ਪ੍ਰਸਿੱਧ ਹਨ। ਰਾਏ ਨੰਗਲ ਦਾ ਪ੍ਰਸਿੱਧ ਜੱਟ ਕੱਥੂ ਰੰਧਾਵਾ ਆਪਣੇ ਪਰਿਵਾਰ ਸਮੇਤ ਜਿੱਥੇ ਆ ਕੇ ਵਸਿਆ, ਉਸ ਪਿੰਡ ਦਾ ਨਾਮ ਕੱਥੂ+ਨੰਗਲ ਅਰਥਾਤ 'ਕੱਥੂਨੰਗਲ' ਪੈ ਗਿਆ।

ਭਾਈ ਜੈਤਾ ਜੀ ਦੇ ਵੰਸ਼ ਦੇ ਮੋਢੀ, ਭਾਈ ਰਾਇ ਕਲਿਆਣ ਕੱਥੂਨੰਗਲ ਦੇ ਹੀ ਰਹਿਣ ਵਾਲੇ ਸਨ ਤੇ ਇੱਥੇ ਹੀ ਉਨਾਂ ਦੀ ਮ੍ਰਿਤੂ ਹੋਈ ਸੀ। ਰਾਏ ਕਲਿਆਣ ਦੇ ਪੁੱਤਰ ਰਾਮ ਜਸ ਭਾਨ, ਕੱਥੂਨੰਗਲ ਨੂੰ ਛੱਡ ਕੇ ਅੰਤ, ਗੱਗੋਮਾਹਲ (ਜ਼ਿਲਾ ਅੰਮ੍ਰਿਤਸਰ) ਵਿਖੇ ਆ ਕੇ ਵੱਸ ਗਏ ਸਨ। ਬਾਬਾ ਬੁੱਢਾ ਜੀ ਦੇ ਹੁਕਮ ਅਨੁਸਾਰ 1570 ਈ: ਵਿੱਚ ਨਗਰ ਰਾਮਦਾਸਪੁਰ (ਰਾਮਦਾਸ) ਵਸਾਇਆ ਗਿਆ। ਜਿਸ ਦਾ ਪ੍ਰਬੰਧ ਬਾਬਾ ਬੁੱਢਾ ਜੀ ਦੇ ਪੜਪੋਤੇ, ਬਾਬਾ ਝੰਡਾ ਸਿੰਘ ਜੀ ਨੂੰ ਸੌਂਪਿਆ ਗਿਆ। ਇਸੇ ਪਿੰਡ (ਰਾਮਦਾਸ) ਵਿਖੇ ਹੀ ਰਾਮਜਸ ਭਾਨ ਦੇ ਪੁੱਤਰ ਸਦਾ ਨੰਦ ਜੀ ਦੇ ਘਰ 2 ਨਵੰਬਰ, 1649 ਈ: ਨੂੰ ਮਾਤਾ ਕਰਮ ਦੇਵੀ ਦੀ ਕੁੱਖੋਂ, ਭਾਈ ਜਾਗੂ ਜੀ ਦਾ ਜਨਮ ਹੋਇਆ। ਜੋ ਬਾਅਦ ਵਿੱਚ ਭਾਈ ਜੈਤਾ ਅਰਥਾਤ ਸ਼ਹੀਦ ਬਾਬਾ ਜੀਵਨ ਸਿੰਘ ਦੇ ਨਾਮ ਨਾਲ ਪ੍ਰਸਿੱਧ ਹੋਏ।

ਭਾਈ ਜੈਤਾ ਬਾਬਾ ਝੰਡਾ ਸਿੰਘ ਦੇ ਨਾਲ ਹਰ ਕੰਮ ਵਿੱਚ ਸਲਾਹਕਾਰ ਵੀ ਸਨ। ਬਾਬਾ ਝੰਡਾ ਸਿੰਘ ਦੀ ਮ੍ਰਿਤੂ ਤੋਂ ਉਪਰੰਤ ਉਨਾਂ ਦੇ ਪੁੱਤਰ ਭਾਈ ਗੁਰਦਿੱਤਾ ਨੂੰ ਨਗਰ ਰਾਮਦਾਸਪੁਰ (ਰਾਮਦਾਸ) ਦਾ ਕਾਰਜ ਸੌਂਪਿਆ ਗਿਆ। ਭਾਈ ਜੈਤਾ ਨੇ, ਭਾਈ ਗੁਰਦਿੱਤਾ ਦੀ ਸੇਵਾ ਬੜੇ ਸ਼ਰਧਾ ਭਾਵ ਨਾਲ ਕੀਤੀ ਅਤੇ ਉਸ ਦੀ ਸੰਗਤ ਦੀ ਰੰਗਤ ਕਰਕੇ ਹੀ, ਉਹ ਸਿੱਖ ਬਣੇ ਸਨ।

ਗੁਰੂ ਹਰਿਕ੍ਰਿਸ਼ਨ ਸਾਹਿਬ ਜਦ ਜੋਤੀ ਜੋਤਿ ਸਮਾਏ ਤਾਂ ਉਨਾਂ ਨੇ ਭਾਈ ਗੁਰਬਖ਼ਸ਼ ਮਸੰਦ ਨੂੰ 'ਗੁਰਿਆਈ ਮਰਯਾਦਾ ਅਨੁਸਾਰ 'ਬਾਬਾ ਬਕਾਲਾ' ਕਹਿ ਕੇ ਗੁਰੂ ਤੇਗ ਬਹਾਦਰ ਜੀ ਵੱਲ ਭੇਜਿਆ ਸੀ। ਭਾਈ ਗੁਰਬਖ਼ਸ਼ ਮਸੰਦ ਦੇ ਨਾਲ, ਭਾਈ ਗੁਰਦਿੱਤਾ ਤੇ ਭਾਈ ਜੈਤਾ ਵੀ ਸਨ।

ਇਸ ਤੋਂ ਬਾਅਦ ਭਾਈ ਜੈਤਾ ਗੁਰੂ ਤੇਗ ਬਹਾਦਰ ਦੀ ਸੇਵਾ ਵਿੱਚ ਰਹੇ। ਦਿੱਲੀ ਵਿੱਚ ਸ਼ਹਾਦਤ ਲਈ ਜਾਣ ਤੋਂ ਪਹਿਲਾਂ, ਗੁਰੂ ਤੇਗ ਬਹਾਦਰ ਨੇ ਬਾਲਕ ਗੁਰੂ ਗੋਬਿੰਦ ਸਿੰਘ ਦੀ ਬਾਂਹ, ਭਾਈ ਗੁਰਦਿੱਤਾ (ਵੰਸ਼ ਬਾਬਾ ਬੁੱਢਾ) ਦੇ ਹੱਥ ਫੜਾਉਣ ਵੇਲੇ ਵੀ ਭਾਈ ਜੈਤਾ ਉਨਾਂ ਦੇ ਨਾਲ ਸਨ।

ਗੁਰੂ ਜੀ ਦੀ ਖ਼ਬਰ ਲੈਣ ਲਈ ਭਾਈ ਜੈਤਾ ਜੀ ਦਿੱਲੀ ਗਏ। ਕੋਤਵਾਲੀ ਦਾ ਦਰੋਗਾ ਅਬਦੁੱਲ ਰਹਿਮਾਨ ਖਾਂ, ਗੁਰੂ ਤੇਗ ਬਹਾਦਰ ਦੇ ਬਚਨਾਂ ਤੇ ਵਿਵਹਾਰ ਤੋਂ ਪ੍ਰਭਾਵਿਤ ਹੋ ਕੇ ਗੁਰੂ ਵਾਲਾ ਬਣ ਚੁੱਕਾ ਸੀ। ਭਾਈ ਜੈਤਾ ਇਸ ਦਰੋਗੇ ਦੀ ਸਹਾਇਤਾ ਨਾਲ ਪਿੰਜਰੇ ਵਿੱਚ ਬੰਦ ਗੁਰੂ ਜੀ ਦੇ ਦਰਸ਼ਨ ਕੀਤੇ। ਗੁਰੂ ਜੀ ਨੇ ਉਸ ਸਮੇਂ ਭਾਈ ਜੈਤਾ ਨੂੰ ਕਿਹਾ ਸੀ ਕਿ, ਉਹ ਵਰਤਣ ਵਾਲੇ ਭਾਣੇ ਤਕ ਦਿੱਲੀ ਵਿੱਚ ਹੀ ਰਹੇ।

ਗੁਰੂ ਜੀ ਨੇ ਭਾਈ ਜੈਤਾ ਰਾਹੀਂ ਬਜ਼ਾਰ ਵਿੱਚੋਂ ਪੱਗ ਮੰਗਵਾਈ ਤੇ ਆਪਣੇ ਇਕ ਸਿੱਖ ਬ੍ਰਹਮ ਭੱਟ ਰਾਹੀਂ ਅਨੰਦਪੁਰ ਸਾਹਿਬ ਵਿਖੇ, ਗੁਰੂ ਗੋਬਿੰਦ ਸਿੰਘ ਜੀ ਦੇ ਪਾਸ ਭੇਜੀ। ਜੋ ਭਾਈ ਰਾਮ ਕੌਰ (ਗੁਰਬਖਸ਼ ਸਿੰਘ) ਜੀ ਦੇ ਹੱਥੀਂ 'ਸ੍ਰੀ ਗੁਰੂ ਗੋਬਿੰਦ ਸਿੰਘ' ਦੇ ਸਿਰ 'ਤੇ ਸਜਾਈ ਗਈ। 11 ਨਵੰਬਰ 1675 ਈ: ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਗੁਰੂ ਤੇਗ ਬਹਾਦਰ ਨੂੰ ਸ਼ਹੀਦ ਕਰ ਦਿੱਤਾ ਗਿਆ। ਹਜ਼ਾਰਾਂ ਲੋਕਾਂ ਦੀ ਭੀੜ ਵਿੱਚ, ਭਾਈ ਜੈਤਾ ਵੀ ਖੜੇ ਸਨ। ਬਹਾਦਰ ਸੂਰਮੇ ਦੇ ਖ਼ੂਨ ਨੇ ਉਬਾਲਾ ਖਾਧਾ।ਏਨੇ ਨੂੰ ਜ਼ੋਰ ਦੀ ਹਨੇਰੀ ਆਈ। ਹਨੇਰੀ ਦੀ ਆੜ ਵਿੱਚ, ਇਸ ਨਿਰਭੈ ਯੋਧੇ ਨੇ, ਮੌਤ ਦੀ ਪਰਵਾਹ ਨਾ ਕਰਦਿਆਂ ਹੋਇਆਂ, ਪਹਿਰੇਦਾਰਾਂ ਤੋਂ ਅੱਖਾਂ ਬਚਾ ਕੇ, ਗੁਰੂ ਸਾਹਿਬ ਦੇ ਖ਼ੂਨ ਨਾਲ ਲੱਥ-ਪੱਥ ਸੀਸ ਨੂੰ, ਬੜੀ ਫੁਰਤੀ ਨਾਲ ਉਠਾ ਲਿਆ। ਵਗ ਰਹੀ ਕਹਿਰੀ ਹਨੇਰੀ ਅਤੇ ਲੋਕਾਂ ਦੀ ਭੀੜ ਦੀ ਭਗਦੜ ਵਿੱਚ, ਭਾਈ ਜੈਤਾ ਜੀ ਗੁਰੂ ਜੀ ਦਾ ਸੀਸ ਲੈ ਕੇ, ਦਿੱਲੀ ਤੋਂ ਬਾਹਰ ਨਿਕਲ ਗਏ ਅਤੇ ਬਚਦੇ ਬਚਾਉਂਦੇ ਕੀਰਤਪੁਰ ਸਾਹਿਬ ਪਹੁੰਚ ਗਏ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਤਾ ਦੇ ਸੀਸ ਨੂੰ ਨਮਸਕਾਰ ਕੀਤੀ ਅਤੇ ਇਸ ਸੀਸ ਨੂੰ ਵੱਡੀ ਘਾਲਣਾ ਘਾਲ ਕੇ ਲਿਆਉਣ ਵਾਲੇ ਭਾਈ ਜੈਤਾ ਜੀ ਨੂੰ ਆਪਣੀਆਂ ਨਿੱਕੀਆਂ ਬਾਂਹਾਂ ਵਿੱਚ ਲੈਂਦੇ ਹੋਏ ਹਿੱਕ ਨਾਲ ਲਾ ਕੇ ਮਹਾਨ ਕਰਤੱਵ ਦੀ ਭਰਵੀਂ ਸ਼ਲਾਘਾ ਕੀਤੀ ਅਤੇ ਬਚਨ ਕੀਤਾ, 'ਇਹ ਰੰਗਰੇਟਾ, ਗੁਰੂ ਕਾ ਬੇਟਾ' ਹੈ । 1699 ਦੀ ਵੈਸਾਖੀ ਵਾਲੇ ਦਿਨ, ਖ਼ਾਲਸੇ ਨੂੰ ਪਰਗਟ ਕਰਨ 'ਤੇ ਭਾਈ ਜੈਤਾ ਜੀ ਨੇ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਪਾਹੁਲ ਲਈ ਅਤੇ ਭਾਈ ਜੈਤਾ ਜੀ ਤੋਂ ਭਾਈ ਜੀਵਨ ਸਿੰਘ ਬਣ ਗਏ। ਦਸਮ ਪਾਤਸ਼ਾਹ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਰਣਜੀਤ ਨਗਾਰੇ ਦੇ 'ਨਗਾਰਚੀ' ਵਜੋਂ ਆਪ ਜੀ ਨੂੰ ਸੇਵਾ ਸੌਂਪੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਾਹੁਲ ਲੈਣ ਵਾਲੇ ਹਰ ਸਿੱਖ ਨੂੰ ਪਾਹੁਲ ਦੇਣ ਪਿਛੋਂ ਸਿੱਖਿਆ ਦੇ ਤੌਰ 'ਤੇ ਕਿਹਾ ਕਿ ਅੱਜ ਤੋਂ ਤੇਰੀ ਪਹਿਲੀ ਕੁਲ ਨਾਸ਼, ਤੇਰਾ ਪਹਿਲਾ ਧਰਮ ਨਾਸ਼ ਹੈ, ਤੇਰਾ ਪਹਿਲਾ ਕਰਮ ਨਾਸ਼ ਹੈ, ਆਦਿ । ਅੱਜ ਤੂੰ ਗੁਰੂ ਗੋਬਿੰਦ ਸਿੰਘ ਜੀ ਦਾ ਪੁੱਤਰ ਹੈਂ ਅਤੇ ਅਨੰਦਪੁਰ ਸਾਹਿਬ ਦਾ ਵਾਸੀ ਹੈਂ। ਅੱਜ ਤੋਂ ਤੂੰ ਹਰ ਜੀਵ ਜੰਤ ਅਤੇ ਮਨੁੱਖ ਮਾਤਰ ਵਿੱਚ ਇਕ ਪ੍ਰਮਾਤਮਾ ਨੂੰ ਹੀ ਪਛਾਣਨਾ ਹੈ ਅਤੇ ਰੱਬ ਦੀ ਕੁਦਰਤ ਨੂੰ ਪਿਆਰ ਕਰਨਾ ਹੈ।

ਭਾਈ ਜੈਤਾ ਜੀ ਬੰਦੂਕ ਅਤੇ ਤੀਰ-ਕਮਾਨ ਦਾ ਨਿਸ਼ਾਨਾ ਲਾਉਣ ਵਿੱਚ ਨਿਪੁੰਨ ਸਨ। ਭਾਈ ਜੈਤਾ ਜੀ ਨੇ ਜਿੱਥੇ ਰਣਜੀਤ ਨਗਾਰੇ ਦੇ ਨਗਾਰਚੀ ਵਜੋਂ ਸੇਵਾ ਨਿਭਾਈ, ਉੱਥੇ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਨੂੰ ਸ਼ਸਤਰ ਵਿੱਦਿਆ ਸਿਖਾਉਣ ਵਿੱਚ ਵੀ ਮਹੱਤਵਪੂਰਨ ਯੋਗਦਾਨ ਪਾਇਆ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਕੀਤੇ ਗਏ ਧਰਮ-ਯੁੱਧਾਂ ਜਿਵੇਂ ਭੰਗਾਣੀ ਦਾ ਯੁੱਧ, ਨਦੌਣ ਦੀ ਜੰਗ, ਨਿਰਮੋਹਗੜ ਦਾ ਯੁੱਧ, ਸ੍ਰੀ ਅਨੰਦਪੁਰ ਸਾਹਿਬ ਦੀ ਜੰਗ ਆਦਿ ਧਰਮ ਯੁੱਧਾਂ ਵਿੱਚ ਭਾਈ ਜੈਤਾ ਜੀ ਗੁਰੂ ਜੀ ਦੀ ਫ਼ੌਜ ਵਿੱਚ ਧਰਮੀ ਯੋਧੇ ਵਾਂਗ ਕਰਤਬ ਨਿਭਾਉਂਦੇ ਰਹੇ।

ਭਾਈ ਜੈਤਾ ਜੀ ਦਾ ਵਿਆਹ 1688 ਈ: ਵਿੱਚ ਪਿੰਡ ਰਿਆੜਕੀ (ਪੱਟੀ) ਦੇ ਭਾਈ ਸੁਜਾਨ ਸਿੰਘ ਦੀ ਪੁੱਤਰੀ ਬੀਬੀ ਰਾਜ ਕੌਰ ਨਾਲ ਹੋਇਆ। ਆਪ ਜੀ ਦੇ ਚਾਰ ਪੁੱਤਰ ਸਨ। ਭਾਈ ਗੁਰਦਿਆਲ ਸਿੰਘ, ਭਾਈ ਗੁਲਜ਼ਾਰ ਸਿੰਘ, ਭਾਈ ਸੁੱਖਾ ਸਿੰਘ, ਭਾਈ ਸੇਵਾ ਸਿੰਘ।

1704 ਈ: ਨੂੰ ਸ੍ਰੀ ਅਨੰਦਪੁਰ ਸਾਹਿਬ ਦਾ ਕਿਲਾ ਛੱਡਣ ਵੇਲੇ, ਮੁਗ਼ਲਾਂ ਵੱਲੋਂ ਗੁਰੂ ਜੀ ਅਤੇ ਸਿੰਘਾਂ ਉੱਪਰ ਕਹਿਰ ਦਾ ਹੱਲਾ ਬੋਲ ਦਿੱਤਾ ਗਿਆ। ਭਾਈ ਜੈਤਾ ਜੀ ਇਸੇ ਘਮਸਾਣ ਯੁੱਧ ਵਿੱਚ ਸ਼ਹੀਦ ਹੋ ਗਏ।

ਜਿਸ ਨਿਰਭੈਤਾ ਨਾਲ ਭਾਈ ਜੈਤਾ ਜੀ ਨੇ ਨੌਂਵੇਂ ਸਤਿਗੁਰੂ ਜੀ ਦਾ ਸੀਸ ਉਠਾ ਕੇ, ਸ੍ਰੀ ਅਨੰਦਪੁਰ ਸਾਹਿਬ ਪਹੁੰਚਾਇਆ ਅਤੇ ਅਦੁੱਤੀ ਸ਼ਹਾਦਤ, ਵਰਗੀ ਮਿਸਾਲ ਸਿੱਖ ਇਤਿਹਾਸ ਵਿੱਚ ਅਕਾਸ਼ ਵਿੱਚ ਚਮਕਣ ਵਾਲੇ ਚੰਦ ਵਾਂਗ ਸਦਾ ਹੀ ਅਮਰ ਰਹੇਗੀ।

ਨਿਰਸੰਦੇਹ ਭਾਈ ਜੈਤਾ ਜੀ ਦਾ ਵਿਲੱਖਣ ਜੀਵਨ ਅਤੇ ਅਦੁੱਤੀ ਸ਼ਹਾਦਤ ਆਉਣ ਵਾਲੀਆਂ ਪੀੜੀਆਂ ਨੂੰ ਸਦਾ ਲਈ ਪ੍ਰੇਰਿਤ ਕਰਦੀ ਰਹੇਗੀ।




# ਪਾਠਕਾਂ ਦਾ ਨਜ਼ਰੀਆ

**ਕਿਸਾਨ ਦਾ ਰੋਹ ਤੇ ਸਿਦਕ ਨੇ ਲੋਕਪੱਖੀ ਅੰਦੋਲਨ ਦੀ ਅਗਵਾਈ ਕੀਤੀ**

ਜ਼ਹਿਰੀਲੀ ਵਿਚਾਰਧਾਰਾ ਨਾਲ ਜਦੋਂ ਭਰਮ ਵੀ ਰਲ਼ ਜਾਂਦਾ ਹੈ ਤਾਂ ਉਸ ਮੁਲਕ ਨੂੰ ਤਬਾਹੀ ਤੋਂ ਕੋਈ ਨਹੀਂ ਬਚਾ ਸਕਦਾ। ਵਿਕਾਸ ਦੀ ਨਾਂਹਮੁਖੀ ਦਰ ਅਤੇ ਬੇਹਿਸਾਬ ਮੰਦੀ, ਭਾਰੀ ਬੇਰੁਜ਼ਗਾਰੀ ਤੇ ਛੜੱਪੇ ਮਾਰ ਕੇ ਚੜ ਰਿਹਾ ਸ਼ੇਅਰ ਬਾਜ਼ਾਰ ਤੇ ਇਸ ਦੇ ਨਾਲੋ-ਨਾਲ ਗਊ ਹੱਤਿਆ ਆਦਿ ਰੋਕਣ ਦੀਆਂ ਵਿਚਾਰਧਾਰਕ ਤਰਜੀਹਾਂ ਅਤੇ ਇਕ ਆਗੂ ਦੀ ਇਤਿਹਾਸਕ ਮਹਾਨਤਾ ਦਰਜ ਕਰਾਉਣ ਲਈ ਸੈਂਟਰਲ ਵਿਸਟਾ (ਨਵੇਂ ਸੰਸਦ ਭਵਨ) ਦੀ ਉਸਾਰੀ ਆ ਰਹੀ ਬਰਬਾਦੀ ਦੇ ਲੱਛਣ ਹਨ। ਉਂਜ, ਸਾਡੀ ਜਾਗ ਉਦੋਂ ਖੁੱਲੀ ਜਦੋਂ ਕਿਸਾਨਾਂ ਨੇ ਸਾਨੂੰ ਸ਼ੀਸ਼ਾ ਦਿਖਾਇਆ ਕਿ ਸ਼ੈਤਾਨ ਸਾਡੇ ਦਰਾਂ ਤੇ ਆ ਗਿਆ ਹੈ।

ਜੇ ਤੁਸੀਂ ਆਪਣੀ ਸਾਰੀ ਬੁੱਧੀ ਮਾਹਿਰਾਨਾ ਬਹਿਸਾਂ ਅਤੇ ਮੁੱਖਧਾਰਾ ਮੀਡੀਆ ਦੀਆਂ ਤਸਵੀਰਾਂ ਦੇ ਲੇਖੇ ਨਹੀਂ ਲਾਈ ਤਾਂ ਤੁਸੀਂ ਪਰੀ ਕਹਾਣੀਆਂ ਵਾਂਗ ਪੁੱਛ ਸਕਦੇ ਹੋ-ਸ਼ੀਸ਼ਿਆ ਵੇ ਸ਼ੀਸ਼ਿਆ, ਦੱਸ ਭਲਾ ਇਸ ਦੇ ਪਿੱਛੇ ਕੀ ਹੈ; ਤੇ ਸ਼ੀਸ਼ਾ ਸੱਤਾਧਾਰੀ ਪਾਰਟੀ ਦੇ ਦੋ ਸਭ ਤੋਂ ਵੱਧ ਸ਼ਕਤੀਸ਼ਾਲੀ ਸਿਆਸਤਦਾਨਾਂ (ਦੋਵੇਂ ਗੁਜਰਾਤ ਤੋਂ) ਨੂੰ ਨਹੀਂ ਸਗੋਂ ਦੇਸ਼ ਦੇ ਦੋ ਸਭ ਤੋਂ ਵੱਧ ਧਨਾਢ ਕਾਰੋਬਾਰੀਆਂ (ਉਹ ਵੀ ਦੋਵੇਂ ਗੁਜਰਾਤੀ) ਦੇ ਚਿਹਰੇ ਦਿਖਾਵੇਗਾ।

ਅਸੀਂ ਜੋ ਚਰਚਾ ਕਰ ਰਹੇ ਹਾਂ, ਇਹ ਮਹਿਜ਼ ਕੋਈ 'ਜੁੰਡੀ (ਕਰੋਨੀ) ਪੂੰਜੀਵਾਦ' ਦਾ ਮਾਮਲਾ ਨਹੀਂ। ਕੁਝ ਸਮਾਂ ਪਹਿਲਾਂ ਨਕਾਰਾ ਹੋਈ ਸੰਸਦ ਵਿਚ ਕਾਹਲੀ ਨਾਲ ਪਾਸ ਕੀਤੇ ਖੇਤੀ ਕਾਨੂੰਨ ਕਈ ਸਾਲਾਂ ਦੇ ਰੁਝਾਨ ਦਾ ਹੀ ਵਿਸਤਾਰ ਸਨ। ਸਰਕਾਰ ਵਾਰ ਵਾਰ ਅਜਿਹਾ ਕਰ ਚੁੱਕੀ ਸੀ ਪਰ ਪਹਿਲਾਂ ਇਨਾਂ ਦੀ ਮਾਰ ਦੀ ਸ਼ਿੱਦਤ ਇੰਨੀ ਤੇਜ਼ ਸੀ ਕਿ ਆਵਾਮ ਨੂੰ ਪ੍ਰਤੀਕਿਰਿਆ ਕਰਨ ਦਾ ਮੌਕਾ ਹੀ ਨਹੀਂ ਮਿਲਿਆ। ਇਸ ਦੀ ਸ਼ੁਰੂਆਤ ਹੋਈ ਨੋਟਬੰਦੀ ਦੇ ਗੁਰੀਲਾ ਹੱਲੇ ਤੋਂ ਅਤੇ ਫਿਰ ਜੀਐੱਸਟੀ ਦੇ ਕੁਚੱਜੇ ਅਮਲ ਨਾਲ ਸੀਮਾਂਤ ਤੇ ਛੋਟੇ ਕਾਰੋਬਾਰੀਆਂ ਅਤੇ ਸਾਡੇ ਸੰਘੀ ਢਾਂਚੇ ਵਿਚ ਰਾਜਾਂ ਨੂੰ ਕਮਜ਼ੋਰ ਕੀਤਾ ਗਿਆ। ਇਸ ਤੋਂ ਬਾਅਦ ਵਾਰੀ ਆਈ ਪਰਵਾਸੀ ਮਜ਼ਦੂਰਾਂ ਦੀ, ਜਦੋਂ ਮਹਿਜ਼ ਚਾਰ ਘੰਟੇ ਦੇ ਨੋਟਿਸ ਤੇ ਸਭ ਤੋਂ ਘਾਤਕ ਕਿਸਮ ਦੀ ਤਾਲਾਬੰਦੀ ਕਰ ਕੇ ਉਨਾਂ ਦੀ ਜ਼ਿੰਦਗੀ ਤੇ ਰੋਜ਼ੀ ਰੋਟੀ ਮਧੋਲ ਕੇ ਰੱਖ ਦਿੱਤੀ। ਬੇਆਰਾਮੀ, ਬੇਚੈਨੀ ਤੇ ਦਿੱਕਤਾਂ ਮਹਿਸੂਸ ਹੋ ਰਹੀਆਂ ਸਨ ਪਰ ਲੋਕਾਂ ਦਾ ਰੋਹ ਬਣ ਕੇ ਸਾਹਮਣੇ ਨਹੀਂ ਆ ਰਿਹਾ ਸੀ। ਇਹ ਭਰਮ ਬਣਿਆ ਹੋਇਆ ਸੀ ਕਿ ਸਰਕਾਰ ਕਾਲਾ ਧਨ (15 ਲੱਖ ਰੁਪਏ ਦੇਣ ਦਾ ਵਾਅਦਾ ਤਾਂ ਭੁੱਲ ਜਾਓ) ਖਿਲਾਫ਼ ਲੜਾਈ ਲੜ ਰਹੀ ਹੈ ਅਤੇ ਮਹਾਂਮਾਰੀ ਦੇ ਖਤਰੇ ਨਾਲ ਸਿੱਝਣ ਲਈ ਦਲੇਰੀ ਨਾਲ ਤਾਲਾਬੰਦੀ ਕਰ ਰਹੀ ਹੈ। ਭੋਲੀ ਜਨਤਾ ਦੇ ਮਨਾਂ ਅੰਦਰ ਥੋੜੀ ਜਿਹੀ ਭਰੋਸੇਯੋਗਤਾ ਬਣੀ ਹੋਈ ਸੀ ਤੇ ਫਿਰ ਸਭ ਨੇ ਦੇਖਿਆ ਕਿ ਸੰਸਦੀ ਲੋਕਤੰਤਰ ਦਾ ਸਾਹ ਘੁੱਟਣ ਲਈ ਕਿਵੇਂ ਮਹਾਂਮਾਰੀ ਦਾ ਇਸਤੇਮਾਲ ਕੀਤਾ ਗਿਆ। ਕੋਈ ਨੋਟਿਸ ਨਹੀਂ, ਕੋਈ ਵਿਚਾਰ ਵਟਾਂਦਰਾ ਨਹੀਂ, ਇਕ ਤੋਂ ਬਾਅਦ ਇਕ ਕਿਰਤ ਵਿਰੋਧੀ ਅਤੇ ਕਾਰਪੋਰੇਟ ਪੱਖੀ ਕਿਰਤ ਕਾਨੂੰਨ ਪਾਸ ਕਰ ਦਿੱਤੇ ਗਏ। ਸਰਕਾਰ ਨੇ ਆਰਥਿਕ ਮੰਦਵਾੜੇ, ਨਾਂਹਮੁਖੀ ਵਿਕਾਸ ਦਰ ਅਤੇ ਲੱਕ ਤੋੜਵੀਂ ਬੇਰੁਜ਼ਗਾਰੀ ਦੇ ਦੌਰ ਵਿਚ ਮਹਾਂਮਾਰੀ ਦੇ ਬਹਾਨੇ ਤਿੰਨ ਖੇਤੀ ਕਾਨੂੰਨ ਲਾਗੂ ਕਰ ਦਿੱਤੇ, ਕਿਉਂਕਿ ਇਸ ਨੂੰ ਸੰਸਦ ਦੇ ਅੰਦਰ ਤੇ ਬਾਹਰ ਕਿਸੇ ਵਿਰੋਧ ਦਾ ਕੋਈ ਡਰ ਭੈਅ ਹੀ ਨਹੀਂ ਰਹਿ ਗਿਆ ਸੀ।

ਇਨਾਂ ਤਿੰਨ ਕਾਨੂੰਨਾਂ ਦਾ ਮਕਸਦ ਮੰਡੀ ਸਿਸਟਮ ਅਤੇ ਖੇਤੀ ਜਿਣਸਾਂ ਲਈ ਐਲਾਨੇ ਜਾਂਦੇ ਘੱਟੋ-ਘੱਟ ਸਮਰਥਨ ਮੁੱਲ ਪ੍ਰਣਾਲੀ ਨੂੰ ਤਹਿਸ ਨਹਿਸ ਕਰਨਾ ਹੈ। ਜਨਤਕ ਹਿੱਤ ਦਾ ਇਹੀ ਉਹ ਨੁਕਤਾ ਹੈ ਜਿਸ ਵੱਲ ਅਕਸਰ ਮੁੱਖ ਧਾਰਾ ਮੀਡੀਆ ਬਹੁਤੀ ਤਵੱਜੋ ਨਹੀਂ ਦਿੰਦਾ ਕਿ ਇਹ ਕਾਨੂੰਨ ਵਿਵਾਦ ਦੀ ਸੂਰਤ ਵਿਚ ਕਾਨੂੰਨੀ ਚਾਰਾਜੋਈ ਦੇ ਆਮ ਅਸੂਲ ਨੂੰ ਹੀ ਲਾਂਭੇ ਕਰ ਰਹੇ ਹਨ ਤੇ ਸਰਕਾਰ ਨੂੰ ਇਕਪਾਸੜ ਤਾਕਤ ਦਿੰਦੇ ਹਨ। ਇਹ ਵਿਵਾਦ ਨਿਬੇੜਨ ਦੀ ਤਾਕਤ ਖੁਦ ਕਾਰਜਪਾਲਿਕਾ ਦੇ ਹੱਥਾਂ ਵਿਚ ਦਿੰਦੇ ਹਨ ਤੇ ਨਿਆਂਪਾਲਿਕਾ ਦੀ ਭੂਮਿਕਾ ਹੀ ਖਤਮ ਕਰ ਰਹੇ ਹਨ। ਮੁਲਜ਼ਮ ਖੁਦ ਹੀ ਅਪਰਾਧ ਦੀ ਤਾਸੀਰ ਤੈਅ ਕਰੇਗਾ ਅਤੇ ਕਾਨੂੰਨ ਦੀਆਂ ਨਜ਼ਰਾਂ ਵਿਚ ਇਹ ਹਿੱਤਾਂ ਦੇ ਟਕਰਾਅ ਦੇ ਸਾਰੇ ਨੇਮਾਂ ਦੀ ਅਵੱਗਿਆ ਹੈ। ਸਾਡੀ ਸੰਸਦ ਵਲੋਂ ਕਾਹਲੀ ਵਿਚ ਅਜਿਹਾ ਕਾਨੂੰਨ ਪਾਸ ਕਰ ਦਿੱਤਾ ਗਿਆ ਹੈ ਜੋ ਨਾ ਕੇਵਲ ਕਿਸਾਨਾਂ ਦੇ ਹਿੱਤਾਂ ਨੂੰ ਮਧੋਲਦਾ ਹੈ ਸਗੋਂ ਸਾਰੇ ਭਾਰਤੀ ਨਾਗਰਿਕਾਂ ਦੇ ਹੱਕਾਂ ਲਈ ਵੀ ਖ਼ਤਰਾ ਹੈ।

ਕਿਸਾਨ ਇਸ ਖਿਲਾਫ਼ ਉਠ ਖੜੇ ਹਨ ਅਤੇ ਆਪਣੇ ਹੱਕਾਂ ਲਈ ਮੈਦਾਨ ਵਿਚ ਹਨ। ਉਨਾਂ ਸਾਰੇ ਭਾਰਤੀ ਨਾਗਰਿਕਾਂ ਦੇ ਵਡੇਰੇ ਸੰਵਿਧਾਨਕ ਹੱਕਾਂ ਨਾਲ ਸਾਂਝ ਬਣਾ ਲਈ ਹੈ। ਰੁਲ਼ਿਆ ਫਿਰਦਾ ਭਾਰਤੀ ਬੰਦਾ ਅਚਨਚੇਤ ਆਪਣੇ ਸਿਰ ਤੇ ਆਏ ਖ਼ਤਰੇ ਬਾਰੇ ਜਾਗ ਪਿਆ ਹੈ। ਖੇਤੀਬਾੜੀ ਦਾ ਕਾਰਪੋਰੇਟੀਕਰਨ ਭਾਰਤੀ ਲੋਕਤੰਤਰ ਵਿਚ ਸਾਡੇ ਸੰਵਿਧਾਨਕ ਹੱਕਾਂ ਦੇ ਕਾਰਪੋਰੇਟੀਕਰਨ ਦਾ ਹੀ ਝਲਕਾਰਾ ਹੈ।

ਦੇਸ਼ ਦੇ ਇਕ ਵੱਡੇ ਕਾਰਪੋਰੇਟ ਅਦਾਰੇ ਨੇ ਖੇਤੀ ਉਪਜਾਂ ਦੀ ਪ੍ਰਚੂਨ ਮੰਡੀ ਨੂੰ ਹੱਥ ਪਾ ਲਿਆ ਹੈ। 'ਜੀਓ' ਸਾਰੇ ਕਾਰਪੋਰੇਟ ਆਨਲਾਈਨ ਥੋਕ ਖਰੀਦਦਾਰੀ ਨੂੰ ਕੰਟਰੋਲ ਕਰੇਗੀ ਜਦਕਿ ਇਕ ਹੋਰ ਕਾਰਪੋਰੇਟ ਅਦਾਰਾ ਖੇਤੀ ਜਿਣਸਾਂ ਦੇ ਭੰਡਾਰਨ ਲਈ ਕਾਰਪੋਰੇਟ ਟਰਾਂਸਪੋਰਟ ਅਤੇ ਸਾਇਲੋਜ਼ ਦਾ ਤਾਣਾ ਬਾਣਾ ਵਿਛਾਉਣ ਵਿਚ ਰੁੱਝਾ ਹੋਇਆ ਹੈ। ਹੁਣ ਸਮਝ ਆ ਰਹੀ ਹੈ ਕਿ ਸਰਕਾਰ 5ਜੀ ਵਾਲੇ ਡਿਜੀਟਲ ਪੂੰਜੀਵਾਦ ਦੇ ਭਵਿੱਖ ਨੂੰ ਲੈ ਕੇ ਇੰਨੀ ਪੱਬਾਂ ਭਾਰ ਕਿਉਂ ਹੈ, ਕਿਉਂਕਿ ਭਾਰਤ ਵਿਚ ਇਸ ਦਾ ਕੰਟਰੋਲ ਵੀ ਇਕ ਕਾਰਪੋਰੇਟ ਅਦਾਰੇ ਦੇ ਹੱਥਾਂ ਵਿਚ ਹੋਵੇਗਾ। ਕੀ ਕੋਈ ਰਾਹਤ ਅਤੇ ਕੋਈ ਬਦਲਵਾਂ ਰਾਹ ਸੰਭਵ ਹੈ ?

ਕਿਸਾਨਾਂ ਨੇ ਦਿਖਾ ਦਿੱਤਾ ਹੈ ਕਿ ਅਸੀਂ ਸਾਰੇ ਕਿੰਨੇ ਦਿਲਗੀਰ ਹੋਏ ਬੈਠੇ ਸਾਂ। ਜੇ ਆਮ ਲੋਕ ਇਕੱਠੇ ਹੋ ਜਾਣ ਅਤੇ ਘੱਟੋ-ਘੱਟ ਵਿਰੋਧੀ ਧਿਰ ਦੀਆਂ ਉਨਾਂ ਸਿਆਸੀ ਪਾਰਟੀਆਂ ਨੂੰ ਇਸ ਮੁੱਦੇ ਤੇ ਇਕਜੁੱਟ ਹੋਣ ਲਈ ਮਜਬੂਰ ਕਰ ਦੇਣ ਹਾਲਾਂਕਿ ਜਿਨਾਂ ਕੋਲ ਨਾ ਤਾਂ ਗਰੀਬ ਪੱਖੀ ਵਿਕਾਸ ਦੀ ਕੋਈ ਰੂਪਰੇਖਾ ਹੈ ਤੇ ਨਾ ਹੀ ਉਹ ਕਾਰਪੋਰੇਟੀ ਖੇਤੀਬਾੜੀ ਨੂੰ ਭਵਿੱਖ ਦੀ ਸੋਨੇ ਦੀ ਖਾਣ ਦੇ ਬਿਰਤਾਂਤ ਨੂੰ ਚਾਕ ਕਰਨ ਦਾ ਮਾਦਾ ਰੱਖਦੀਆਂ ਹਨ ਤਾਂ ਚੀਜ਼ਾਂ ਬਦਲ ਜਾਂਦੀਆਂ ਹਨ ਪਰ ਬਿਲਕੁਲ ਉਵੇਂ ਨਹੀਂ ਜਿਵੇਂ ਕੁਝ ਕੁਲੀਨਵਾਦੀ ਤੇ ਉਨਾਂ ਦੇ ਮੁੱਠੀ ਭਰ ਸੇਵਕ ਚਾਹੁੰਦੇ ਹਨ। ਕਿਸਾਨਾਂ ਦੇ ਇਸ ਸਿਦਕ ਭਰਪੂਰ ਵਿਰੋਧ ਨੇ ਜ਼ਰੂਰੀ ਹਾਲਾਤ ਪੈਦਾ ਕਰ ਦਿੱਤੇ ਹਨ। ਹੁਣ ਇਹ ਸਾਡੇ ਸਾਰਿਆਂ ਤੇ ਨਿਰਭਰ ਕਰਦਾ ਹੈ ਕਿ ਅਸੀਂ ਇਸ ਵਿਚ ਕਦੋਂ ਸ਼ਾਮਲ ਹੁੰਦੇ ਹਾਂ।

- **ਅਮਿਤ ਭਾਦੁੜੀ ਪ੍ਰੋਫੈਸਰ ਜੇਐੱਨਯੂ**

**ਪੋਹ ਮਾਘ ਦੀਆਂ ਰਾਤਾਂ**

ਦਿੱਲੀ ਦੇ ਬਾਹਰ ਸੜਕਾਂ ਝਾੜੀਆਂ 'ਤੇ ਪਏ ਸੁੱਕਣੇ ਕੱਪੜੇ ਕਛਹਿਰੇ! ਗੁਰੂ ਗੋਬਿੰਦ ਸਿੰਘ ਦੇ ਮੁਕਤਸਰ ਦੀ ਖਿਦਰਾਣੇ ਵਾਲੀ ਢਾਬ ਯਾਦ ਕਰਵਾ ਦਿੰਦੇ ਹਨ। ਸਮਾਂ ਤੇ ਠੰਢ ਵੀ ਉਸ ਪੋਹ ਮਾਘ ਵਰਗੀ ਹੀ ਹੈ। ਦੋ ਮਹੀਨੇ ਤੋਂ ਵੱਧ ਸੰਘਰਸ਼ ਕਰਦੇ ਤੇ ਚਿਤਾਵਨੀਆਂ ਦਿੰਦੇ ਆਪਣੇ ਹੱਕ ਮੰਗਦੇ ਕਿਸਾਨਾਂ ਨੂੰ ਆਖ਼ਰ ਹਾਕਮਾਂ ਨੂੰ ਜਗਾਉਣ ਖ਼ਾਤਰ ਦਿੱਲੀ ਵੱਲ ਕੂਚ ਕਰਨਾ ਪਿਆ। ਸਾਵਧਾਨ ਪੰਜਾਬ ਦੇ ਸ਼ਰੀਫ਼ ਕਿਸਾਨ, ਨੌਜਵਾਨ! ਸ਼ਾਬਾਸ਼ ਤੁਹਾਡੇ। ਇਸ ਅੱਤ ਦੀ ਸਰਦੀ ਵਿਚ ਆਪਣਾ ਘਰ ਘਾਟ ਤੇ ਬਾਲ ਬੱਚੇ ਛੱਡ ਕੇ ਦਿੱਲੀ ਸਰਕਾਰ ਕੋਲੋਂ ਆਪਣੇ ਜਮਹੂਰੀ ਹੱਕਾਂ ਖ਼ਾਤਰ ਦਿੱਲੀ ਨਾਲ ਟਕਰਾਉਣ ਖ਼ਾਤਰ ਨਿਕਲ ਤੁਰੇ ਨੇ। ਰਸਤੇ ਵਿਚ ਹਰਿਆਣਾ ਸਰਕਾਰ ਤੇ ਦਿੱਲੀ ਸਰਕਾਰ ਦੀਆਂ ਪੁਲਸਾਂ ਨੇ ਸੜਕਾਂ ਵਿਚ ਭਾਰੀ ਪੱਥਰ, ਰੁਕਾਵਟਾਂ ਤੇ ਬੈਰੀਕੇਡ ਲਗਾ ਕੇ ਉਨਾਂ ਦਾ ਸੰਵਿਧਾਨਿਕ ਹੱਕ ਖੋਹਣ ਦਾ ਯਤਨ ਕੀਤਾ। ਸ਼ਾਂਤਮਈ ਢੰਗ ਨਾਲ ਵਿਰੋਧ ਜਤਾ ਰਹੇ ਕਿਸਾਨਾਂ 'ਤੇ ਲਾਠੀਚਾਰਜ ਕੀਤਾ ਤੇ ਪਾਣੀ ਦੀਆਂ ਤੋਪਾਂ ਨਾਲ ਉਨਾਂ ਦਾ ਸਵਾਗਤ ਕੀਤਾ। ਪਹਿਲਾਂ ਹੀ ਸਖ਼ਤ ਠੰਢ ਵਿਚ ਠਰ ਰਹੇ ਬਜ਼ੁਰਗਾਂ ਮਾਤਾਵਾਂ ਨੂੰ ਪਾਣੀ ਦੀਆਂ ਤੇਜ ਵਾਛੜਾਂ ਨਾਲ ਨਿਢਾਲ ਕਰਨ ਦੀ ਕੋਸ਼ਿਸ਼ ਕੀਤੀ। ਪੁਲਿਸ ਦੀ ਜ਼ਿਆਦਤੀ ਟੀਅਰ ਗੈਸ ਤੇ ਧੱਕਮ-ਧੱਕੇ ਵਿਚ ਕਈ ਲੋਕ ਜ਼ਖਮੀ ਹੋ ਗਏ। ਕਈ ਮੌਤ ਦੀ ਝੋਲੀ ਜਾ ਪਏ। ਸ਼ਾਬਾਸ਼! ਉਨਾਂ ਸ਼ੇਰ ਜਵਾਨਾਂ ਦੇ! ਜਿਨਾਂ ਇਨਾਂ ਕਰੋਪੀਆਂ ਨੂੰ ਆਸ਼ਾਵਾਦੀ ਸਾਕਾਰਾਤਮਿਕ ਲੈ ਕੇ ਖਿੜੇ ਮੱਥੇ ਝੱਲਿਆ ਤੇ ਹਿੰਸਕ ਨਹੀਂ ਹੋਏ। ਸਖ਼ਤ ਸਰਦੀ ਵਿਚ ਜਦ ਮਨੁੱਖ ਏ. ਸੀ. ਕਮਰਿਆਂ ਵਿਚ ਹੀਟ ਲਗਾ ਕੇ ਵੀ ਰਜਾਈਆਂ ਕੰਬਲਾਂ ਦੀ ਆੜ ਲੈਂਦੇ ਹਨ, ਇਹ ਵਿਚਾਰੇ ਮਨੁੱਖਤਾ ਦਾ ਢਿੱਡ ਭਰਨ ਵਾਲੇ ਮਜ਼ਦੂਰ -ਕਿਸਾਨ ਆਪਣੀਆਂ ਹੱਕੀ ਮੰਗਾਂ ਮੰਗਦੇ ਠੁਰ ਠੁਰ ਠਰ ਰਹੇ ਹਨ। ਹੋਰ ਸਾਰੇ ਸੂਬਿਆਂ ਦੇ ਕਿਸਾਨ ਵੀ ਸ਼ਾਮਲ ਹੋ ਕੇ ਪੰਜਾਬੀ ਕਿਸਾਨਾਂ ਨੂੰ ਵੱਡੇ ਭਰਾ ਦੀ ਤਸ਼ਬੀਹ ਦਿੰਦੇ ਨਾਲ ਆ ਰਲੇ ਹਨ। ਦੇਸ਼ਾਂ ਵਿਦੇਸ਼ਾਂ ਵਿਚ ਮੋਦੀ ਸਰਕਾਰ ਦੀ ਇਹ ਘੋਰ ਤਾਨਾਸ਼ਾਹੀ ਵਿਰੁੱਧ ਮੁਜ਼ਾਹਰੇ ਹੋਣ ਲੱਗੇ ਹਨ। ਕਿਸਾਨ ਜ਼ਿੰਦਾਬਾਦ ਦਾ ਨਾਅਰਾ ਅਸਮਾਨਾਂ ਤੱਕ ਬੁਲੰਦ ਹੋਇਆ ਹੈ। ਮੈਂ ਅਸੀਂ ਸਾਰੇ ਇਨਾਂ ਦੇ ਨਾਲ ਹਾਂ। ਦੇਸ਼ ਭਰ ਦੀਆਂ ਬਹੁਤ ਸੰਸਥਾਵਾਂ ਇਨਾਂ ਦੀ ਪਿੱਠ ਤੇ ਆਣ ਖੜੀਆਂ ਹਨ। ਸ਼ਾਮ ਸਵੇਰੇ ਇਨਾਂ ਦਾ ਉਪਜਾਇਆ ਖਾਂਦੇ ਹਾਂ ਪਰ ਉਹ ਬੇਸ਼ਰਮ ਅਕ੍ਰਿਤਘਣ ਇਨਾਂ ਨੂੰ ਯਾਦ ਨਹੀਂ ਕਰਦੇ! ਹੈਰਾਨੀ ਹੁੰਦੀ ਹੈ ਕਿ ਭਾਰਤ ਸਰਕਾਰ ਦੇ ਇਨਾਂ ਕਿਸਾਨ ਮਾਰੂ ਕਾਨੂੰਨਾਂ ਦੇ ਖ਼ਿਲਾਫ਼ ਸਰਕਾਰ ਦੇ ਉੱਚ ਅਧਿਕਾਰੀ ਮੂੰਹ ਵਿਚ ਘੁੰਗਣੀਆਂ ਪਾਈ ਬੈਠੇ ਇਹਨੂੰ ਤਮਾਸ਼ਾ ਸਮਝ ਕੇ ਵੇਖ ਰਹੇ ਹਨ। ਸਾਡਾ ਪੰਜਾਬੀ ਜੁਆਨ ਭਾਰਤ ਦੀਆਂ ਸਰਹੱਦਾਂ ਦੀ ਸਲਾਮਤੀ ਲਈ ਜੂਝ ਰਿਹਾ ਹੈ ਤੇ ਉਨਾਂ ਦੇ ਬਾਪ, ਦਾਦੇ, ਚਾਚੇ, ਤਾਏ, ਮਾਵਾਂ-ਭੈਣਾਂ, ਭਾਗੋਆਂ ਇਨਾਂ ਅੰਦਰੂਨੀ ਕਾਂਵਾਂ ਕੋਲੋਂ ਆਪਣਾ ਟੁੱਕਰ ਬਚਾਉਣ ਲਈ ਇਨਾਂ ਦੇ ਜ਼ਾਲਮ ਪੰਜੇ ਪਛਾੜ ਰਹੀਆਂ ਹਨ। ਆਓ ਸਾਰੇ ਮਿਲ ਕੇ 'ਜੈ ਕਿਸਾਨ' ਦਾ ਸਲੋਗਨ ਬੁਲੰਦ ਕਰ ਕੇ ਮੋਦੀ ਸਰਕਾਰ ਨੂੰ ਇਹ ਕਾਲੇ ਕਾਨੂੰਨ ਵਾਪਸ ਲੈਣ ਲਈ ਮਜਬੂਰ ਕਰੀਏ।

- **ਚਰਨਜੀਤ ਸਿੰਘ ਪੰਨੂ।**

**ਕੁੰਡੀਆਂ ਦੇ ਸਿੰਗ ਫਸ ਗਏ**

ਪੁਰਾਣੇ ਸਮੇਂ ਚ ਕਿਸਾਨੀ/ ਖੇਤੀ ਦੀ ਮਹੱਤਤਾ ਦੇ ਬਾਰੇ ਆਮ ਕਿਹਾ ਜਾਂਦਾ ਸੀ ਕਿ, 'ਉੱਤਮ ਖੇਤੀ, ਮੱਧਮ ਵਪਾਰ, ਨਖਿੱਧ ਚਾਕਰੀ, ਭੀਖ ਦੁਆਰ' ਗੁਰਬਾਣੀ ਵਿਚ ਕਿਸਾਨੀ ਨੂੰ ਨੈਤਿਕ ਮੁੱਲਾਂ ਨਾਲ ਜੋੜ ਕੇ ਇਸ ਦੀ ਮਹੱਤਤਾ ਬਾਰੇ ਫ਼ੁਰਮਾਇਆ ਗਿਆ ਹੈ ਕਿ,

ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ ॥
ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥

ਦੇਸ਼ ਦੇ ਪ੍ਰਧਾਨ ਮੰਤਰੀ ਮਰਹੂਮ ਲਾਲ ਬਹਾਦਰ ਸ਼ਾਸ਼ਤਰੀ ਨੇ ਕਿਸਾਨ ਦੇ ਮਹੱਤਵ ਨੂੰ ਸਮਝਦਿਆਂ 'ਜੈ ਜਵਾਨ, ਜੈ ਕਿਸਾਨ' ਦਾ ਨਾਹਰਾ ਦਿੱਤਾ ਸੀ।

ਕਿਸਾਨ ਨੂੰ ਅੰਨਦਾਤਾ, ਰਿਜ਼ਕ ਦਾਤਾ, ਪਾਲਕ ਆਦਿ ਲਕਬ ਦਿੱਤੇ ਗਏ ਹਨ, ਪਰ ਅੱਜ ਉਸੇ ਕਿਸਾਨ ਨੂੰ ਘਸਿਆਰਾ ਬਣਾਉਣ ਦੀਆਂ ਕੋਸ਼ਿਸ਼ਾਂ ਬਣਾਉਣ ਦੀਆ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ, ਕਿਸਾਨ ਕੋਲੋਂ ਉਸ ਦੇ ਹੱਕ ਖੋਹੇ ਜਾ ਰਹੇ ਹਨ, ਉਸ ਨੂੰ ਜ਼ਮੀਨ ਵਿਹੂਣਾ ਕਰਨ ਦੀਆ ਕੋਝੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਤੇ ਕੀਤੀਆਂ ਵੀ ਉਨਾਂ ਲੋਕਾਂ ਵੱਲੋਂ ਜਿਹਨਾਂ ਨੂੰ ਕਿਰਤੀਆਂ ਤੇ ਕਿਸਾਨਾਂ ਨੇ ਰਲ ਕੇ ਤੇ ਵੱਡਾ ਭਰੋਸਾ ਕਰਕੇ ਆਪਣੇ ਹੱਕਾਂ ਹਿਤਾਂ ਦੀ ਰਾਖੀ ਕਰਨ ਵਾਸਤੇ ਚੁਣਿਆ। ਅੱਜ ਓਹੀ ਚੁਣੇ ਹੋਏ ਲੋਕ ਦੇਸ਼ ਦੇ ਕਿਰਤੀਆਂ ਤੇ ਕਿਸਾਨਾਂ ਦੀਆ ਭਾਵਨਾਵਾਂ ਨਾਲ ਚਿੱਟੇ ਦਿਨ ਖਿਲਵਾੜ ਕਰ ਰਹੇ ਹਨ, ਉਹਨਾਂ ਦੇ ਹਿਤਾਂ ਦਾ ਹਾਣ ਕਰ ਰਹੇ ਹਨ। ਜੇਕਰ ਉਹ ਆਪਣੇ ਹਿਤਾਂ ਵਿਰੁੱਧ ਅਵਾਜ ਬੁਲੰਦ ਕਰਦੇ ਹਨ ਤਾਂ ਉਹਨਾਂ ਦੀ ਅਵਾਜ ਬੰਦ ਕਰਨ ਵਾਸਤੇ ਲਾਠੀਆਂ, ਗੋਲ਼ੀਆਂ ਵਰਾਉਣ ਦੇ ਨਾਲ ਹੰਝੂ ਗੈਸ ਦੇ ਗੋਲੇ ਸੁੱਟਦੇ ਹਨ ਅਤੇ ਠੰਢੇ ਪਾਣੀ ਦੀਆਂ ਬੁਛਾੜਾਂ ਮਾਰਦੇ ਹਨ।

ਇਸ ਵੇਲੇ ਕਿਸਾਨ ਗ਼ੁੱਸੇ ਤੇ ਰੋਹ ਵਿਚ ਹਨ। ਲਗਭਗ ਢਾਈ ਕੁ ਮਹੀਨੇ ਤੋਂ ਚੱਲ ਰਹੇ ਉਨਾਂ ਦੇ ਸੰਘਰਸ਼ ਅਤੇ ਸਰਕਾਰ ਨਾਲ ਹੋਈਆਂ ਪੰਜ ਮੀਟਿੰਗਾਂ ਨੇ ਉਨਾਂ ਨੂੰ ਇਹ ਦੱਸ ਵੀ ਦਿੱਤਾ ਹੈ ਤੇ ਚੰਗੀ ਤਰਾਂ ਸਮਝਾ ਵੀ ਦਿੱਤਾ ਹੈ ਕਿ ਹੱਥਾਂ ਬਾਝ ਕਰਾਰਿਆਂ ਕਦੇ ਵੈਰੀ ਮਿੱਤ ਨਾ ਹੋਏ। ਇਹ ਵੀ ਸਮਝਾ ਦਿੱਤਾ ਹੈ ਕਿ ਹੱਕ ਕਦੇ ਵੀ ਕੋਈ ਥਾਲੀ ਵਿਚ ਪਰੋਸ ਕੇ ਨਹੀਂ ਦਿੰਦਾ ਸਗੋਂ ਇਹ ਤਾਂ ਖੋਹ ਕੇ ਲੈਣੇ ਪੈਂਦੇ ਹਨ।

ਕਿਸਾਨ ਦਾ ਸਬਰ ਵਾਰ ਵਾਰ ਪਰਖਿਆ ਜਾ ਰਿਹਾ, ਕਈ ਕਈ ਘੰਟੇ ਲੰਮੀਆਂ ਮੀਟਿੰਗਾਂ ਕਰਕੇ ਭਾਰਤ ਸਰਕਾਰ ਕਿਸਾਨ ਨੁਮਾਇੰਦਿਆਂ ਨੂੰ ਵਾਰ ਵਾਰ ਜ਼ਲੀਲ ਕਰ ਰਹੀ ਹੈ, ਪਰ ਕਿਸਾਨ ਫਿਰ ਵੀ ਸ਼ਾਂਤ ਹਨ। ਗੁਰੂਆਂ ਤੇ ਮਹਾਂਪੁਰਖਾਂ ਦੇ ਦਰਸਾਏ ਅਮਨ ਤੇ ਸ਼ਾਂਤੀ ਦੇ ਰਸਤੇ 'ਤੇ ਚੱਲ ਰਹੇ ਹਨ। ਜਬਰ ਦਾ ਮੁਕਾਬਲਾ ਸਬਰ ਨਾਲ ਕਰ ਰਹੇ ਹਨ। ਭਾਈ ਕਨਈਆ ਜੀ ਵਾਂਗ ਆਪਣਿਆਂ ਤੇ ਦੁਸ਼ਮਣਾਂ ਵਿਚਕਾਰ ਕੋਈ ਭਿੰਨ ਭੇਦ ਨਾ ਕਰਕੇ ਸਭਨਾਂ ਲਈ ਸਾਂਝਾ ਲੰਗਰ ਚਲਾ ਰਹੇ ਹਨ, ਜਿਸ ਵਿੱਚ ਲਾਠੀਆਂ ਵਰਾਉਣ ਵਾਲੇ, ਲਾਠੀਆਂ ਸਹਿਣ ਵਾਲੇ ਇਕੱਠੇ ਬੈਠ ਕੇ ਲੰਗਰ ਛਕ ਰਹੇ ਹਨ। ਕਿਸਾਨੀ ਵਰਗੇ ਪਵਿੱਤਰ ਪੇਸ਼ੇ ਦਾ ਨਿੱਜੀਕਰਨ ਤੇ ਵਪਾਰੀਕਰਨ ਕਰਕੇ ਸੱਤਾਧਾਰੀ ਭਾਰਤ ਸਰਕਾਰ ਜਿੱਥੇ ਕਿਸਾਨੀ ਦੀ ਰੀੜ ਦੀ ਹੱਡੀ ਤੋੜ ਕੇ ਪੂੰਜੀਪਤੀਆਂ ਅਤੇ ਸਰਮਾਏਦਾਰਾਂ ਨਾਲ ਵੋਟਾਂ ਤੋਂ ਪਹਿਲਾਂ ਫੰਡ ਲੈਣ ਵੇਲੇ ਕੀਤਾ ਗਿਆ ਵਾਅਦਾ ਨਿਭਾਉਣ ਵਾਸਤੇ ਤਤਪਰ ਤੇ ਬਜ਼ਿਦ ਹੈ ਉੱਥੇ ਇਸ ਵਾਰ ਕਿਰਤੀ ਕਿਸਾਨ ਭਾਈਚਾਰਾ ਵੀ ਇਸ ਵਾਰ ਪੂਰੀ ਤਰਾਂ ਇਕਜੁੱਟ ਹੋ ਕੇ ਆਰ ਪਾਰ ਦੀ ਫੈਸਲਾਕੁੰਨ ਲੜਾਈ ਦੇ ਰੌਅ ਵਿੱਚ ਹੈ। ਹੁਣ ਸਰਕਾਰ ਤੇ ਕਿਰਤੀ ਕਿਸਾਨਾਂ ਵਿਹਚਕਾਰ ਕਸੂਤਾ ਪੇਚਾ ਪੈ ਵੀ ਚੁੱਕਾ ਹੈ, ਪੇਚਾ ਫਸ ਵੀ ਗਿਆ ਹੈ ਤੇ ਕੁੰਡੀਆਂ ਦੇ ਸਿੰਗ ਫਸਣ ਵਾਲਾ ਸੀਨ ਪ੍ਰਤੱਖ ਨਜ਼ਰ ਆ ਰਿਹਾ ਹੈ। ਇਕ ਪਾਸੇ ਭਾਰਤ ਦੀ ਭਗਵਾਂ ਸਰਕਾਰ ਤੇ ਉਸ ਦਾ ਪਿੱਠੂ ਮੀਡੀਆ ਹੈ ਤੇ ਦੂਸਰੇ ਪਾਸੇ ਭਾਰਤ ਸਮੇਤ ਪੂਰੀ ਦੁਨੀਆਂ ਦਾ ਕਿਰਤੀ ਕਿਸਾਨ ਭਾਈਚਾਰਾ ਹੈ। ਕਿਰਤੀ ਕਿਸਾਨ ਅੰਦੋਲਨ ਦਾ ਪੈ ਰਹੇ ਰਾਸ਼ਟਰੀ ਤੇ ਅੰਤਰਰਾਸ਼ਟਰੀ ਭਾਰੀ ਦਬਾਅ ਕਾਰਨ ਭਾਰਤੀ ਸੱਤਾ 'ਤੇ ਕਾਬਜ਼ ਭਗਵੇਂ ਰਾਜ ਦਾ ਸੁਪਨਾ ਦੇਖਣ ਵਾਲੇ ਹਾਕਮਾਂ ਦੀ ਹਾਲਤ ਇਸ ਵੇਲੇ ਸੱਪ ਦੇ ਮੂੰਹ 'ਚ ਫਸੀ ਕੋਹੜ ਕਿਰਲੀ ਵਾਲੀ ਬਣੀ ਹੋਈ ਹੈ। ਜੇਕਰ ਸਰਕਾਰ ਖੇਤੀ ਕਾਨੂੰਨ ਵਾਪਸ ਲੈਂਦੀ ਹੈ ਤਦ ਵੀ ਤੇ ਜੇਕਰ ਨਹੀਂ ਵਾਪਸ ਲੈਂਦੀ ਤਦ ਵੀ ਸਰਕਾਰ ਦੀ ਹੀ ਕਿਰਕਰੀ ਹੁੰਦੀ ਹੈ। ਜੇਕਰ ਸਰਕਾਰ ਕੋਈ ਫੈਸਲਾ ਲੈਣ ਵਿਚ ਦੇਰੀ ਕਰਦੀ ਹੈ ਤਾਂ ਇਸ ਦੇਰੀ ਦਾ ਨੁਕਸਾਨ ਵੀ ਭਾਰਤ ਸਰਕਾਰ ਨੂੰ ਹੀ ਹੈ। ਅਗਲੀ ਗੱਲ ਇਹ ਹੈ ਕਿ ਜੇਕਰ ਕਿਰਤੀ ਕਿਸਾਨ ਅੰਦੋਲਨ 26 ਜਨਵਰੀ ਤੱਕ ਲਟਕਦਾ ਹੈ ਤਾਂ ਇਹ ਕਿਰਤੀ ਕਿਸਾਨ ਅੰਦੋਲਨ ਦੇ ਹਿਤ ਵਿਚ ਹੋਵੇਗਾ ਤੇ ਭਾਰਤ ਸਰਕਾਰ ਦੀ ਪੂਰੀ ਤਰਾਂ ਮਿੱਟੀ ਪੁਲੀਤ ਕਰਕੇ ਇਸ ਦੀਆ ਜੜਾਂ ਵਿਚ ਤੇਲ ਦਾ ਕੰਮ ਕਰੇਗਾ ਜਿਸ ਦੇ ਨਤੀਜੇ ਵਜੋਂ ਦੇਸ਼ ਦੇ ਕਈ ਰਾਜਾਂ ਵਿਚਲੀਆਂ ਭਾਜਪਾ ਸਰਕਾਰਾਂ ਵੀ ਟੁੱਟ ਸਕਦੀਆਂ ਹਨ, ਭਾਰਤ ਸਰਕਾਰ ਖ਼ੁੱਦ ਵੀ ਅਲੱਗ ਥਲੱਗ ਪੈ ਸਕਦੀ ਹੈ, ਆਪੋਜੀਸ਼ਨ ਪਾਰਟੀਆਂ ਦੇ ਏਕੇ ਦਾ ਕੋਈ ਨਵਾਂ ਰੂਪ ਸਾਹਮਣੇ ਆ ਸਕਦਾ ਹੈ ਜੋ ਸੱਤਾਧਾਰੀ ਪਾਰਟੀ ਵਾਸਤੇ ਭਵਿੱਖ ਵਿਚ ਬਹੁਤ ਵੱਡੀਆਂ ਮੁਸੀਬਤਾਂ ਖੜੀਆਂ ਕਰ ਸਕਦਾ ਹੈ।

ਕਿਸਾਨ ਸੰਘਰਸ਼ ਨੂੰ ਲੈ ਕੇ ਦੇਸ਼ ਦੀਆ ਸਮੂਹ ਜਥੇਬੰਦੀਆਂ ਇਕ ਪਲੇਟ ਫ਼ਾਰਮ 'ਤੇ ਇਕੱਠੀਆਂ ਹੋ ਰਹੀਆ ਹਨ ਜਿਨਾਂ 'ਚ ਵਕੀਲ, ਅਧਿਆਪਕ, ਖਿਡਾਰੀ, ਕਰਮਾਚਾਰੀ, ਟਰਾਂਸਪੋਰਟਰ, ਟੈਕਸੀ ਤੇ ਆਟੋ ਰਿਕਸ਼ਾ ਯੂਨੀਅਨ ਆਦਿ ਸ਼ਾਮਿਲ ਹਨ, ਜਿਸ ਕਰਕੇ ਅੱਠ ਦਸੰਬਰ ਨੂੰ ਕਿਰਤੀ ਕਿਸਾਨ ਅੰਦੋਲਨ ਦੇ ਹੱਕ ਵਿਚ ਦੇਸ਼ ਪੂਰੀ ਤਰਾਂ ਬੰਦ ਰਿਹਾ। ਖਿਡਾਰੀ ਰੋਸ ਵਜੋਂ ਆਪਣੇ ਸਨਮਾਨ ਵਾਪਿਸ ਕਰ ਰਹੇ ਹਨ।

ਇਸ ਕਰਕੇ ਹਾਲਾਤ ਬੜੇ ਨਾਜੁਕ ਬਣਦੇ ਜਾ ਰਹੇ ਹਨ। ਭਾਰਤ ਸਰਕਾਰ ਜਿੰਨੀ ਜਲਦੀ ਖੇਤੀ ਬਿੱਲਾਂ ਨੂੰ ਰੱਦ ਕਰੇ, ਉਨਾ ਹੀ ਸਰਕਾਰ ਵਾਸਤੇ ਚੰਗਾ ਹੈ। ਬਾਕੀ ਰਹੀ ਗੱਲ ਦਿੱਲੀ ਚ ਵਿਰੋਧ ਪਰਦਰਸ਼ਨ ਕਰ ਰਹੇ ਕਿਰਤੀ ਤੇ ਕਿਸਾਨਾਂ ਦੀ, ਉਹਨਾ ਨੂੰ ਏਹੀ ਕਹਿਣ ਹੈ ਕਿ ਇਹ ਉਹਨਾਂ ਦੇ ਸਬਰ ਦੀ ਪਰਖ ਦੀ ਘੜੀ ਹੈ ਜਿਸ ਕਰਕੇ ਆਪਣਾ ਸਬਰ ਬਣਾਈ ਰੱਖਣ। ਜੋਸ਼ ਦੀ ਵਰਤੋ ਹੋਸ਼ ਨਾਲ ਕਰਨ। ਨੌਜਵਾਨ, ਹੁੜਮੱਤ ਨਾ ਕਰਨ ਸਗੋਂ ਕਿਸਾਨ ਆਗੂਆਂ ਤੋਂ ਅਗਵਾਈ ਲੈਣ। ਸੰਘਰਸ਼ ਦਾ ਇਹ ਬੜਾ ਨਾਜੁਕ ਮੌਕਾ ਹੈ, ਸਰਕਾਰ ਕਿਸਾਨ ਸੰਘਰਸ਼ ਨੂੰ ਅਸਫਲ ਬਣਾਉਣ ਲਈ ਕੋਈ ਵੀ ਹੱਥਕੰਡਾ ਵਰਤ ਸਕਦੀ ਹੈ ਜਿਸ ਤੋਂ ਬੇਹੱਦ ਚੌਕੰਨੇ ਰਹਿਣ ਦੀ ਲੋੜ ਹੈ।

ਖੇਤੀ ਬਿੱਲਾਂ ਨੂੰ ਲੈ ਕੇ ਵਿੱਢਿਆ ਇਹ ਸੰਘਰਸ਼ ਵਿਰੋਧ ਪਰਦਰਸ਼ਨ ਵਜੋਂ ਦੁਨੀਆ ਚ ਇਕ ਨਵਾਂ ਇਤਿਹਾਸ ਸਿਰਜ ਗਿਆ ਹੈ। ਇਹ ਦੁਨੀਆ ਦਾ ਅੱਜ ਤੱਕ ਦਾ ਸਭ ਤੋਂ ਲੰਮਾ, ਸ਼ਾਂਤਮਈ ਤੇ ਪੁਰਨਿਯੋਜਿਤ ਸੰਘਰਸ਼ ਹੋ ਨਿਬੜਿਆ ਹੈ ਜਿਸ ਵਿੱਚ ਬੱਚੇ, ਜਵਾਨ, ਬਜ਼ੁਰਗ, ਮੁਟਿਆਰਾਂ ਤੇ ਬੀਬੀਆਂ ਪੂਰੇ ਉਤਸ਼ਾਹ ਨਾਲ ਸ਼ਾਮਿਲ ਹਨ। ਗਾਇਕ, ਖਿਡਾਰੀ, ਸਮਾਜ ਸੇਵਕ ਤੇ ਕਰਮਚਾਰੀ ਵਰਗ ਸ਼ਾਮਿਲ ਹਨ ਤੇ ਪੂਰੀ ਤਰਾਂ ਇਕ ਗ਼ੈਰ ਸਿਆਸੀ ਅੰਦੋਲਨ ਹੈ।

ਕਿਸਾਨ ਵਿਰੋਧੀ ਤਾਕਤਾਂ ਨੂੰ ਮੂੰਹ ਦੀ ਖਾਣੀ ਪਏਗੀ ਤੇ ਕਿਸਾਨ ਦੀ ਜਿੱਤ ਜ਼ਰੂਰ ਹੋਵੇਗੀ ਤੇ ਹੋ ਕੇ ਹੀ ਰਹੇਗੀ।

- **ਸ਼ਿੰਗਾਰਾ ਸਿੰਘ ਢਿੱਲੋਂ** (ਪ੍ਰੋ:)

**ਵਿੱਕਣ ਦੀ ਕਗਾਰ 'ਤੇ ਖੜਾ ਪੰਜਾਬ**

ਅੱਜ ਪੰਜਾਬ ਦੇ ਹਰ ਪਿੰਡ ਦੀ ਸੈਂਕੜੇ ਏਕੜ ਜ਼ਮੀਨ ਵਿਕਾਊ ਹੈ

'ਇਸ ਦੇ ਕੀ ਕਾਰਨ ਹਨ ਜਾਨਣ ਦੀ ਕੋਸ਼ਿਸ਼ ਕਰੋ ਅੱਖਾਂ ਖੁੱਲੀਆਂ ਰਹਿ ਜਾਣਗੀਆਂ ?

ਵੱਡੇ ਕਾਰਪੋਰੇਟ ਘਰਾਣਿਆਂ ਨੂੰ ਪਤਾ ਹੈ,'ਭਵਿੱਖ ਵਿੱਚ ਭਾਰਤ ਤੇ ਅਰਬ ਦੇਸ਼ਾਂ ਨੂੰ ਪੀਣ ਵਾਲੇ ਪਾਣੀ ਤੇ ਖਾਧ ਪਦਾਰਥਾਂ ਦੀ ਵੱਡੀ ਘਾਟ ਨੂੰ ਪੂਰਾ ਕਰਨ ਲਈ ਉਪਜਾਊ ਧਰਤੀ ਦੀ ਲੋੜ ਪਵੇਗੀ। ਉਸ ਦੀ ਪੂਰਤੀ ਲਈ ਪੰਜਾਬ ਦੀ ਧਰਤੀ ਏਸ਼ੀਆ ਦੇ ਇਸ ਖਿੱਤੇ ਵਿੱਚ ਸਭ ਤੋਂ ਵਧੀਆ ਹੈ। ਜਿਸ ਤਰਾਂ ਕਿਸੇ ਸਮੇਂ ਆਰੀਆ ਲੋਕਾਂ ਨੇ ਆਪਣੇ ਬਲਬੂਤੇ 'ਤੇ ਆ ਕੇ ਦਰਾਵੜਾਂ ਨੂੰ ਇਥੋਂ ਕੱਢ ਕੇ ਕਬਜ਼ਾ ਜਮਾਇਆ ਸੀ,' ਉਸ ਤਰਾਂ ਇਥੇ ਨੀਤੀ ਵਰਤੀ ਜਾ ਰਹੀ ਹੈ।

ਖੇਤੀ ਦੀ ਜ਼ਮੀਨ ਦੇ ਮਾਲਕ ਜੱਟ ਸਿੱਖ ਤੇ ਵਪਾਰੀ ਹਿੰਦੂ ਨੂੰ ਧਰਮ ਦੇ ਨਾਂ 'ਤੇ ਲੜਾਉ, ਜਾਤ ਪਾਤ ਦੇ ਆਧਾਰ ਤੇ ਦਲਿਤ ਤੇ ਜੱਟ ਨੂੰ ਲੜਾਉ, ਦਲਿਤ ਨੂੰ ਪੰਜਾਬ ਵਿੱਚ ਡੇਰੇ ਖੋਲ ਕੇ ਉਸ ਨਾਲ ਜੋੜੋ!!

ਪੰਜਾਬ ਵਿੱਚ ਨਸ਼ਿਆਂ ਦਾ ਜਾਲ ਵਿਛਾ ਦਿਓ ਤਾਂ ਕਿ ਇਹ ਆਪਣੇ ਬੱਚਿਆਂ ਨੂੰ ਬਚਾਉਣ ਲਈ ਪੰਜਾਬ ਛੱਡਣ ਲਈ ਮਜਬੂਰ ਹੋ ਜਾਣ' ਉਜਾੜਨ ਲਈ ਸੱਭ ਤੋਂ ਵੱਡਾ ਕੰਮ ਹੋਇਆ

ਜੋ ਦਿਸ ਨਹੀਂ ਰਿਹਾ ?

ਪੰਜਾਬੀਆਂ ਵਿੱਚ ਕਮਜ਼ੋਰੀ ਹੈ ਜਦੋਂ ਇਨਾਂ ਕੋਲ ਪੈਸਾ ਆ ਜਾਵੇ ਚਾਹੇ ਕਰਜ਼ਾ ਹੀ ਹੋਵੇ ਇਹ ਵੱਡੀਆਂ ਕੋਠੀਆਂ, ਕਾਰਾਂ, ਖਰਚੀਲੇ ਵਿਆਹਾਂ ਵਿੱਚ ਉਡਾ ਦਿੰਦੇ ਹਨ। ਉਸ ਲਈ, 'ਪੰਜਾਬ ਵਿੱਚ 2000 ਈਸਵੀ ਦੇ ਨੇੜੇ ਤੇੜੇ ਪ੍ਰਾਈਵੇਟ ਬੈਂਕਾਂ ਦਾ ਜਾਲ ਵਿਛਾਇਆ ਗਿਆ ਉਸ ਵੇਲੇ ਕਿਸਾਨਾਂ ਨੂੰ ਸਰਕਾਰੀ ਬੈਂਕਾਂ ਜਿਹੜੀਆਂ ਕਿਸਾਨਾਂ ਨੂੰ 10000 ਏਕੜ ਦੇ ਹਿਸਾਬ ਨਾਲ ਹੀ ਕਰਜਾ ਦਿੰਦੀਆਂ ਸੀ ਉਸਦੇ ਮੁਕਾਬਲੇ ਤਿੰਨ ਲੱਖ ਰੁਪਏ ਏਕੜ ਤੋਂ ਸ਼ੁਰੂ ਹੋ ਕੀਮਤ ਦੇ ਹਿਸਾਬ ਕਰਜ ਦੇਣ ਲੱਗੀਆਂ।

ਪਰ 2004 ਤੋਂ 2013-14 ਤੱਕ ਜ਼ਮੀਨ ਦੀ ਕੀਮਤ ਵਿੱਚ ਆਈ ਜ਼ਬਰਦਸਤ ਤੇਜ਼ੀ ਨੇ ਬੈਂਕਾਂ ਦੀਆਂ ਲਿਮਟਾਂ ਨੂੰ ਹੋਰ ਵੱਡਾ ਕਰ ਦਿੱਤਾ ਜੋ ਪੰਜਾਹ ਲੱਖ ਤੋਂ ਕਰੋੜ ਤੱਕ ਵੀ ਪਹੁੰਚ ਗਈਆਂ।

ਹੁਣ ਪੰਜਾਬ ਦੀ ਸਥਿਤੀ ਇਹ ਹੈ, 'ਕੀਮਤਾਂ ਅੱਧ ਤੋਂ ਵੀ ਹੇਠਾਂ ਆ ਗਈਆਂ ਜਿੰਨੀ ਜ਼ਮੀਨ ਦੀ ਕੀਮਤ ਹੈ ਉਨਾਂ ਹੀ ਬੈਂਕ ਦਾ ਕਰਜ਼ਾ ਹੈ। ਉਧਰ ਪੰਜਾਬ ਦਾ ਹਰ ਬੱਚਾ ਜ਼ਮੀਨ ਜਾਂ ਘਰ-ਬਾਰ ਵੇਚ ਕੇ ਬਾਹਰ ਭੱਜਣਾ ਚਾਹੁੰਦਾ ਅਤੇ ਵੇਚਕੇ ਆ ਵੀ ਰਿਹਾ। ਉਧਰ ਪੰਜਾਬ ਤੋਂ ਬਾਹਰ ਬੈਠਾ ਹਰ ਪਰਵਾਸੀ ਜ਼ਮੀਨ ਨੂੰ ਵੇਚਣ ਲਈ ਉਤਾਵਲਾ ਚਾਹੇ ਉਸ ਨੂੰ ਵੇਚਣ ਦੀ ਜ਼ਰੂਰਤ ਵੀ ਨਾਂ ਹੋਵੇ।

**ਹੁਣ ਕੀ ਹੋਵੇਗਾ ?**

ਵੱਡੀਆਂ ਪ੍ਰਾਈਵੇਟ ਕੰਪਨੀਆਂ ਅਡਾਨੀ, ਅੰਬਾਨੀ, ਅਰਬ ਦੇਸ਼ਾਂ ਨਾਲ ਸਬੰਧਤ ਕੰਪਨੀਆਂ ਪੰਜਾਬ ਆਉਣਗੀਆਂ ਜਿਨਾਂ ਨੇ ਪੈਰ 2000 ਈਸਵੀ ਤੋਂ ਹੀ ਲਗਾਉਣ ਦੀ ਸ਼ੁਰੂਆਤ ਕੀਤੀ ਹੋਈ ਹੈ। ਉਹ ਜ਼ਮੀਨ ਦਾ ਰੇਟ ਅੱਜ ਦੇ ਰੇਟਾਂ ਤੋਂ ਵੱਧ ਦੇ ਕੇ ਪੰਜਾਬ ਦੀ ਲੱਖਾਂ ਏਕੜ ਜਮੀਨ ਖਰੀਦਣਗੀਆਂ, ਆਪਾਂ ਖੁਸ਼ ਹੋਵਾਂਗੇ ਕੋਈ ਕਰਜ਼ਾ ਲਾਹੇਗਾ, ਕੋਈ ਆਪਣੇ ਬੱਚੇ ਬਾਹਰ ਕੱਢੇਗਾ, ਕੋਈ ਜ਼ਮੀਨ ਵੇਚ ਕੇ ਪੈਸੇ ਬਾਹਰ ਕੱਢ ਕੇ ਸੁਰਖ਼ਰੂ ਹੋਇਆ ਮਹਿਸੂਸ ਕਰੇਗਾ।

**2047 ਤੱਕ ਨਤੀਜਾ ਕੀ ਹੋਵੇਗਾ ?**

ਜੇ ਹੁਣ ਤੋਂ ਹੀ ਨਾਂ ਸੰਭਲੇ ਜਦੋਂ ਭਾਰਤ 100 ਸਾਲਾ ਅਜ਼ਾਦੀ ਦਿਵਸ ਮਨਾਵੇਗਾ ਤਾਂ 'ਸਿੱਖ ਪੰਜਾਬ ਵਿੱਚ ਹੀ ਘੱਟ ਗਿਣਤੀ ਹੋ ਕੇ ਠੱਗਿਆ ਹੋਇਆ ਮਹਿਸੂਸ ਕਰਨਗੇ' ਅਤੇ ਪੰਜਾਬ ਦੀਆਂ ਬਹੁਤੀਆਂ ਜ਼ਮੀਨਾਂ ਤੋਂ ਵਿਹਲੇ ਹੋਣਗੇ।

ਜਦੋਂ ਤੱਕ ਪੰਜਾਬ ਦੇ ਸਾਫ ਦਰਿਆਵਾਂ ਦਾ ਪਾਣੀ ਵੱਡੀਆਂ ਕੰਪਨੀਆਂ ਅਰਬ ਦੇਸ਼ਾਂ ਜਾਂ ਭਾਰਤ ਵਿੱਚ ਹੀ ਪੀਣ ਲਈ ਵੇਚ ਰਹੀਆਂ ਹੋਣਗੀਆਂ ਖੇਤੀ ਲਈ ਮੀਂਹ ਦਾ ਪਾਣੀ ਇਕੱਠਾ ਕਰਕੇ ਵਰਤਿਆ ਜਾਵੇਗਾ। ਪੰਜਾਬ ਦੀ ਸਾਰੀ ਜ਼ਮੀਨ ਸਬਜ਼ੀਆਂ ਤੇ ਫਲਾਂ ਫੁੱਲਾਂ ਦੇ ਅਧੀਨ ਹੋਵੇਗੀ ਪਰ ਕੰਪਨੀਆਂ ਦੇ ਮਾਲਕ ਅਡਾਨੀ ਅੰਬਾਨੀ ਵਗੈਰਾ ਹੋਣਗੇ। ਜਦੋਂ ਤੱਕ ਤੇਲ ਦੀ ਲੋੜ ਨਹੀਂ ਹੋਵੇਗੀ ਪੰਜਾਬ ਵਿੱਚ ਹੀ ਧੁੱਪ ਦੀ ਬਹੁਤਾਤ ਕਾਰਨ ਬਿਜਲੀ ਦੀ ਜ਼ਰੂਰਤ ਸੋਲਰ ਊਰਜ਼ਾ ਹੋਵੇਗੀ ਤੇ ਬਿਜਲੀ ਕਾਰਾਂ ਮੋਟਰਾਂ ਤੇ ਵੀ ਪੰਜਾਬ ਆਤਮਨਿਰਭਰ ਹੋਵੇਗਾ। ਪੰਜਾਬ ਵਿੱਚ ਸਭ ਸਹੂਲਤਾਂ ਵਿਕਸਤ ਦੇਸ਼ਾਂ ਤੋਂ ਵੱਧ ਹੋਣਗੀਆਂ। ਉਸ ਵੇਲੇ ਤੱਕ ਚਾਹੇ ਤੁਸੀਂ ਪੰਜਾਬ ਤੋਂ ਬਾਹਰ ਬਹੁਤ ਅਮੀਰ ਹੋਵੋਂਗੇ ਪਰ ਸ਼ਾਇਦ ਉਸ ਵੇਲੇ ਦੇ ਅਮੀਰ ਪੰਜਾਬ ਵਿੱਚ ਪੰਜ ਕਿਲੇ ਲੈਣ ਦੇ ਵੀ ਤੁਸੀਂ ਸਮਰੱਥ ਨਾਂ ਹੋਵੋ।

**ਪੰਜਾਬੀਆਂ ਨੂੰ ਜ਼ਰੂਰਤ**

ਇਸ ਸਭ ਤੋਂ ਬਚਣ ਲਈ ਸਾਨੂੰ ਸਭ ਤੋਂ ਵੱਡੀ ਜ਼ਰੂਰਤ ਤੇ ਜ਼ਿੰਮੇਵਾਰੀ ਹੈ ਕਿ ਪੰਜਾਬ ਦੀ ਕਿਸਾਨੀ ਦੀ ਬਾਂਹ ਫੜੀਏ। ਜਿਸ ਲਈ ਪੰਜਾਬ ਨਾਲ ਸਬੰਧਤ ਸਿੱਖ ਜਥੇਬੰਦੀਆਂ, ਪਾਰਟੀਆਂ, ਸ਼੍ਰੋਮਣੀ ਕਮੇਟੀ, ਸਭ ਰੱਲ ਕੇ ਕੰਮ ਕਰਨ। ਉਸ ਲਈ ਪੰਜਾਬ ਵਿੱਚ ਬਾਹਰ ਬੈਠੇ ਧਨਾਢ ਪੰਜਾਬੀਆਂ ਨੂੰ ਪੰਜਾਬ ਵਿੱਚ ਇਨਵੈਸਟਮੈਂਟ ਕਰਨ ਲਈ ਪ੍ਰੇਰਿਤ ਕਰੀਏ।

**- ਭਗਵੰਤ ਸਿੰਘ ਤੂਰ ਕਨੇਡਾ**

## ਕਿਸਾਨ ਅੰਦੋਲਨ ਨੂੰ ਵਧ ਰਹੇ ਸਮਰਥਨ ਤੋਂ ਸਰਕਾਰ ਹੋਈ ਪ੍ਰੇਸ਼ਾਨ

ਖੇਤੀ ਕਾਨੂੰਨ ਵਾਪਸ ਲੈਣ ਦੀ ਮੰਗ ਸਬੰਧੀ ਦਿੱਲੀ ਜਾ ਰਹੇ ਕਿਸਾਨਾਂ 'ਤੇ ਹਰਿਆਣਾ ਪੁਲਿਸ ਵਲੋਂ ਪਾਣੀ ਦੀਆਂ ਬੁਛਾੜਾਂ ਮਾਰਨ ਅਤੇ ਅੱਥਰੂ ਗੈਸ ਦੇ ਗੋਲੇ ਛੱਡਣ ਨਾਲ ਹਰਿਆਣਾ ਸਰਕਾਰ, ਪੁਲਿਸ, ਪ੍ਰਸ਼ਾਸਨ ਅਤੇ ਸਰਕਾਰ ਦੇ ਅਕਸ ਨੂੰ ਡੂੰਘੀ ਸੱਟ ਵੱਜੀ ਹੈ। ਕਿਸਾਨਾਂ ਦੀਆਂ ਮੰਗਾਂ ਦਾ ਹਰਿਆਣਾ ਸਰਕਾਰ ਨਾਲ ਕੋਈ ਲੈਣਾ-ਦੇਣਾ ਨਹੀਂ ਸੀ ਸਗੋਂ ਉਹ ਕੇਂਦਰ ਸਰਕਾਰ ਵਿਰੁੱਧ ਰੋਸ ਪ੍ਰਗਟ ਕਰਨ ਲਈ ਦਿੱਲੀ ਜਾ ਰਹੇ ਸਨ। ਪਰ ਪੰਜਾਬ-ਹਰਿਆਣਾ ਸਰਹੱਦ ਅਤੇ ਜੀ.ਟੀ. ਰੋਡ 'ਤੇ ਜਗਾ-ਜਗਾ ਪੁਲਿਸ ਵਲੋਂ ਰੋਕਾਂ ਲਗਾ ਕੇ ਕਿਸਾਨਾਂ ਨੂੰ ਰੋਕਣ ਅਤੇ ਫਿਰ ਸਿਆਲ ਦੇ ਮੌਸਮ ਵਿਚ ਉਨਾਂ 'ਤੇ ਠੰਢੇ ਪਾਣੀ ਦੀਆਂ ਬੁਛਾੜਾਂ ਪਾਉਣ ਅਤੇ ਅੱਥਰੂ ਗੈਸ ਛੱਡਣ ਨਾਲ ਇਹ ਮੁੱਦਾ ਨਾ ਸਿਰਫ ਰਾਸ਼ਟਰੀ ਸਗੋਂ ਅੰਤਰਰਾਸ਼ਟਰੀ ਪੱਧਰ 'ਤੇ ਵੀ ਚਰਚਾ ਵਿਚ ਆ ਗਿਆ ਅਤੇ ਪੁਲਿਸ ਤੇ ਸਰਕਾਰ ਦੇ ਇਸ ਕਦਮ ਦੀ ਕਾਫੀ ਆਲੋਚਨਾ ਹੋਈ। ਪੁਲਿਸ ਵਲੋਂ ਜੇ.ਸੀ.ਬੀ. ਮਸ਼ੀਨਾਂ ਨਾਲ ਸੜਕਾਂ ਪੁੱਟਣ ਦੇ ਬਾਵਜੂਦ ਵੀ ਕਿਸਾਨ ਨਹੀਂ ਰੁਕੇ ਅਤੇ ਦਿੱਲੀ ਸਰਹੱਦ 'ਤੇ ਪੁੱਜ ਗਏ। ਸਵਾਲ ਉੱਠਦਾ ਹੈ ਕਿ ਦਿੱਲੀ ਜਾ ਰਹੇ ਕਿਸਾਨਾਂ ਨਾਲ ਹਰਿਆਣਾ ਸਰਕਾਰ ਨੂੰ ਉਲਝਣ ਦੀ ਆਖਰ ਕੀ ਲੋੜ ਸੀ। ਜੇਕਰ ਹਰਿਆਣਾ ਪੁਲਿਸ ਨੇ ਅੱਥਰੂ ਗੈਸ ਦੇ ਗੋਲੇ ਅਤੇ ਪਾਣੀ ਦੀਆਂ ਬੁਛਾੜਾਂ ਨਾ ਮਾਰੀਆਂ ਹੁੰਦੀਆਂ ਤਾਂ ਸ਼ਾਇਦ ਇਹ ਮੁੱਦਾ ਏਨਾ ਸੁਰਖੀਆਂ ਵਿਚ ਨਾ ਆਉਂਦਾ।

**ਦਿੱਲੀ ਨਾਲੋਂ ਕੱਟਿਆ ਗਿਆ ਹਰਿਆਣਾ**

ਸਿੰਘੂ ਸਰਹੱਦ 'ਤੇ ਧਰਨਾ ਦੇ ਰਹੇ ਕਿਸਾਨਾਂ ਕਾਰਨ ਰਾਸ਼ਟਰੀ ਰਾਜਮਾਰਗ 44, ਜੋ ਪਹਿਲਾਂ ਰਾਸ਼ਟਰੀ ਰਾਜਮਾਰਗ 1 ਦੇ ਤੌਰ 'ਤੇ ਜਾਣਿਆ ਜਾਂਦਾ ਸੀ, ਹੁਣ ਪੂਰੀ ਤਰਾਂ ਬੰਦ ਹੈ। ਦਿੱਲੀ ਤੋਂ ਹਰਿਆਣਾ ਦੇ ਸੋਨੀਪਤ, ਪਾਣੀਪਤ, ਕਰਨਾਲ, ਕਰੂਕਸ਼ੇਤਰ, ਅੰਬਾਲਾ, ਕੈਥਲ, ਜੀਂਦ, ਯਮੁਨਾਨਗਰ ਅਤੇ ਪੰਚਕੁਲਾ ਵਰਗੇ ਜ਼ਿਲਿਆਂ ਵਿਚ ਆਉਣ ਲਈ ਇਸੇ ਜੀ.ਟੀ. ਰੋਡ ਦੀ ਵਰਤੋਂ ਹੁੰਦੀ ਹੈ। ਹੁਣ ਇਸ ਮੁੱਖ ਰਾਜ ਮਾਰਗ ਦੇ ਬੰਦ ਹੋਣ ਨਾਲ ਹਰਿਆਣਾ ਦੇ ਕਈ ਜ਼ਿਲੇ ਦਿੱਲੀ ਨਾਲੋਂ ਕੱਟ ਗਏ ਹਨ। ਏਨਾ ਹੀ ਨਹੀਂ ਸਗੋਂ ਕਿਸਾਨ ਬਹਾਦਰਗੜ ਤੋਂ ਦਿੱਲੀ ਜਾਣ ਵਾਲੇ ਰਾਸ਼ਟਰੀ ਰਾਜਮਾਰਗ 10 'ਤੇ ਟਿਕਰੀ ਵਿਚ ਵੀ ਧਰਨਾ ਲਗਾ ਕੇ ਬੈਠੇ ਹਨ ਅਤੇ ਉਸ ਧਰਨੇ ਦੇ ਕਾਰਨ ਰੋਹਤਕ, ਝੱਜਰ, ਹਿਸਾਰ, ਭਿਵਾਨੀ, ਫਤਿਹਾਬਾਦ ਅਤੇ ਸਿਰਸਾ ਵਰਗੇ ਜ਼ਿਲੇ ਵੀ ਦਿੱਲੀ ਨਾਲੋਂ ਕੱਟ ਗਏ ਹਨ। ਦੋਵਾਂ ਸੜਕਾਂ 'ਤੇ 10-15 ਕਿੱਲੋਮੀਟਰ ਤੱਕ ਕਿਸਾਨਾਂ ਦੀਆਂ ਟਰੈਕਟਰ ਟਰਾਲੀਆਂ ਖੜੀਆਂ ਹਨ ਅਤੇ ਕਿਸਾਨ ਧਰਨਾ ਲਗਾ ਕੇ ਬੈਠੇ ਹਨ।

**ਖਾਪ ਪੰਚਾਇਤਾਂ ਵੀ ਸਮਰਥਨ ਵਿਚ**

ਹਰਿਆਣਾ ਪੁਲਿਸ, ਪ੍ਰਸ਼ਾਸਨ ਅਤੇ ਸਰਕਾਰ ਨੇ ਕਿਸਾਨਾਂ ਨੂੰ ਦਿੱਲੀ ਜਾਣ ਤੋਂ ਰੋਕਣ ਲਈ ਜਿੱਥੇ ਹਰ ਸੰਭਵ ਕੋਸ਼ਿਸ਼ ਕੀਤੀ, ਉੱਥੇ ਦੂਜੇ ਪਾਸੇ ਹਰਿਆਣਾ ਦੀਆਂ ਖਾਪ ਪੰਚਾਇਤਾਂ ਖੁੱਲ ਕੇ ਕਿਸਾਨਾਂ ਦੇ ਸਮਰਥਨ ਵਿਚ ਆ ਗਈਆਂ ਹਨ। ਉਂਜ ਤਾਂ ਖੇਤੀ ਕਾਨੂੰਨਾਂ ਦਾ ਹਰਿਆਣਾ ਵਿਚ ਪਹਿਲਾਂ ਵੀ ਵਿਰੋਧ ਹੋ ਰਿਹਾ ਸੀ ਪਰ ਹਰਿਆਣਾ ਵਿਚ ਕਿਸਾਨਾਂ ਦਾ ਵਿਰੋਧ ਪੰਜਾਬ ਦੇ ਮੁਕਾਬਲੇ ਓਨਾ ਤੀਬਰ ਨਹੀਂ ਸੀ। ਹਰਿਆਣਾ ਦੇ ਕੁਝ ਕੁ ਖੇਤਰਾਂ ਵਿਚ ਹੀ ਕਿਸਾਨ ਸੰਗਠਨ ਲਗਾਤਾਰ ਖੇਤੀ ਬਿੱਲਾਂ ਦਾ ਵਿਰੋਧ ਕਰ ਰਹੇ ਸਨ ਅਤੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਕਹਿੰਦੇ ਸਨ ਕਿ ਸਿਰਫ ਪੰਜਾਬ ਦੇ ਕਿਸਾਨ ਹੀ ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਹੇ ਹਨ ਅਤੇ ਹਰਿਆਣਾ ਵਿਚ ਅਜਿਹਾ ਕੋਈ ਵਿਰੋਧ ਨਹੀਂ ਹੈ। ਦੂਜੇ ਪਾਸੇ ਭਾਰਤੀ ਕਿਸਾਨ ਯੂਨੀਅਨ ਹਰਿਆਣਾ ਦੇ ਪ੍ਰਧਾਨ ਗੁਰਨਾਮ ਸਿੰਘ ਚੜੂਨੀ ਦੀ ਅਗਵਾਈ ਵਿਚ ਹਰਿਆਣਾ ਦੇ ਕਿਸਾਨ ਸੰਗਠਨਾਂ ਸਣੇ ਕਈ ਸੰਗਠਨ ਇਨਾਂ ਕਾਨੂੰਨਾਂ ਦਾ ਨਾ ਸਿਰਫ ਲਗਾਤਾਰ ਵਿਰੋਧ ਕਰਦੇ ਆ ਰਹੇ ਹਨ ਸਗੋਂ ਹਰਿਆਣਾ ਦੇ ਕਿਸਾਨਾਂ ਵਲੋਂ ਦਿੱਲੀ ਕੂਚ ਸਭ ਤੋਂ ਪਹਿਲਾਂ ਗੁਰਨਾਮ ਸਿੰਘ ਚੜੂਨੀ ਦੀ ਅਗਵਾਈ ਵਿਚ ਵੀ ਕੀਤਾ ਗਿਆ ਸੀ ਅਤੇ ਬੈਰੀਕੇਡ ਹਟਾਉਣ ਦਾ ਕੰਮ ਵੀ ਉਨਾਂ ਨੇ ਹੀ ਸਭ ਤੋਂ ਪਹਿਲਾਂ ਸ਼ੁਰੂ ਕੀਤਾ ਸੀ ਅਤੇ ਉਨਾਂ ਦੀ ਅਗਵਾਈ ਵਿਚ ਚੱਲ ਰਹੇ ਕਿਸਾਨਾਂ ਨੂੰ ਹੀ ਪੁਲਿਸ ਦੀਆਂ ਪਾਣੀ ਦੀਆਂ ਬੁਛਾੜਾਂ ਅਤੇ ਅੱਥਰੂ ਗੈਸਾਂ ਦਾ ਸਾਹਮਣਾ ਕਰਨਾ ਪਿਆ ਸੀ।

**ਹਰਿਆਣਾ ਤੋਂ ਮਦਦ**

ਹੁਣ ਜਦੋਂ ਕਿਸਾਨਾਂ ਨੇ ਦਿੱਲੀ ਸਰਹੱਦ 'ਤੇ ਉਤਾਰਾ ਕਰ ਲਿਆ ਹੈ ਤਾਂ ਹਰਿਆਣਾ ਵਿਚ ਥਾਂ ਪੁਰ ਥਾਂ ਖਾਪ ਪੰਚਾਇਤਾਂ ਨੇ ਬੈਠਕਾਂ ਕਰਕੇ ਨਾ ਸਿਰਫ ਅੰਦੋਨਲ ਨੂੰ ਸਮਰਥਨ ਦੇਣ ਦਾ ਐਲਾਨ ਕੀਤਾ ਹੈ ਸਗੋਂ ਹਰਿਆਣਾ ਤੋਂ ਵੀ ਕਈ ਜੱਥੇ ਕਿਸਾਨਾਂ ਦੇ ਧਰਨੇ ਵਿਚ ਸ਼ਾਮਿਲ ਹੋਣ ਲਈ ਦਿੱਲੀ ਨੂੰ ਕੂਚ ਕਰ ਗਏ ਹਨ। ਹੁਣ ਹਰਿਆਣਾ ਦੇ ਕਿਸਾਨ ਵੀ ਫਲ ਸਬਜ਼ੀਆਂ, ਦੁੱਧ, ਲੱਸੀ, ਆਟਾ, ਦਾਲ, ਰਾਸ਼ਨ ਅਤੇ ਹੋਰ ਚੀਜ਼ਾਂ ਲੈ ਕੇ ਧਰਨੇ ਵਿਚ ਪੁੱਜਣ ਲੱਗੇ ਹਨ। ਇਸ ਨਾਲ ਧਰਨਾ ਦੇ ਰਹੇ ਕਿਸਾਨਾਂ ਦੀ ਨਾ ਸਿਰਫ ਤਾਕਤ ਵਧੀ ਹੈ ਸਗੋਂ ਅੰਦੋਲਨ ਕਰ ਰਹੇ ਕਿਸਾਨਾਂ ਦਾ ਹੌਂਸਲਾ ਵੀ ਵਧਿਆ ਹੈ। ਉਂਜ ਵੀ ਦਿੱਲੀ ਦੇ ਚਾਰੇ ਪਾਸੇ ਲੱਗਦੇ ਐਨ.ਸੀ.ਆਰ ਦੇ ਜ਼ਿਆਦਾਤਰ ਇਲਾਕਿਆਂ ਵਿਚ ਖਾਪ ਪੰਚਾਇਤਾਂ ਦਾ ਪ੍ਰਭਾਵ ਰਿਹਾ ਹੈ ਅਤੇ ਖੇਤੀ ਨਾਲ ਜੁੜੇ ਹਰਿਆਣਾ ਦੇ ਰੋਹਤਕ, ਸੋਨੀਪਤ ਆਦਿ ਜ਼ਿਲਿਆਂ ਦੇ ਜ਼ਿਆਦਾਤਰ ਕਿਸਾਨ ਕਿਸੇ ਨਾ ਕਿਸੇ ਰੂਪ ਵਿਚ ਖਾਪ ਪੰਚਾਇਤਾਂ ਨਾਲ ਜੁੜੇ ਹੋਏ ਹਨ। ਖਾਪਾਂ ਦੇ ਖੁੱਲ ਕੇ ਕਿਸਾਨ ਸਮਰਥਨ ਵਿਚ ਆ ਜਾਣ ਕਾਰਨ ਸਰਕਾਰ ਦੀ ਚਿੰਤਾ ਵਧ ਗਈ ਹੈ। ਦਾਦਰੀ ਤੋਂ ਆਜ਼ਾਦ ਵਿਧਾਇਕ ਸੋਮਬੀਰ ਸਾਂਗਵਾਨ ਖੁਦ ਸਾਂਗਵਾਨ ਖਾਪ ਦੇ ਪ੍ਰਧਾਨ ਹਨ ਅਤੇ ਖਾਪਾਂ ਵਲੋਂ ਕਿਸਾਨ ਅੰਦੋਲਨ ਨੂੰ ਸਮਰਥਨ ਦੇਣ ਨਾਲ ਨਾ ਸਿਰਫ ਸੋਮਬੀਰ ਸਾਂਗਵਾਨ ਨੂੰ ਆਪਣੇ ਚੇਅਰਮੈਨ ਦੇ ਅਹੁਦੇ ਤੋਂ ਅਸਤੀਫਾ ਦੇਣਾ ਪਿਆ ਸਗੋਂ ਉਨਾਂ ਨੂੰ ਖੱਟਰ ਸਰਕਾਰ ਤੋਂ ਸਮਰਥਨ ਵੀ ਵਾਪਸ ਲੈਣਾ ਪਿਆ। ਮਹਿਮ ਦੇ ਵਿਧਾਇਕ ਬਲਰਾਜ ਪਹਿਲਾਂ ਹੀ ਸਰਕਾਰ ਤੋਂ ਸਮਰਥਨ ਵਾਪਸ ਲੈ ਚੁੱਕੇ ਹਨ ਅਤੇ ਕਿਸਾਨ ਅੰਦੋਲਨ ਨੂੰ ਖੁੱਲਾ ਸਮਰਥਨ ਦੇ ਚੁੱਕੇ ਹਨ। ਇਸੇ ਦੇ ਚਲਦਿਆਂ ਹੁਣ ਕਈ ਆਜ਼ਾਦ ਅਤੇ ਜਜਪਾ ਵਿਧਾਇਕਾਂ ਨੇ ਵੀ ਕਿਸਾਨ ਅੰਦੋਲਨ ਨੂੰ ਸਮਰਥਨ ਦੇਣ ਦਾ ਐਲਾਨ ਕਰ ਦਿੱਤਾ ਹੈ।

**ਖਿਡਾਰੀ ਅਤੇ ਕਲਾਕਾਰ**

ਮੁੱਕੇਬਾਜ਼ ਵਿਜੇਂਦਰ ਸਿੰਘ ਤੋਂ ਲੈ ਕੇ ਅਨੇਕ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਦੇ ਖਿਡਾਰੀ ਅਤੇ ਕਲਾਕਾਰ ਕਿਸਾਨ ਅੰਦੋਲਨ ਨੂੰ ਆਪਣਾ ਖੁੱਲਾ ਸਮਰਥਨ ਦੇ ਚੁੱਕੇ ਹਨ। ਕਿਸਾਨਾਂ ਦੇ ਧਰਨੇ 'ਤੇ ਖਿਡਾਰੀਆਂ ਅਤੇ ਹੋਰ ਕਿਸਾਨਾਂ ਦੇ ਉੱਥੇ ਪੁੱਜਣ ਨਾਲ ਜਿੱਥੇ ਕਿਸਾਨਾਂ ਦੇ ਹੌਂਸਲੇ ਵਧ ਰਹੇ ਹਨ ਉੱਥੇ ਸਰਕਾਰ ਲਈ ਪ੍ਰੇਸ਼ਾਨੀ ਲਗਾਤਾਰ ਵਧਦੀ ਜਾ ਰਹੀ ਹੈ।

**ਵਿਰੋਧੀ ਦਲ ਵੀ ਕਿਸਾਨਾਂ ਨਾਲ**

ਹਰਿਆਣਾ ਦੇ ਨਾਲ-ਨਾਲ ਦੇਸ਼ ਭਰ ਦੇ ਜ਼ਿਆਦਾਤਰ ਵਿਰੋਧੀ ਦਲ ਖੁੱਲ ਕੇ ਕਿਸਾਨਾਂ ਦੇ ਨਾਲ ਖੜੇ ਨਜ਼ਰ ਆਉਣ ਲੱਗੇ ਹਨ। ਸਾਰੀਆਂ ਰਾਜਸੀ ਪਾਰਟੀਆਂ ਦੀ ਨਜ਼ਰ ਕਿਸਾਨਾਂ ਦੇ ਵੋਟ ਬੈਂਕ 'ਤੇ ਹੈ ਅਤੇ ਉਹ ਸਰਕਾਰ ਪ੍ਰਤੀ ਕਿਸਾਨਾਂ ਦੀ ਨਾਰਾਜ਼ਗੀ ਨੂੰ ਵੇਖਦਿਆਂ ਇਹ ਦਰਸਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ ਕਿ ਉਹ ਪੂਰੀ ਤਰਾਂ ਕਿਸਾਨਾਂ ਨਾਲ ਹਨ। ਕਿਸਾਨਾਂ ਵਲੋਂ ਦਿੱਤੇ ਗਏ ਰਾਸ਼ਟਰ ਪੱਧਰੀ ਬੰਦ ਦੇ ਸੱਦੇ ਨੂੰ ਵੀ ਜ਼ਿਆਦਾਤਰ ਵਿਰੋਧੀ ਧਿਰਾਂ ਨੇ ਸਮਰਥਨ ਦਿੱਤਾ ਹੈ ਅਤੇ ਹੁਣ ਹਰਿਆਣਾ ਦੇ ਜ਼ਿਆਦਾਤਰ ਨੇਤਾ ਧਰਨਿਆਂ ਵਿਚ ਜਾ ਕੇ ਕਿਸਾਨਾਂ ਨਾਲ ਹਮਦਰਦੀ ਜਤਾ ਰਹੇ ਹਨ। ਇਸੇ ਮਕਸਦ ਲਈ ਪੰਜ ਸਿਆਸੀ ਪਾਰਟੀਆਂ ਦਾ ਵਫ਼ਦ ਰਾਸ਼ਟਰਪਤੀ ਨੂੰ ਵੀ ਮਿਲਿਆ ਹੈ।

**- ਰਾਮ ਸਿੰਘ ਬਰਾੜ**

# 'ਮੇਰਾ ਸੋਹਣਾ ਦੇਸ਼ ਪੰਜਾਬ'

**- ਮਨਦੀਪ ਕੌਰ ਸੇਖੋਂ**

ਪੰਜਾਬ ਦੀ ਧਰਤੀ ਨੇ ਪੰਜਾਬ ਦੇ ਲੋਕਾਂ ਨੇ ਆਪਣੀ ਹਿੱਕ 'ਤੇ, ਆਪਣੀਆਂ ਦੇਹਾਂ 'ਤੇ ਬਹੁਤ ਸੰਤਾਪ ਹੰਢਾਏ ਨੇ। ਪੰਜਾਬ ਨੇ ਆਪਣੀ ਹਿੱਕ 'ਤੇ ਬੜੇ ਵਾਰ ਝੱਲੇ ਨੇ ਅਤੇ ਬੜੀਆਂ ਔਕੜਾਂ ਦਾ ਸਾਹਮਣਾ ਕੀਤਾ ਹੈ। ਆਪਣੇ ਹੱਕਾਂ ਲਈ ਬਹੁਤ ਲੜਾਈਆਂ ਲੜੀਆਂ ਵੀ ਨੇ ਅਤੇ ਜਿੱਤੀਆਂ ਵੀ ਨੇ। ਪੰਜਾਬ ਦੀ ਧਰਤੀ ਨੂੰ ਗੁਰੂ ਪੀਰਾਂ, ਪੈਗ਼ੰਬਰਾਂ, ਯੋਧਿਆਂ ਦੇ ਨਾਮ ਤੋਂ ਜਾਣਿਆ ਜਾਂਦਾ ਹੈ। ਪੰਜਾਬ ਦੀ ਧਰਤੀ ਤੇ ਸੂਰਬੀਰ ਯੋਧੇ ਪੈਦਾ ਹੋਏ ਤੇ ਹੱਕ ਕੌਮ ਲਈ ਸ਼ਹੀਦ ਹੋਏ। ਬਹਾਦਰ ਜੋਸ਼ੀਲਾ ਤੇ ਅਣਖੀਲਾ ਪੰਜਾਬ ਇਸ ਮੁਲਕ ਦਾ ਇਕ ਬੜਾ ਮਜ਼ਬੂਤ ਅੰਗ ਤੇ ਹਿੱਸਾ ਹੈ। ਇਸ ਦੇ ਪੌਣ ਪਾਣੀ ਵਿੱਚ ਇਕ ਵੱਖਰਾਪਣ ਏ, ਸਾਦਾ ਸੋਬਰ ਜੀਵਣ, ਸੋਹਣੀ ਪੰਜਾਬੀ ਮਾਂ ਬੋਲੀ ਬੋਲਣ ਵਾਲੇ, ਚਿੱਟੇ ਕੁੜਤੇ ਚਾਦਰੇ ਪਾਣ ਵਾਲੇ, ਸਾਦੇ ਢੰਗ ਨਾਲ ਰਹਿਣ ਸਹਿਣ ਵਾਲੇ, ਦਲੇਰ ਬਹਾਦਰ, ਕੌਮੀ ਹੀਰੇ ਵਾਰਿਸ, ਹਰ ਪਾਸੇ ਮੁਹੱਬਤ ਪੈਦਾ ਕਰਨ ਵਾਲੇ ਤੇ ਜਾਬਰ ਜ਼ੁਲਮ ਨੂੰ ਜੜ ਤੋਂ ਪੱਟਣ ਵਾਲੇ, ਅੱਗੇ ਹੋ ਹੋ ਸਭ ਨੂੰ ਟਾਕਰੇ ਦਿੰਦੇ ਤੇ ਦੇਣ ਵਾਲੇ ਯੋਧਿਆਂ ਦੀ ਧਰਤੀ ਹੈ। ਇਸ ਦੀ ਚੜਤ ਹਜੇ ਵੀ ਉਹੀ ਹੈ ਜਿਹੜੀ ਬੰਦਾ ਸਿੰਘ ਬਹਾਦਰ, ਅਕਾਲੀ ਫੂਲਾ ਸਿੰਘ, ਮਹਾਰਾਜਾ ਰਣਜੀਤ ਸਿੰਘ, ਜੱਸਾ ਸਿੰਘ ਆਹਲੂਵਾਲੀਆਂ, ਦੇ ਸਮੇਂ ਵਿੱਚ ਸੀ ਤੇ ਅੱਜ ਵੀ ਓਵੇਂ ਹੀ ਬਰਕਰਾਰ ਹੈ ਤੇ ਉਮੀਦ ਕਰਦੇ ਹਾਂ ਆਉਣ ਵਾਲੇ ਅਣਮਿਥੇ ਸਮੇਂ ਤੱਕ ਬਰਕਰਾਰ ਹੀ ਰਹੇਗੀ। ਸਾਡੇ ਇਤਿਹਾਸ ਵਿੱਚ ਬਹੁਤ ਮਹੱਤਵਪੂਰਨ ਤੇ ਬੜੀਆਂ ਐਸੀਆਂ ਉਦਾਹਰਨਾਂ ਨੇ ਜੋ ਸਾਡੇ ਲੰਘੇ ਇਤਿਹਾਸ ਨੂੰ ਪ੍ਰਗਟ ਕਰਦੀਆਂ ਨੇ ਤੇ ਅਣਖਾਂ, ਜਮੀਰਾਂ ਦਾ ਇਕ ਬਹੁਤ ਸੋਹਣਾ ਪ੍ਰਗਟਾਵਾ ਕਰਦੀਆਂ ਕਿ ਕਿਵੇਂ ਪੰਜਾਬ ਦੇ ਸੂਰਮੇ ਹਰ ਜ਼ੁਲਮ ਨੂੰ ਆਪਣੇ ਪਿੰਡੇ 'ਤੇ, ਆਪਣੇ ਸਰੀਰਾਂ 'ਤੇ ਹੰਢਾਂ ਕੇ ਆਪਣੀ ਅਣਖ ਆਪਣੀ ਸੂਰਮਗਤੀ ਨੂੰ ਪ੍ਰਾਪਤ ਹੁੰਦੇ ਰਹੇ ਹਨ। ਬੜੇ ਠੰਢੇ ਸ਼ਾਂਤਮਈ ਤੇ ਅੜੀਅਲ ਸੁਭਾਅ ਦੇ ਮਾਲਕ ਜ਼ੁਲਮ ਦੇ ਵਿਰੁੱਧ ਅਣਮਿਥੇ ਲੰਮੇ ਵਕਤ ਤੱਕ ਲੜਦੇ ਆ ਰਹੇ ਨੇ ਤੇ ਸ਼ਾਇਦ ਲੜਦੇ ਵੀ ਰਹਿਣਗੇ। ਭਾਵੇਂ ਮੈਂ ਪੰਜਾਬ ਦੀ ਧਰਤੀ ਤੋਂ ਨਹੀਂ ਹਾਂ ਪਰ ਮੈਨੂੰ ਬਹੁਤ ਮਾਣ ਮਹਿਸੂਸ ਹੁੰਦਾ ਹੈ ਕਿ ਮੈਂ ਇਸ ਕੌਮ ਦੀ ਜਾਈ ਹਾਂ, ਜਿਸ ਕੌਮ ਵਿੱਚ ਯੋਧੇ, ਸੂਰਬੀਰ, ਅਣਖੀਲੇ, ਦਲੇਰ, ਜੁਝਾਰੂ, ਸ਼ਹੀਦ, ਜਜ਼ਬਾਤੀ ਤੇ ਸਿੱਧੇ ਸਾਦੇ ਲੋਕ ਨੇ ਤੇ ਇਹ ਹੀ ਚੀਜ਼ਾਂ ਇਹ ਹੀ ਦਲੇਰੀਆਂ ਪੰਜਾਬ ਨੂੰ ਚਾਰ ਚੰਨ ਲਾਉਂਦੀਆਂ ਹਨ। ਇਸ ਕੌਮ ਵਿਚ ਜਨਮ ਲੈਣ ਤੇ ਮੈਂ ਬਹੁਤ ਮਾਣ ਤੇ ਫ਼ਕਰ ਮਹਿਸੂਸ ਕਰਦੀ ਹਾਂ। ਪਰ ਕਿਤੇ ਨਾ ਕਿਤੇ ਦੁੱਖ ਵੀ ਲੱਗਦਾ ਕਿ ਪੰਜਾਬ ਦੀ ਧਰਤੀ 'ਤੇ ਗ਼ੱਦਾਰ ਵੀ ਬੜੇ ਪੈਦਾ ਹੋਏ ਨੇ ਤੇ ਸਾਡੇ ਆਪਣੇ ਹੀ ਲੋਕਾਂ ਵਿਚ ਕੱਚੀਆਂ ਤੇ ਦੋਗਲੀਆਂ ਜਿਹੀਆਂ ਗੱਲਾਂ ਕਿਤੇ ਨਾ ਕਿਤੇ ਇਸ ਨੂੰ ਕਮਜ਼ੋਰ ਬਣਾ ਦਿੰਦੀਆਂ ਨੇ। ਹਾਕਮ ਹਰ ਵਾਰੀ ਆਪਣੇ ਆਪ ਨੂੰ ਉੱਚਾ ਵਿਖਾਉਣ ਲਈ ਮਨਘੜਤ ਗੰਦੀਆਂ ਨੀਤੀਆਂ ਰਾਹੀਂ ਇਸ ਨਿਆਰੇਪਣ ਨੂੰ ਮਲੀਆਮੇਟ ਕਰਨ ਲਈ ਲਗਾਤਾਰ ਸਰਗਰਮੀ ਦਿਖਾਉਂਦਾ ਆ ਰਿਹਾ ਹੈ ਪਰ ਪਿਆਰੀ ਜਿਹੀ ਠੰਢੀ ਤੇ ਸ਼ਾਂਤਮਈ ਪੰਜਾਬੀ ਮਾਂ ਬੋਲੀ ਦੇ ਜਾਏ ਹਰ ਵਾਰ ਹਾਕਮ ਦੇ ਜ਼ੁਲਮ ਨੂੰ ਅਣਗੌਲਿਆ ਕਰ ਕੇ ਬਾਬੇ ਨਾਨਕ ਦੀ ਸਿੱਖੀ ਹੀ ਕਮਾਉਂਦੇ ਆ ਰਹੇ ਹਨ। ਸ਼ਾਇਦ ਇਸ ਮਿੱਟੀ 'ਚ ਡੁੱਲਿਆ ਬਾਬੇ ਨਾਨਕ ਦਾ ਪਸੀਨਾ ਆਪਣਾ ਰੰਗ ਨਾ ਵਟਾਉਣ ਦੀ ਫ਼ਿਤਰਤ ਵਿਚ ਰੰਗਿਆ ਹੋਇਆ ਹੈ ਜੋ ਹਰ ਔਖੇ-ਸੌਖੇ ਰਾਹਾਂ 'ਤੇ ਚੱਲ ਕੇ ਵੀ ਪੰਜਾਬੀਆਂ ਨੂੰ ਖ਼ੁਸ਼ੀਆਂ ਖੇੜੇ ਵੰਡਣ ਲਈ ਪ੍ਰੇਰਨਾ ਸ੍ਰੋਤ ਹੋ ਨਿੱਬੜਦਾ ਹੈ।

**ਹਕੀਕਤ ਐਸੀ ਜੋ ਖਵਾਬਾਂ ਤੋਂ ਪਰੇ,**
**ਚਾਲ ਉਹਦੀ ਵੇਖ ਨਵਾਬਾਂ ਤੋਂ ਪਰੇ।**
**ਤੇਰੀ ਮਿੱਟੀ ਦਾ ਜਾਦੂ ਅਨੂਠਾ ਤੇ,**
**ਨਾਲੇ ਖ਼ੁਸ਼ਬੋ ਅਤਰ ਗੁਲਾਬਾਂ ਤੋਂ ਪਰੇ।**



# ਆਜ਼ਾਦੀ ਦਾ ਮੁੱਲ ਸਿਰਾਂ ਦੇ ਗੱਡੇ

ਕੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕੜੀ - 21**

**- ਕਰਮ ਸਿੰਘ ਜ਼ਖ਼ਮੀ**

ਕਰਤਾਰ ਸਿੰਘ ਮੌਲਾਨਾ ਤੋਂ ਛੁੱਟੀ ਲੈ ਕੇ ਬਾਹਰ ਨਿਕਲਿਆ, ਗਲੀ ਦੇ ਮੋੜ ਤੇ ਹੀ ਲਾਲ ਖਾਨ ਉਸਦੀ ਉਡੀਕ ਕਰ ਰਿਹਾ ਸੀ, ਉਹ ਦੋਵੇਂ ਬੱਘੀ ਵਿਚ ਜਾ ਬੈਠੇ, ਬੱਘੀ ਮੁਗ਼ਲ ਪੁਰੇ ਨੂੰ ਤੁਰ ਪਈ। ਹਾਜੀ ਮੌਲਾ ਬਖ਼ਸ਼ ਹਵੇਲੀ ਦੇ ਬਾਹਰ ਟਹਿਲ ਰਿਹਾ ਸੀ ਕਿ ਜਦ ਬੱਘੀ ਤੋਂ ਉੱਤਰਿਆ ਤੇ ਉਸ ਪਾਸ ਜਾ ਖੜਾ ਹੋਇਆ।

'ਚਲੋ ਅੰਦਰ ਚੱਲਕੇ ਗੱਲਾਂ ਕਰਦੇ ਹਾਂ।' ਉਸ ਨੂੰ ਲੈ ਕੇ ਹਵੇਲੀ ਵਿਚ ਆਪਣੇ ਬੈਠਣ ਵਾਲੇ ਕਮਰੇ ਵਿਚ ਜਾ ਵੜਿਆ। ਇਹ ਅਸਲ ਵਿਚ ਉਸਦਾ ਦਵਾਖ਼ਾਨਾ ਸੀ। ਅੱਗੇ ਡੈਸਕ ਤੇ ਕਿਤਨੀਆਂ ਹੀ ਦਵਾਈਆਂ ਦੀਆਂ ਸ਼ੀਸ਼ੀਆਂ ਤੇ ਡੱਬੇ ਪਏ ਸਨ। ਡੈਸਕ ਦੇ ਨਾਲ ਕੰਧ ਤਕ ਗੱਦਾ ਤੇ ਗੱਦੇ ਤੇ ਚਿੱਟੀ ਦੁੱਧ ਚਾਦਰ ਵਿਛੀ ਹੋਈ ਸੀ! ਕਰਤਾਰ ਸਿੰਘ ਸਮੇਤ ਉਹ ਉਸਤੇ ਜਾ ਬੈਠਾ। ਕਰਤਾਰ ਸਿੰਘ ਨੇ ਰੁਪਿਆਂ ਵਾਲੀ ਥੈਲੀ ਉਸਦੇ ਹਵਾਲੇ ਕਰਦੇ ਹੋਏ ਸਾਰੀ ਗੱਲਬਾਤ ਦਾ ਵੇਰਵਾ ਦੱਸਿਆ ਹਾਜੀ ਸਾਹਿਬ ਨੇ ਇਸ ਤੇ ਸੰਤੁਸ਼ਟਤਾ, ਤਸੱਲੀ, ਖ਼ੁਸ਼ੀ ਦਾ ਪ੍ਰਗਟਾਵਾ ਕੀਤਾ।

'ਰਾਜਕੁਮਾਰੀ ਵੰਤੀ ਉੱਪਰ ਹੀ ਹੈ?' ਕਰਤਾਰ ਸਿੰਘ ਨੇ ਪੁੱਛਿਆ।

'ਉਹ ਭੀ ਕੰਮ ਤੇ ਗਈ ਹੈ ਵਿਹਲੀ ਏਥੇ ਬੈਠੀ ਕੀ ਕਰਦੀ।' ਹਾਜੀ ਸਾਹਿਬ ਨੇ ਦੱਸਿਆ ਇਹ ਕਰਤਾਰ ਲਈ ਬੜੀ ਹੀ ਹੈਰਾਨੀ ਵਾਲੀ ਗੱਲ ਸੀ। ਉਹ ਉਸਦੇ ਮੂੰਹ ਵੱਲ ਵੇਖਣ ਲਗਾ।

'ਉਹ ਮੇਰੀ ਧੀ ਸ਼ਬਾਨਾ ਨਾਲ ਸ਼ਾਹੀ ਕਿਲੇ ਵਿਚ ਗਈ ਹੈ, ਸ਼ਬਾਨਾ ਦੀਆਂ ਨਵਾਬ ਪ੍ਰਕਾਸ਼ ਦੀਆਂ ਸਾਰੀਆਂ ਕੁੜੀਆਂ ਸਹੇਲੀਆਂ ਹਨ ਉਹ ਤਾਂ ਉੱਥੇ ਦੂਜੇ ਤੀਜੇ ਜਾਂਦੀ ਹੀ ਰਹਿੰਦੀ ਹੈ, ਅੱਜ ਰਾਜਕੁਮਾਰ ਨਾਲ ਭੀ ਉਨਾਂ ਦੀ ਜਾਣ ਪਛਾਣ ਭੀ ਕਰਾ ਆਵੇਗੀ। ਪਾਗਲ ਬਾਦਸ਼ਾਹ ਉੱਥੇ ਹੀ ਠਹਿਰਿਆ ਹੋਇਆ ਹੈ, ਉਸਦਾ ਅੰਤ ਬਿਲਕੁਲ ਹੀ ਨੇੜੇ ਨਜ਼ਰ ਆਉਂਦਾ ਹੈ।' ਹਾਜੀ ਮੌਲਾ ਬਖ਼ਸ਼ ਨੇ ਦੱਸਿਆ।

'ਮੈਂ ਭੀ ਕਿਲੇ ਵਿਚ ਜਾ ਸਕਦਾ ਹਾਂ ਕਿਸੇ ਤਰਾਂ?' ਕਰਤਾਰ ਸਿੰਘ ਨੇ ਪੁੱਛਿਆ।

'ਕਲ ਤੈਨੂੰ ਭੀ ਉਸ ਪਾਗਲ ਦੇ ਦਰਸ਼ਨ ਕਰਾ ਲਿਆਵਾਂਗਾ। ਕੁੜੀਆਂ ਦੇ ਮੁੜਨ ਪਿੱਛੋਂ ਬਾਬਾ ਜੀ ਨੂੰ ਸਾਰੀ ਰੀਪੋਰਟ ਭੇਜਣੀ ਹੈ। ਮੌਲਾਨਾ ਨਾਲ ਹੋਈ ਗੱਲਬਾਤ ਦੀ ਰੀਪੋਰਟ ਤੁਸੀਂ ਤਿਆਰ ਕਰੋ।' ਹਾਜੀ ਸਾਹਿਬ ਨੇ ਕਿਹਾ।

ਇਸ ਸਮੇਂ ਰਾਜਕੁਮਾਰੀ ਤੇ ਸ਼ਬਾਨਾ ਭੀ ਵਾਪਸ ਆ ਗਈਆਂ। ਉਨਾਂ ਨੇ ਦੱਸਿਆ ਕਿ ਬਾਦਸ਼ਾਹ ਨੇ ਹੁਕਮ ਦੇ ਦਿੱਤਾ ਹੈ ਲਾਹੌਰ ਸ਼ਹਿਰ ਦੇ ਸਾਰੇ ਹੀ ਸਿੱਖ ਮਾਰ ਦਿੱਤੇ ਜਾਣ। ਇਹ ਗੱਲ ਸੁਣਕੇ ਸਾਰੇ ਹੀ ਇਕ ਦੂਜੇ ਦਾ ਮੂੰਹ ਵੇਖਣ ਲੱਗ ਪਏ!

ਲਾਹੌਰ ਦਰਬਾਰ ਵੱਲੋਂ ਜਿਨਾਂ ਵੈਦਾਂ, ਹਕੀਮਾਂ ਤੋਂ ਬਾਦਸ਼ਾਹ ਦਾ ਇਲਾਜ ਕਰਾਉਣ ਦਾ ਫ਼ੈਸਲਾ ਕੀਤਾ ਗਿਆ, ਉਨਾਂ ਵਿਚੋਂ ਇਕ ਹਾਜੀ ਮੌਲਾ ਬਖ਼ਸ਼ ਭੀ ਸਨ। ਅਗਲੇ ਦਿਨ ਸਵੇਰੇ ਹੀ ਸ਼ਹਿਰ ਦਾ ਕੋਤਵਾਲ ਉਨਾਂ ਪਾਸ ਪੁੱਜ ਗਿਆ ਤੇ ਉਨਾਂ ਨੂੰ ਵਜ਼ੀਰ ਮਿਰਜ਼ਾ ਖਾਨੇ ਦਾ ਸੁਨੇਹਾ ਆਨ ਦਿੱਤਾ। ਲਾਹੌਰ ਦਾ ਸੂਬੇਦਾਰ ਇਸੇ ਸਮੇਂ ਜਹਾਨਦਾਰ ਸ਼ਾਹ ਸੀ। ਉਹ ਬਹਾਦਰ ਸ਼ਾਹ ਦੇ ਚਾਰ ਪੁੱਤਰਾਂ ਵਿਚੋਂ ਇਕ ਸੀ, ਪ੍ਰੰਤੂ ਜਿਸ ਦਿਨ ਤੋਂ ਬਾਦਸ਼ਾਹ ਦਾ ਡੇਰਾ ਲਾਹੌਰ ਆਇਆ ਸੀ, ਹਕੂਮਤ ਦੀ ਵਾਗਡੋਰ ਅਮਲੀ ਤੌਰ 'ਤੇ ਵਜ਼ੀਰ ਮਿਰਜ਼ਾਂ ਖਾਨੇ ਦੇ ਹੱਥ ਵਿਚ ਹੀ ਸੀ।

ਹਾਜੀ ਮੌਲਾ ਬਖ਼ਸ਼ ਦੀ ਏਥੋਂ ਦੇ ਸਰਕਾਰੀ ਹਲਕਿਆਂ ਵਿਚੋਂ ਚੋਖਾ ਅਸਰ ਰਸੂਖ ਸੀ। ਨਵਾਬ ਅਰਥਾਤ ਸੂਬੇਦਾਰਾਂ ਦੇ ਪ੍ਰਵਾਰਾਂ ਦੇ ਉਹ ਦੇਰ ਤੋਂ ਪ੍ਰਵਾਰਕ ਹਕੀਮ ਚਲੇ ਆਉਂਦੇ ਸਨ। ਜਿਸ ਕਰਕੇ ਉਹ ਹਮੇਸ਼ਾ ਹੀ ਕਿਲੇ ਤੇ ਮਹੱਲਾਂ ਵਿਚ ਰੋਕ ਟੋਕ ਦੇ ਆ ਜਾਂ ਸਕਦੇ ਸਨ। ਅੱਜ ਕੋਤਵਾਲ ਬੱਘ ਲੈ ਕੇ ਸਵੇਰੇ ਸਵੇਰੇ ਹੀ ਉਨਾਂ ਨੂੰ ਲੈਣ ਲਈ ਆਨ ਪੁੱਜਿਆ ਸੀ। ਹਾਜੀ ਸਾਹਿਬ ਥੋੜੀ ਜਿਹੀ ਦੇਰ ਪਿੱਛੋਂ ਤਿਆਰ ਹੋਕੇ ਤੁਰ ਪਏ। ਉਨਾਂ ਦੇ ਨਾਲ ਕਰਤਾਰ ਸਿੰਘ ਭੀ ਬੱਘੀ ਵਿਚ ਬੈਠ ਗਿਆ। ਸ਼ਬਾਨਾ ਤੇ ਰਾਜਵੰਤ ਬੈਠ ਗਈਆਂ-ਕੋਤਵਾਲ ਕੁਝ ਨਹੀਂ ਬੋਲਿਆ। ਬੱਘੀ ਚੱਲ ਪਈ। ਰਸਤੇ ਵਿਚ ਸ਼ਾਹਆਲਮੀ ਦਰਵਾਜ਼ੇ ਦੇ ਬਾਹਰ ਕੋਤਵਾਲੀ ਸੀ। ਕੋਤਵਾਲ ਉੱਥੇ ਉਤਰ ਗਿਆ ਬੱਘੀ ਅਗਲਾ ਸਫ਼ਰ ਤਹਿ ਕਰਦੀ ਹੋਈ, ਕਿਲੇ ਵਿਚ ਦਾਖਲ ਹੋ ਗਈ। ਡਿਉਢੀ ਵਿਚ ਵਜ਼ੀਰ ਮਿਰਜ਼ਾ ਖਾਨ ਉਨਾਂ ਦੇ ਸਵਾਗਤ ਲਈ ਮੌਜੂਦ ਸਨ। ਉਨਾਂ ਨੇ ਉਨਾਂ ਨੂੰ ਬੜੇ ਆਦਰ ਨਾਲ ਜੀ ਆਇਆਂ ਆਖਿਆ ਤੇ ਉਨਾਂ ਨਾਲ ਹੱਥ ਮਿਲਾਉਂਦੇ ਹੋਏ ਉਨਾਂ ਦੇ ਸਾਥੀਆਂ ਵਲ ਵੇਖਿਆ। ਉਸਦਾ ਮਤਲਬ ਸਮਝਕੇ ਹਾਜੀ ਹੁਰਾਂ ਨੇ ਉਨਾਂ ਦੀ ਜਾਣ ਪਛਾਣ ਕਰਾਉਂਦੇ ਹੋਏ ਆਖਿਆ-ਇਹ ਮਲੇਰਕੋਟਲਾ ਦੇ ਸ਼ੌਕਤ ਹਯਾਤ ਮੇਰੇ ਜਵਾਈ ਹਨ, ਇਹ ਮੇਰੀ ਵੱਡੀ ਧੀ ਸ਼ਬਾਨਾ ਹੈ ਇਹ ਹਾਲਾਂ ਕੰਵਾਰੀ ਹੈ ਵਜ਼ੀਰ ਸਾਹਿਬ।

ਮਿਰਜ਼ਾ ਖਾਨ ਨੇ ਕੁੜੀਆਂ ਦਾ ਸਤਿਕਾਰ ਸਿਰ ਝੁਕਾ ਕੇ ਕੀਤਾ। ਕਰਤਾਰ ਸਿੰਘ ਨਾਲ ਉਸ ਨੇ ਹੱਥ ਮਿਲਾਇਆ।

'ਬਾਦਸ਼ਾਹ ਸਲਾਮਤ ਕਿਥੇ ਹਨ, ਉਨਾਂ ਦਾ ਕੀ ਹਾਲ ਹੈ।' ਹਾਜੀ ਸਾਹਿਬ ਨੇ ਕਿਹਾ।

'ਹਕੀਮ ਸਾਹਿਬ ਕੁਝ ਸਮਝ ਨਹੀਂ ਆਉਂਦੀ, ਕਦੇ ਕਦੇ ਅਜਿਹੇ ਝੱਲ ਖਲਾਰਨ ਲਗਦੇ ਹਨ ਕਿ ਇਉਂ ਜਾਪਦਾ ਹੈ ਕਿ ਜਿਸ ਤਰਾਂ ਉਨਾਂ ਦੇ ਦਿਮਾਗ਼ ਵਿਚ ਕੋਈ ਵੱਡੀ ਖ਼ਰਾਬੀ ਪੈਦਾ ਹੋ ਗਈ ਹੈ।' ਮਿਰਜ਼ਾ ਖਾਨ ਨੇ ਦੱਸਿਆ।

'ਇਹ ਜੋ ਸ਼ਹਿਰ ਵਿਚ ਖ਼ੂਨ ਖ਼ਰਾਬਾ ਹੋ ਰਿਹਾ ਹੈ। ਇਸ ਨਾਲ ਬਾਦਸ਼ਾਹ ਸਲਾਮਤ ਦੇ ਦਿਮਾਗ਼ ਨੂੰ ਧੱਕਾ ਲੱਗਿਆ ਜਾਪਦਾ ਹੈ!' ਹਾਜੀ ਮੌਲਾ ਬਖ਼ਸ਼ ਨੇ ਕਿਹਾ।

'ਤੁਸੀਂ ਉਨਾਂ ਨੂੰ ਵੇਖੋ, ਪਰੰਤੂ ਆਪਣੇ ਆਪ ਨੂੰ ਜ਼ਾਹਰ ਨਾ ਕਰਨਾ, ਮੈਂ ਤੁਹਾਡੀ ਜਾਣ ਪਛਾਣ ਸ਼ਹਿਰ ਦੇ ਇਕ ਪਤਵੰਤੇ ਦੇ ਰੂਪ ਵਿਚ ਕਰਾਵਾਂਗਾ।' ਮਿਰਜ਼ਾ ਖਾਨ ਨੇ ਕਿਹਾ।

'ਠੀਕ ਹੈ।' ਹਾਜੀ ਸਾਹਿਬ ਨੇ ਉਤਰ ਦਿੱਤਾ। ਦੋਵੇਂ ਕੁੜੀਆਂ ਨਵਾਬ ਪ੍ਰਵਾਰ ਦੇ ਜ਼ਨਾਨਖ਼ਾਨੇ ਵਿਚ ਜਾ ਵੜੀਆਂ, ਦੋਵੇਂ ਆਦਮੀ ਮਿਰਜ਼ਾ ਖਾਨ ਦੇ ਕਿਲੇ ਦੇ ਦੀਵਾਨ ਖਾਨੇ ਵਿਚ ਲੈ ਗਿਆ, ਜਿੱਥੇ ਬਾਦਸ਼ਾਹ ਬਹਾਦਰ ਸ਼ਾਹ ਇਕ ਸੋਨੇ ਦੇ ਤਖ਼ਤ ਤੇ ਬੈਠਿਆ ਹੋਇਆ ਸੀ।

'ਮਿਰਜ਼ਾ ਖਾਨ ਕਿਧਰ ਮਰ ਗਿਆ।' ਮਿਰਜ਼ਾ ਖਾਨ ਨੂੰ ਵੇਖਦਿਆਂ ਹੀ ਬਾਦਸ਼ਾਹ ਨੇ ਬੜੀ ਤਿੱਖੀ ਜਿਹੀ ਆਵਾਜ਼ ਵਿਚ ਕਿਹਾ।

'ਸ਼ਹਿਨਸ਼ਾਹ ਸਲਾਮਤ ਤੁਹਾਡੇ ਹੁਕਮ ਦੀ ਤਾਮੀਲ ਹੀ ਕਰਵਾਉਂਦਾ ਆਇਆ ਹਾਂ!' ਝੁਕ ਕੇ ਸਲਾਮ ਕਰਦੇ ਹੋਏ ਮਿਰਜ਼ਾ ਖਾਨ ਨੇ ਕਿਹਾ।




'ਅਸਾਂ ਹੁਕਮ ਕੀਤਾ ਸੀ ਕਿ ਸਾਰੇ ਸਿੱਖ ਮੌਤ ਦੇ ਘਾਟ ਉਤਾਰ ਦਿੱਤੇ ਜਾਣ। ਜਾਦੂਗਰ ਬੰਦੇ ਨੂੰ ਲੋਹੇ ਦੇ ਪਿੰਜਰੇ ਵਿਚ ਬੰਦ ਕਰਕੇ ਸਾਡੀ ਹਜ਼ੂਰੀ ਵਿਚ ਪੇਸ਼ ਕੀਤਾ ਜਾਵੇ।' ਬਾਦਸ਼ਾਹ ਨੇ ਆਖਿਆ।

ਸ਼ਹਿਨਸ਼ਾਹੇ ਆਲਮ! ਹੁਕਮ ਦੀ ਪਾਲਣਾ ਹੋ ਰਹੀ ਹੈ। ਸਿੱਖਾਂ ਨੂੰ ਖ਼ਤਮ ਕੀਤਾ ਜਾ ਰਿਹਾ ਹੈ ਜਾਦੂਗਰ ਬੰਦਾ ਗ੍ਰਿਫ਼ਤਾਰ ਹੋ ਚੁੱਕਿਆ ਹੈ। ਉਸਨੂੰ ਸ਼ਹਿਨਸ਼ਾਹ ਆਲਮ ਦੀ ਹਜ਼ੂਰੀ ਵਿਚ ਏਥੇ ਲਾਹੌਰ ਵਿਚ ਪੇਸ਼ ਕੀਤਾ ਜਾਵੇ ਜਾਂ ਦਿੱਲੀ ਵਿਚ। ਮਿਰਜ਼ਾ ਖਾਨ ਨੇ ਆਖਿਆ। ਬਾਦਸ਼ਾਹ ਨੂੰ ਖ਼ੁਸ਼ ਕਰਨ ਲਈ ਆਖਿਆ। ਬਾਦਸ਼ਾਹ ਨੂੰ ਖ਼ੁਸ਼ ਕਰਨ ਲਈ ਉਸਦੇ ਸਾਹਮਣੇ ਝੂਠ ਬੋਲਣ ਬਿਨਾਂ ਕੋਈ ਭੀ ਚਾਰਾ ਨਹੀਂ ਸੀ ਰਹਿ ਗਿਆ।

'ਬਹੁਤ ਖ਼ੂਬ, ਕਾਫ਼ਰ ਜਾਦੂਗਰ ਨੂੰ ਏਥੇ ਹੀ ਸਾਡੀ ਹਜ਼ੂਰੀ ਵਿਚ ਪੇਸ਼ ਕੀਤਾ ਜਾਵੇ', ਬਾਦਸ਼ਾਹ ਨੇ ਕਿਹਾ। ਅਚਾਨਕ ਹੀ ਉਸਦੀ ਨਜ਼ਰ ਹਾਜੀ ਮੌਲਾ ਬਖ਼ਸ਼ ਤੇ ਉਹਦੇ ਸਾਥੀ ਤੇ ਪਈ। ਉਸ ਨੇ ਚੀਕ ਕੇ ਆਖਿਆ-ਇਹਨਾਂ ਸੁੰਨੀਆਂ ਨੂੰ ਸਾਡੇ ਪਾਸ ਕਿਉਂ ਲਿਆਇਆ ਏ ਮਿਰਜ਼ਾ ਖਾਨ, ਇਹਨਾਂ ਕਾਫ਼ਰਾਂ ਨੂੰ ਕਤਲ ਕਰਕੇ ਇਹਨਾਂ ਦੀਆਂ ਲਾਸ਼ਾਂ ਦਰਿਆ ਵਿਚ ਸੁਟਵਾ ਦੋ।'

'ਸ਼ਹਿਨਸ਼ਾਹ ਆਲਮ ਇਹ ਤਾਂ ਪੰਜਾਬ ਦੇ ਸਭ ਤੋਂ ਵੱਡੇ ਸ਼ੀਆ ਆਗੂ ਖਾਨ ਬਹਾਦਰ ਹਾਜੀ ਮੌਲਾ ਬਖ਼ਸ਼ ਸਾਹਿਬ ਤੁਹਾਡੇ ਦਰਸ਼ਨਾਂ ਲਈ ਆਏ ਹਨ। ਸੰਨੀ ਕਾਫ਼ਰਾਂ ਵਿਰੁੱਧ ਲੜਾਈ ਵਿਚ ਇਹਨਾਂ ਬੜੀ ਬਹਾਦਰੀ ਨਾਲ ਅਗਵਾਈ ਕੀਤੀ ਹੈ। ਇਹ ਤਾਂ ਇਨਾਮ ਦੇ ਹੱਕਦਾਰ ਹਨ।' ਮਿਰਜ਼ਾ ਖਾਨ ਨੇ ਦੱਸਿਆ।

'ਬਹੁਤ ਖ਼ੂਬ, ਬਹੁਤ ਖ਼ੂਬ, ਫੇਰ ਇਹ ਸ਼ਹਿਨਸ਼ਾਹੇ ਆਲਮ ਤੋਂ ਆਪਣਾ ਇਨਾਮ ਲੈਣ ਲਈ ਅੱਗੇ ਆਉਣ।' ਬਾਦਸ਼ਾਹ ਨੇ ਕਿਹਾ। ਹਾਜੀ ਮੌਲਾ ਬਖ਼ਸ਼ ਨੇ ਅਗੇ ਝੁਕ ਕੇ ਸਲਾਮ ਕੀਤਾ ਤੇ ਬਾਦਸ਼ਾਹ ਨੇ ਥਾਲ ਵਿਚ ਪਈਆਂ ਸੋਨੇ ਦੀਆਂ ਮੋਹਰਾਂ ਵਿਚੋਂ ਇਕ ਬੁੱਕ ਭਰਕੇ ਉਸ ਵਲ ਵਧਾ ਦਿੱਤਾ। ਆਪਣੇ ਕੁੜਤੇ ਦੀ ਝੋਲੀ ਬਣਾ ਕੇ ਹਾਜੀ ਹੁਰਾਂ ਉਹ ਮੋਹਰਾਂ ਉਸ ਵਿਚ ਪੁਆ ਲਈਆਂ। ਮਿਰਜ਼ਾ ਖਾਨ ਨੇ ਉਨਾਂ ਦੋਹਾਂ ਨੂੰ ਤਖ਼ਤ ਦੇ ਸਾਹਮਣੇ ਖੱਬੀ ਲਾਈਨ ਵਿਚ ਪਈਆਂ ਦੋ ਖ਼ਾਲੀ ਕੁਰਸੀ ਤੇ ਬਿਠਾ ਦਿੱਤਾ।

'ਫ਼ੌਜਦਾਰ ਫਿਰੋਜ਼ ਖਾਨ ਕਿਥੇ ਮਰ ਗਿਆ ਹੈ?' ਬਾਦਸ਼ਾਹ ਚੀਕਿਆ।

'ਸ਼ਹਿਨਸ਼ਾਹ ਸਲਾਮਤ, ਇਹ ਖਾਦਮ ਹਾਜ਼ਰ ਹੈ।' ਫਿਰੋਜ਼ ਖਾਨ ਨੇ ਉੱਠ ਕੇ ਝੁਕ ਕੇ ਸਲਾਮ ਕਰਦੇ ਹੋਏ ਆਪਣੀ ਹਾਜ਼ਰੀ ਲਗਵਾਈ।

'ਸਾਡੇ ਕਲ ਦੇ ਹੁਕਮ ਤੇ ਅਮਲ ਹੋਇਆ ਹੈ ਕਿ ਨਹੀਂ?' ਬਾਦਸ਼ਾਹ ਨੇ ਪੁੱਛਿਆ।

'ਸ਼ਹਿਨਸ਼ਾਹ ਆਲਮ, ਪੂਰੀ ਤਰਾਂ ਹੋਇਆ ਹੈ ਤੇ ਹੋ ਰਿਹਾ ਹੈ। ਉਸਨੇ ਸਿਰ ਨਿਵਾ ਕੇ ਉਤਰ ਦਿੱਤਾ।

'ਵੇਖ ਜੇਕਰ ਸ਼ਹਿਰ ਵਿਚ ਇਕ ਭੀ ਕੁੱਤਾ ਰਾਤ ਤਕ ਰਹਿ ਗਿਆ ਤਾਂ ਤੈਨੂੰ ਫਾਂਸੀ ਦੇ ਦਿੱਤੀ ਜਾਵੇਗੀ।' ਬਾਦਸ਼ਾਹ ਨੇ ਕਿਹਾ ਇਹ ਕਹਿੰਦੇ ਹੋਏ ਉਸਨੇ ਮਿਰਜ਼ਾ ਖਾਨ ਵਲ ਵੇਖਦੇ ਹੋਏ ਆਖਿਆ-'ਇਹ ਹੁਕਮ ਲਿਖ ਕੇ ਰੱਖ ਲੈ।'

'ਬਹੁਤ ਅੱਛਾ ਸ਼ਹਿਨਸ਼ਾਹ ਸਲਾਮਤ?' ਮਿਰਜ਼ਾ ਖਾਨ ਨੇ ਉਤਰ ਦਿੱਤਾ।

ਬਾਦਸ਼ਾਹ ਕੁਝ ਦੇਰ ਤਕ ਚੁੱਪ ਬੈਠਾ ਰਿਹਾ, ਇਉਂ ਜਾਪਦਾ ਸੀ ਕਿ ਉਹ ਕਿਸੇ ਗੰਭੀਰ ਸੋਚ ਵਿਚ ਪਿਆ ਹੋਇਆ ਹੈ। ਫੇਰ ਉਸਨੇ ਅਚਾਨਕ ਹੀ ਬੋਲਣਾ ਸ਼ੁਰੂ ਕਰ ਦਿੱਤਾ।

'ਓਏ ਮਿਰਜ਼ਾ ਖਾਨਾ।'

'ਸ਼ਹਿਨਸ਼ਾਹ ਸਲਾਮਤ!'

'ਸਾਡਾ ਨਵਾਂ ਹੁਕਮ ਲਿਖ ਲੈ।'

ਲਿਖਾਓ ਸ਼ਹਿਨਸ਼ਾਹੇ-ਆਲਮ।'

'ਲਾਹੌਰ ਸ਼ਹਿਰ ਦੇ ਸਾਰੇ ਸਾਧੂ ਫ਼ਕੀਰ ਤੇ : ਮੰਗਤੇ ਕਤਲ ਕਰ ਦਿੱਤੇ ਜਾਣ। ਭਾਵੇਂ ਉਹ ਸਿੱਖ ਹੋਣ, ਭਾਵੇਂ ਹਿੰਦੂ, ਭਾਵੇਂ ਸ਼ੀਆ ਹੋਣ ਤੇ ਭਾਵੇਂ ਸੁੰਨੀ ਇਹਨਾਂ ਵਿਚੋਂ ਸਵੇਰ ਤਕ ਕੋਈ ਇਕ ਭੀ ਜਿਉਂਦਾ ਨਹੀਂ ਰਹਿਣਾ ਚਾਹੀਦਾ। ਇਹਨਾਂ ਕੰਬਖ਼ਤਾਂ ਨੇ ਤਾਂ ਗੰਦ ਪਾ ਰੱਖਿਆ। ਹੈ।' ਬਾਦਸ਼ਾਹ ਨੇ ਇਹ ਨਵਾਂ ਹੁਕਮ ਲਿਖਾਇਆ, ਮਿਰਜ਼ਾ ਖਾਨ ਨੇ ਇਹ ਵੀ ਲਿਖ ਲਿਆ।

ਬਾਦਸ਼ਾਹ ਦੇ ਸਾਹਮਣੇ ਬੈਠੇ ਲਾਹੌਰ ਦੇ ਸੂਬੇਦਾਰ ਉਸਦੇ ਸਾਹਿਬਜ਼ਾਦੇ ਜ਼ਹਾਨਦਾਰ ਸ਼ਾਹ ਨੇ ਮੱਥੇ 'ਤੇ ਹੱਥ ਮਾਰਿਆ, ਉਸਦੇ ਦੂਜੇ ਸ਼ਹਿਜ਼ਾਦੇ ਰਫੀਉਲ ਸ਼ਾਨ ਦੀਆਂ ਅੱਖਾਂ ਵਹਿ ਤੁਰੀਆਂ।

ਅਚਾਨਕ ਦੀਵਾਨ ਖਾਨੇ ਦੇ ਇਕ ਸ਼ਾਹੀ ਦਰਬਾਰ ਵਿਚ ਹਲਚਲੀ ਮੱਚ ਗਈ। ਬਾਦਸ਼ਾਹ ਜ਼ੋਰ ਜ਼ੋਰ ਦੀ ਬੋਲਣ ਲਗ ਪਿਆ ਸੀ, ਜੋ ਮੂੰਹ ਆਉਂਦਾ ਉਹੋ ਬੋਲੀ ਜਾਂਦਾ ਸੀ। ਬੋਲਦੇ ਬੋਲਦੇ ਉਸਨੇ ਚਾਰੇ ਪੁੱਤਰਾਂ ਦੇ ਨਾਮ ਲੈ ਕੇ ਉਨਾਂ ਨੂੰ ਗਾਲਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ, ਸਾਰੇ ਵਜ਼ੀਰਾਂ ਨੂੰ ਗਾਲਾਂ ਦੇਣ ਲਗਾ ਤੇ ਫ਼ੌਜ ਦੇ ਸਾਰੇ ਸਰਦਾਰਾਂ ਨੂੰ ਭੀ ਉਸਨੇ ਕਿਹਾ- 'ਕਿਓਂ ਤੁਹਾਥੋਂ ਇਕ ਜਾਦੂਗਰ ਬੰਦਾ ਨਹੀਂ ਫੜਿਆ ਜਾਂਦਾ, ਮੈਂ ਆਪ ਉਸ ਕਾਫ਼ਰ ਨੂੰ ਫੜ ਕੇ ਵਿਖਾਉਂਦਾ ਹਾਂ।'

ਇਹ ਕਹਿੰਦਾ ਹੋਇਆ ਤਖ਼ਤ ਤੋਂ ਇਕ ਹੰਭਲਾ ਮਾਰਕੇ ਉੱਠਿਆ, ਪਰੰਤੂ ਤਖ਼ਤ ਤੋਂ ਹੇਠਾਂ ਨਹੀਂ ਆ ਸਕਿਆ, ਉੱਠਦੇ ਹੀ ਉਸਦੇ ਸਿਰ ਵਿਚ ਇਕ ਚੱਕਰ ਆਇਆ ਤੇ ਉਹ ਬੇਹੋਸ਼ ਹੋ ਕੇ ਡਿਗ ਪਿਆ। ਬਾਦਸ਼ਾਹ ਨੂੰ ਤੁਰੰਤ ਉੱਥੋਂ ਚੁੱਕਿਆ ਗਿਆ ਅਤੇ ਨਾਲ ਦੇ ਕਮਰੇ ਵਿਚ ਲੈ ਜਾ ਕੇ ਪਲੰਘ ਤੇ ਲਿਟਾ ਦਿੱਤਾ ਗਿਆ। ਹੁਣ ਹਕੀਮ ਆਜ਼ਮ ਹਾਜੀ ਮੌਲਾ ਬਖ਼ਸ਼ ਨੇ ਉਸਦਾ ਮੁਆਇਨਾ ਕੀਤਾ ਹੱਥ ਦੀ ਨਬਜ਼ ਵੇਖੀ, ਉਸਦਾ ਦਿਲ ਟਟੋਲਿਆ, ਉਸਦੇ ਸਿਰ ਤੇ ਹੱਥ ਰੱਖ ਕੇ ਉਸਦੇ ਦਿਮਾਗ਼ ਦੀ ਪੜਚੋਲ ਕੀਤੀ। ਇਸ ਸਮੇਂ ਮਿਰਜ਼ਾ ਖਾਨ ਤੇ ਹਾਜੀ ਮੌਲਾ ਬਖ਼ਸ਼ ਤੋਂ ਬਿਨਾਂ ਬਾਦਸ਼ਾਹ ਪਾਸ ਕੋਈ ਭੀ ਦੂਸਰਾ ਬੰਦਾ ਨਹੀਂ ਸੀ। ਹਾਜੀ ਮੌਲਾ ਬਖ਼ਸ਼ ਨੇ ਕਰਤਾਰ ਸਿੰਘ ਨੂੰ ਦੀਵਾਨ ਖਾਨੇ ਵਿਚੋਂ ਸੱਦ ਲਿਆ। ਦਵਾਈਆਂ ਵਾਲਾ ਬਕਸਾ ਹਾਲਾਂ ਤਕ ਉਹਦੇ ਪਾਸ ਸੀ।'

(ਚਲਦਾ...)

# ਕਿਸਾਨ ਆਗੂ ਰਾਜੇਵਾਲ ਨੇ ਨਿਸ਼ਾਨ ਸਾਹਿਬ ਤੇ ਨਿਹੰਗ ਸਿੰਘਾਂ ਵਿਰੁੱਧ ਕੀਤੀ ਟਿੱਪਣੀ

## ✪ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਨੂੰ ਵਡਿਆਇਆ ✪ ਸਿੱਖ ਨੌਜਵਾਨਾਂ, ਸਿੱਖ ਬੁੱਧੀਜੀਵੀਆਂ ਤੇ ਪੰਥਕ ਜਥੇਬੰਦੀਆਂ ਨੇ ਕੀਤਾ ਸਖ਼ਤ ਵਿਰੋਧ ✪ ਮਾਫ਼ੀ ਮੰਗ ਕੇ ਹੋਇਆ ਛੁਟਕਾਰਾ, ਕਿਹਾ ਕਿ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੀ ਹੈ ਤਾਂ ਖਿਮਾ ਦਾ ਜਾਚਕ ਹਾਂ

ਨਵੀਂ ਦਿੱਲੀ : ਸੰਯੁਕਤ ਕਿਸਾਨ ਮੋਰਚੇ ਦੇ ਮੰਚ ਤੋਂ ਸੰਬੋਧਨ ਕਰਦਿਆਂ ਸੀਨੀਅਰ ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਦੇ ਉਸ ਭਾਸ਼ਣ ਨੇ ਸਿੱਖ ਪੰਥ ਵਿਚ ਗ਼ੁੱਸਾ ਸਹੇੜ ਲਿਆ ਹੈ, ਜਿਸ ਵਿਚ ਉਨਾਂ ਨੇ ਕਿਸਾਨਾਂ ਦੇ ਧਰਨੇ ਵਾਲੀ ਥਾਂ ’ਤੇ ਨਿਸ਼ਾਨ ਸਾਹਿਬ ਲਾਉਣ ਤੋਂ ਗੁਰੇਜ਼ ਕਰਨ ਦੀ ਸਲਾਹ ਦਿੱਤੀ ਹੈ ਤੇ ਨਿਹੰਗ ਸਿੰਘਾਂ ਨੂੰ ਵੀ ਬੇਨਤੀ ਕੀਤੀ ਕਿ ਉਨਾਂ ਨੂੰ ਆਪਣੀ ਛਾਉਣੀ ਪੁੱਟ ਕੇ ਕਿਸੇ ਹੋਰ ਖੁੱਲੀ ਥਾਂ ਚਲੇ ਜਾਣਾ ਚਾਹੀਦਾ ਹੈ, ਕਿਉਂਕਿ ਇਸ ਵੇਲੇ ਉਨਾਂ ਦੀਆਂ ਸੇਵਾਵਾਂ ਦੀ ਲੋੜ ਕਿਸਾਨ ਮੋਰਚੇ ਵਿਚ ਨਹੀਂ। ਇਸ ਦੇ ਨਾਲ ਹੀ ਰਾਜੇਵਾਲ ਨੇ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਪੋਤੇ ਤੇ ਲੁਧਿਆਣੇ ਤੋਂ ਕਾਂਗਰਸ ਦੀ ਐੱਮਪੀ ਰਵਨੀਤ ਸਿੰਘ ਬਿੱਟੂ ਦੀ ਵੀ ਆਲੋਚਨਾ ਕੀਤੀ ਤੇ ਮੁੱਖ ਮੰਤਰੀ ਬੇਅੰਤ ਸਿੰਘ ਦੀ ਤਾਰੀਫ਼ ਕੀਤੀ। ਤਿੱਖੇ ਪੰਥਕ ਵਿਰੋਧ ਨੂੰ ਦੇਖਦਿਆਂ ਰਾਜੇਵਾਲ ਨੇ ਕਿਹਾ ਕਿ ਉਨਾਂ ਦੀ ਮਨਸ਼ਾ ਕਿਸੇ ਦੇ ਮਨ ਨੂੰ ਠੇਸ ਪਹੁੰਚਾਉਣ ਦੀ ਨਹੀਂ ਸੀ। ਜੇ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੀ ਹੈ ਤਾਂ ਮੈਂ ਖਿਮਾ ਦਾ ਜਾਚਕ ਹਾਂ।

ਕੀ ਕਿਹਾ ਸੀ ਰਾਜੇਵਾਲ ਨੇ

ਬਲਬੀਰ ਸਿੰਘ ਰਾਜੇਵਾਲ ਨੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਿੱਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ ਹੋਵੇ ਉੱਥੇ ਹੀ ਨਿਸ਼ਾਨ ਸਾਹਿਬ ਲਾਉਣਾ ਚਾਹੀਦਾ ਹੈ। ਉਨਾਂ ਕਿਹਾ ਕਿ ਜਿਹੜੇ ਟ੍ਰੈਕਟਰਾਂ ’ਤੇ ਵੀ ਨਿਸ਼ਾਨ ਸਾਹਿਬ ਲੱਗੇ ਹਨ ਉਨਾਂ ਤੋਂ ਮੀਡੀਏ ਦਾ ਇਕ ਹਿੱਸਾ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਕਿਸਾਨ ਸੰਘਰਸ਼ ਗਰਮਖ਼ਿਆਲੀਆਂ ਤੇ ਖਾਲਿਸਤਾਨੀਆਂ ਦਾ ਹੈ। ਨਿਸ਼ਾਨ ਸਾਹਿਬ ਨੂੰ ਖਾਲਿਸਤਾਨੀ ਝੰਡਾ ਦਰਸਾਇਆ ਜਾ ਰਿਹਾ ਹੈ। ਰਾਜੇਵਾਲ ਨੇ ਅੱਗੇ ਸੰਬੋਧਨ ਕਰਦਿਆਂ ਨਿਹੰਗ ਸਿੰਘਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਛਾਉਣੀ ਪੁੱਟ ਦੇ ਕਿਸੇ ਹੋਰ ਖੁੱਲੀ ਥਾਂ ਚਲੇ ਜਾਣ, ਕਿਉਂਕਿ ਉਨਾਂ ਦੀ ਕਿਸਾਨ ਮੋਰਚੇ ਵਿਚ ਮੌਜੂਦਗੀ ਦਾ ਕਿਤੇ ਗ਼ਲਤ ਅਰਥ ਨਾ ਲੈ ਲਿਆ ਜਾਵੇ। ਉਨਾਂ ਲੁਧਿਆਣੇ ਤੋਂ ਕਾਂਗਰਸ ਦੇ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਦੀ ਵੀ ਇਸ ਗੱਲੋਂ ਆਲੋਚਨਾ ਕੀਤੀ ਕਿ ਉਹ ਬੇਲੋੜੇ ਬਿਆਨ ਦੇ ਰਹੇ ਹਨ। ਰਾਜੇਵਾਲ ਨੇ ਕਿਹਾ ਕਿ ਉਨਾਂ ਦੇ ਦਾਦੇ (ਬੇਅੰਤ ਸਿੰਘ) ਦੀ ਤਾਂ ਕੋਈ ਕੁਰਬਾਨੀ ਹੋ ਸਕਦੀ ਹੈ ਪਰ ਦਾਦੇ ਦੇ ਸਿਰ ’ਤੇ ਹੁਣ ਤਕ ਸਾਰਾ ਟੱਬਰ ਆਪਣੀ ਸਿਆਸਤ ਚਮਕਾ ਰਿਹਾ ਹੈ। ਬਲਬੀਰ ਸਿੰਘ ਰਾਜੇਵਾਲ ਨੇ ਟ੍ਰੈਕਟਰਾਂ ’ਤੇ ਡੈੱਕ ਲਾ ਕੇ ਉੱਚੀ ਆਵਾਜ਼ ਵਿਚ ਗਾਣੇ ਵਜਾਉਣ ਵਾਲੇ ਨੌਜਵਾਨਾਂ ਨੂੰ ਵੀ ਸੁਚੇਤ ਕੀਤਾ ਕਿ ਅਜਿਹਾ ਕਰਨ ਨਾਲ ਆਮ ਲੋਕਾਂ ਨੂੰ ਪ੍ਰੇਸ਼ਾਨੀ ਹੁੰਦੀ ਹੈ ਇਸ ਲਈ ਇੰਜ ਗਾਣੇ ਵਜਾਉਣਾ ਠੀਕ ਨਹੀਂ।

**ਕਿਸਾਨ ਆਗੂਆਂ ਨੂੰ ਦੇਣਾ ਪਿਆ ਸਪਸ਼ਟੀਕਰਨ :**

ਬਲਬੀਰ ਸਿੰਘ ਰਾਜੇਵਾਲ ਦੇ ਉਕਤ ਭਾਸ਼ਣ ਦੇ ਵਾਇਰਲ ਹੁੰਦਿਆਂ ਹੀ ਵੱਖ-ਵੱਖ ਜਥੇਬੰਦੀਆਂ ਤੇ ਲੋਕਾਂ ਵੱਲੋਂ ਬਿਆਨਬਾਜ਼ੀ ਸ਼ੁਰੂ ਹੋ ਗਈ। ਨਵੀਂ ਹੀ ਬਹਿਸ ਛਿੜ ਪਈ। ਕੋਈ ਰਾਜੇਵਾਲ ਦੇ ਬਿਆਨ ਨੂੰ ਠੀਕ ਠਹਿਰਾਉਣ ਲੱਗਾ ਤੇ ਕੋਈ ਗ਼ਲਤ। ਇਸ ਤੋਂ ਬਾਅਦ ਕਿਸਾਨ ਆਗੂਆਂ ਬਲਦੇਵ ਸਿੰਘ ਸਿਰਸਾ ਤੇ ਜਗਜੀਤ ਸਿੰਘ ਡੱਲੇਵਾਲ ਸਮੇਤ ਹੋਰਨਾਂ ਆਗੂਆਂ ਨੂੰ ਸਪਸ਼ਟੀਕਰਨ ਦੇਣਾ ਪਿਆ ਕਿ ਬਲਬੀਰ ਸਿੰਘ ਰਾਜੇਵਾਲ ਦੇ ਬਿਆਨ ਦੇ ਗ਼ਲਤ ਅਰਥ ਕੱਢੇ ਜਾ ਰਹੇ ਹਨ। ਕਿਸਾਨ ਆਗੂਆਂ ਨੇ ਕਿਹਾ ਕਿ ਰਾਜੇਵਾਲ ਸਾਲਾਂ ਤੋਂ ਕਿਸਾਨਾਂ ਦੇ ਹੱਕਾਂ ਦੀ ਲੜਾਈ ਲੜ ਰਹੇ ਹਨ ਤੇ ਬੀਤੇ ਸੋਮਵਾਰ ਦੇ ਭਾਸ਼ਣ ਵਿਚ ਵੀ ਉਨਾਂ ਜੋ ਨਸੀਹਤਾਂ ਦਿੱਤੀਆਂ ਹਨ ਉਹ ਇਸ ਗੱਲ ਨੂੰ ਧਿਆਨ ਵਿਚ ਰੱਖਦਿਆਂ ਹੀ ਦਿੱਤੀਆਂ ਹਨ ਕਿ ਕਿਸਾਨ ਸੰਘਰਸ਼ ’ਤੇ ਕਿਸੇ ਕਿਸਮ ਦਾ ਕੋਈ ਦਾਗ਼ ਨਾ ਲੱਗ ਜਾਵੇ। ਇਸ ਅੰਦੋਲਨ ’ਤੇ ਕਿਸੇ ਨੂੰ ਉਂਗਲ ਚੁੱਕਣ ਦਾ ਮੌਕਾ ਨਾ ਮਿਲ ਜਾਵੇ।

**ਪੰਥਕ ਚਿੰਤਕਾਂ ਤੇ ਆਗੂਆਂ ਵੱਲੋਂ ਵਿਰੋਧ**

ਪੰਥਕ ਤਾਲਮੇਲ ਸੰਗਠਨ ਨੇ ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਵੱਲੋਂ ਕਿਸਾਨ ਮੋਰਚੇ ਤੋਂ ਖ਼ਾਲਸਾਈ ਨਿਸ਼ਾਨ ਅਤੇ ਨਿਹੰਗ ਛਾਉਣੀ ਹਟਾਉਣ ਦੀ ਕੀਤੀ ਅਪੀਲ ਉਪਰੰਤ ਛਿੜੇ ਵਿਵਾਦ ’ਤੇ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਹੈ ਕਿ ਕਿਸਾਨ ਆਗੂ ਅਤੇ ਸੰਘਰਸ਼ ’ਚ ਸ਼ਾਮਿਲ ਲੋਕ ਆਪਸੀ ਸਹਿਚਾਰ ਤੇ ਸਾਂਝ ਨੂੰ ਪਹਿਲ ਦੇਣ। ਪੰਥਕ ਤਾਲਮੇਲ ਸੰਗਠਨ ਦੇ ਕੇ ਕਨਵੀਰ ਜਸਵਿੰਦਰ ਸਿੰਘ ਐਡਵੋਕੇਟ ਵੱਲੋਂ ਜਾਰੀ ਬਿਆਨ ਵਿਚ ਸੰਗਠਨ ਦੇ ਕਨਵੀਨਰ ਤੇ ਤਖ਼ਤ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਨੇ ਕਿਹਾ ਕਿ ਕਿਸਾਨੀ ਸੰਘਰਸ਼ ਕੌਮਾਂਤਰੀ ਲੋਕ ਅੰਦੋਲਨ ਦਾ ਰੂਪ ਧਾਰ




ਕਰ ਚੁੱਕਾ ਹੈ, ਜਿਸ ਵਿਚ ਹਰ ਧਰਮ, ਭਾਸ਼ਾ, ਲਿੰਗ, ਖੇਤਰ ਅਤੇ ਸੱਭਿਆਚਾਰ ਦੇ ਲੋਕ ਸ਼ਾਮਿਲ ਹਨ, ਜੋ ਦੇਸ਼ ਦੇ ਨਾਗਰਿਕ ਤੇ ਵੋਟਰ ਹਨ ਅਤੇ ਸੰਵਿਧਾਨਕ ਦਾਇਰੇ ’ਚ ਵਿਚਰਦੇ ਹਨ। ਉਨਾਂ ਸੰਗਠਨ ਵੱਲੋਂ ਅਪੀਲ ਕੀਤੀ ਕਿ ਇਸ ਲੋਕ ਅੰਦੋਲਨ ਦੀ ਸਫ਼ਲਤਾ ਲਈ ਜਿੱਥੇ ਸਭ ਨੂੰ ਸਵੈ-ਜ਼ਾਬਤਾ ਬਣਾਈ ਰੱਖਣ ਦੀ ਲੋੜ ਹੈ ਉੱਥੇ ਕੌਮੀ ਕਿਸਾਨ ਆਗੂ ਵੀ ਲੋਕਾਂ ਦੇ ਸਬਰ ਸਿਦਕ ’ਤੇ ਮਾਣ ਕਰਦਿਆਂ ਪੂਰੀ ਨਿਡਰਤਾ ਨਾਲ ਅੱਗੇ ਵਧਣ।

ਪ੍ਰਸਿੱਧ ਵਿਦਵਾਨ ਕਰਮਜੀਤ ਸਿੰਘ ਨੇ ਕਿਸਾਨ ਨੇਤਾ ਰਾਜੇਵਾਲ ਉੱਪਰ ਟਿੱਪਣੀ ਕਰਦਿਆਂ ਕਿਹਾ ਕਿ ਜਦੋਂ ਕੁਝ ਦਿਨ ਪਹਿਲਾਂ ਰਾਜੇਵਾਲ ਸਾਹਿਬ ਨੇ ਸਟੇਜ ’ਤੇ ਬੋਲਦਿਆਂ ਇਹ ਕਿਹਾ ਕਿ ਇਸ ਸੰਘਰਸ਼ ਨੂੰ ਧਾਰਮਿਕ ਰੰਗਤ ਨਾ ਦਿੱਤੀ ਜਾਵੇ ਤਾਂ ਕਾਫ਼ੀ ਸੁਘੜ ਸਿਆਣੇ ਬੰਦਿਆਂ ਦੇ ਕੰਨ ਉਸ ਸਮੇਂ ਹੀ ਖੜੇ ਹੋ ਗਏ ਸਨ ਕਿ ਇਹ ਬੰਦਾ ਭਾਵੇਂ ਕਿੰਨਾ ਵੀ ਗਿਆਨਵਾਨ ਹੋਵੇ, ਪਰ ਇਹ ਪੰਜਾਬ ਦੀ ਰੂਹ ਤੋਂ, ਪੰਜਾਬ ਦੀ ਧੜਕਣ ਤੋਂ ਦੂਰ ਵੀ ਜਾ ਰਿਹਾ ਹੈ ਅਤੇ ਨਾਲ ਹੀ ਇਹ ਵੀ ਨਹੀਂ ਸਮਝ ਰਿਹਾ ਕਿ ਜੇ ਇਸ ਨੂੰ ਕੋਈ ਮਾਣ ਸਤਿਕਾਰ ਮਿਲ ਰਿਹਾ ਹੈ ਤਾਂ ਉਹ ਨੌਜਵਾਨਾਂ ਦਾ ਕ੍ਰਿਸ਼ਮਾ ਹੈ ਜਿਨਾਂ ਨੇ ਸੀਤ ਠੰਢ ਵਾਲੇ ਦਿਨ-ਰਾਤ ਅਰਥਾਤ ਅਠਤਾਲ਼ੀ ਘੰਟਿਆਂ ਦੀ ਜੱਦੋ ਜਹਿਦ ਵਿੱਚ ਆਪਣੇ ਪਿੰਡਿਆਂ ਤੇ ਤਸ਼ੱਦਦ ਝੱਲ ਕੇ ਇਸ ਨੂੰ ਦਿੱਲੀ ਤੱਕ ਪਹੁੰਚਾਇਆ। ਹੋਰ ਕਈ ਆਗੂਆਂ ਦੇ ਨਾਲ ਇਹ ਸੱਜਣ ਵੀ ਇਹੋ ਉਪਦੇਸ਼ ਦਿੰਦਾ ਰਿਹਾ ਸੀ ਕਿ ਜਿੱਥੇ ਸਾਨੂੰ ਸਰਕਾਰ ਰੋਕੇਗੀ ਅਸੀਂ ਉੱਥੇ ਹੀ ਧਰਨੇ ’ਤੇ ਬੈਠ ਜਾਵਾਂਗੇ। ਉਨਾਂ ਨੇ ਇੱਕ ਵਾਰ ਵੀ ਖੁੱਲਦਿਲੀ ਵਿਖਾ ਕੇ ਇਹ ਨਹੀਂ ਮੰਨਿਆ ਕਿ ਸਾਨੂੰ ਇੱਥੇ ਲਿਆਉਣ ਵਾਲੇ ਅਤੇ ਦੁਨੀਆ ਵਿੱਚ ਪ੍ਰਸਿੱਧੀ ਦਿਵਾਉਣ ਵਾਲੇ ਇਹ ਵੀਹ ਪੱਚੀ ਵਰਿਆਂ ਦੇ ਮੁੰਡੇ ਹੀ ਹਨ। ਪਰ ਹੁਣ ਇਹ ਰਾਜੇਵਾਲ ਸਾਹਿਬ ਕਦੇ ਡਿਸਪਲਿਨ ਦਾ ਉਪਦੇਸ਼ ਦਿੰਦੇ ਹਨ ਅਤੇ ਕਦੇ ਉਲਟੀਆਂ ਸਿੱਧੀਆਂ ਗੱਲਾਂ ਕਰ ਕੇ ਸੰਗਤਾਂ ਵਿੱਚ ਵੱਖਰੀ ਕਿਸਮ ਦਾ ਡਰ ਪੈਦਾ ਕਰ ਰਹੇ ਹਨ।

ਉਨਾਂ ਕਿਹਾ ਕਿ ਇਹ ਠੀਕ ਹੈ ਕਿ ਉਨਾਂ ਨੂੰ ਖੇਤੀ ਬਿੱਲਾਂ ਬਾਰੇ ਗਿਆਨ ਹੈ, ਪਰ ਗਿਆਨ ਦੇ ਬੂਟੇ ਨੂੰ ਜੇ ਹੰਝੂਆਂ ਦਾ ਪਾਣੀ ਦਿੱਤਾ ਹੈ ਤਾਂ ਉਹ ਨੌਜਵਾਨਾਂ ਨੇ ਦਿੱਤਾ ਹੈ ਅਤੇ ਇਤਿਹਾਸ ਵਿੱਚ ਇਹੋ ਜਿਹੀਆਂ ਕਰਾਮਾਤਾਂ ਕਦੇ ਕਦੇ ਹੀ ਹੁੰਦੀਆਂ ਹਨ। ਪਰ ਇਸ ਕਰਾਮਾਤ ਦਾ ਭਾਰ, ਅਹਿਸਾਨ ਅਤੇ ਅਹਿਸਾਸ ਰਾਜੇਵਾਲ ਦੀ ਰੂਹ ਮਹਿਸੂਸ ਵੀ ਨਹੀਂ ਕਰ ਰਹੀ। ਉਹ ਬੇਲਗਾਮ ਘੋੜੇ ਉੱਤੇ ਚੜ ਕੇ ਕੁਝ ਵੀ ਬੋਲੀ ਜਾ ਰਹੇ ਹਨ ਅਤੇ ਇਹ ਸੋਚ ਰਹੇ ਹਨ ਕਿ ਜੋ ਕੁਝ ਉਹ ਕਹਿਣਗੇ ਸੰਗਤਾਂ ਉਨਾਂ ਨੂੰ ਖਿੜੇ ਮੱਥੇ ਪ੍ਰਵਾਨ ਕਰ ਲੈਣਗੀਆਂ। ਪਰ ਰਾਜੇਵਾਲ ਸਾਹਿਬ! ਉਹ ਦਿਨ ਹੁਣ ਚਲੇ ਗਏ ਹਨ, ਜਦੋਂ ਕੋਈ ਇੱਕ ਬੰਦਾ ਸਾਰੇ ਸੰਘਰਸ਼ ਨੂੰ ਹਾਈਜੈਕ ਕਰ ਲੈਂਦਾ ਸੀ। ਹੁਣ ਹਕੀਕਤ ਇਹ ਹੈ ਕਿ ਭਾਵੇਂ ਸੰਘਰਸ਼ ਦੀ ਅਗਵਾਈ ਜਥੇਬੰਦੀਆਂ ਹੀ ਕਰ ਰਹੀਆਂ ਹਨ ਪਰ ਇਨਾਂ ਜਥੇਬੰਦੀਆਂ ਦੀ ਅਗਵਾਈ ਸੰਗਤ ਕਰ ਰਹੀ ਹੈ। ਇਹ ਚਮਤਕਾਰ ਇਤਿਹਾਸ ਵਿੱਚ ਪਹਿਲੀ ਵਾਰ ਵਾਪਰਿਆ ਹੈ। ਪਰ ਇਹੋ ਜਿਹੀ ਅਗਵਾਈ ਦਾ ਸਿਧਾਂਤ ਰਾਜੇਵਾਲ ਸਾਹਿਬ ਨੂੰ ਨਜ਼ਰ ਹੀ ਨਹੀਂ ਆ ਰਿਹਾ। ਹੁਣ ਰਾਜੇਵਾਲ ਸਾਹਿਬ ਨੂੰ ਨਿਹੰਗ ਸਿੰਘਾਂ ਤੋਂ ਪ੍ਰੇਸ਼ਾਨੀ ਹੋ ਰਹੀ ਹੈ, ਸਾਡੇ ਨਿਸ਼ਾਨ ਸਾਹਿਬ ਤੋਂ ਘਬਰਾਹਟ ਹੋ ਰਹੀ ਹੈ। ਉਹ ਇੱਥੇ ਹੀ ਨਹੀਂ ਰੁਕੇ ਸਗੋਂ ਉਸ ਜ਼ਾਲਮ ਮੁੱਖ ਮੰਤਰੀ ਬੇਅੰਤ ਸਿੰਘ ਦੀਆਂ ਕਾਰਵਾਈਆਂ ਨੂੰ ਕੁਰਬਾਨੀ ਕਹਿ ਕੇ ਵਡਿਆ ਰਹੇ ਹਨ ਜਿਸ ਨੇ ਆਪਣੇ ਰਾਜ ਦੌਰਾਨ ਹਜ਼ਾਰਾਂ ਨੌਜਵਾਨਾਂ ਦਾ ਖ਼ੂਨ ਪੀਤਾ ਅਤੇ ਮਨੁੱਖੀ ਅਧਿਕਾਰਾਂ ਦੇ ਰਾਖੇ ਸਰਦਾਰ ਜਸਵੰਤ ਸਿੰਘ ਖਾਲੜਾ ਨੂੰ ਸ਼ਹੀਦ ਕਰਵਾਇਆ ਜਿਸ ਨੇ ਪੱਚੀ ਹਜ਼ਾਰ ਨੌਜਵਾਨਾਂ ਦੀ ਸ਼ਹੀਦੀ ਦਾ ਹਿਸਾਬ ਕਿਤਾਬ ਮੰਗਿਆ ਸੀ ਅਤੇ ਜੋ ਲਾਪਤਾ ਕਹਿ ਕੇ ਸਰਕਾਰ ਨੇ ਦਰਿਆਵਾਂ ਵਿੱਚ ਰੋੜ ਦਿੱਤੇ ਸਨ। ਤਾਂ ਫਿਰ ਹਰ ਇੱਕ ਜਾਗਦਾ ਵਿਅਕਤੀ ਅੱਜ ਇਹ ਪੁੱਛ ਰਿਹਾ ਹੈ ਕਿ ਆਖ਼ਿਰਕਾਰ ਰਾਜੇਵਾਲ ਸਾਹਿਬ ਨੂੰ ਇਹੋ ਜਿਹੀਆਂ ਗੱਲਾਂ ਕਰਨ ਲਈ ਕੌਣ ਮਜਬੂਰ ਕਰ ਰਿਹਾ ਹੈ? ਜਾਂ ਉਨਾਂ ਦੇ ਧੁਰ ਅੰਦਰਲੀ ਮਾਨਸਿਕਤਾ ਵਿੱਚ ਕੀ ਪੰਜਾਬ ਦੀ ਰੂਹ ਨਾਲ ਬੇਵਫ਼ਾਈ ਕਰਨ ਦੇ ਬੀਜ ਲੁਕੇ ਪਏ ਸਨ?

ਸੀਨੀਅਰ ਪੱਤਰਕਾਰ ਸੁਖਦੇਵ ਸਿੰਘ ਦਾ ਕਹਿਣਾ ਹੈ ਕਿ ਰਾਜੇਵਾਲ ਮੋਦੀ ਸਰਕਾਰ ਦੀ ਸਮਝਾਊ ਮੁਹਿੰਮ ਦੀ ਲਪੇਟ ਵਿਚ ਆ ਗਿਆ ਹੈ। ਸੈਂਟਰ ਵਾਲੇ ਚਾਹੁੰਦੇ ਹਨ ਮੂਵਮੈਂਟ ਨੂੰ ਥਕਾ ਦਿੱਤਾ ਜਾਵੇ, ਜੇ ਥੱਕੇ ਨਾ ਤਾਂ ਇਸ ਵਿਚ ਫੁੱਟ ਪਵਾ ਦਿੱਤੀ ਜਾਵੇ। ਆਰ ਐਸ ਐਸ ਦਾ ਤਾਂ ਅਪਣਾ ਵੱਖਰਾ ਧਵਜ ਹੈ ਜਿਸ ਨੂੰ ਉਹ ਪ੍ਰਨਾਮ ਕਰਦੇ ਹਨ। ਬੀਜੇਪੀ ਜਾਂ ਆਰ ਐਸ ਐਸ ਨੇ ਸਿੱਖਾਂ ਨੂੰ ਕਦੇ ਨਹੀਂ ਕਿਹਾ ਕਿ ਉਹ ਆਪਣਾ ਨਿਸ਼ਾਨ ਸਾਹਿਬ ਹਟਾ ਦੇਣ। ਉਲਟਾ ਰੇਲਵੇ ਵਿਭਾਗ ਦੀ ਕੇਟਰਿੰਗ ਐਂਡ ਫਾਈਨਾਂਸ ਕਾਰਪੋਰੇਸ਼ਨ ਨੇ ਲੱਖਾਂ ਸਿੱਖਾਂ ਅੰਦਰ ਆਰ ਐਸ ਐਸ ਅਤੇ ਬੀਜੇਪੀ ਦੇ ਸਿੱਖਾਂ ਨਾਲ ਸਬੰਧਾਂ ਬਾਰੇ 47 ਸਫ਼ੇ ਦਾ ਇਕ ਕਿਤਾਬਚਾ ਵੰਡਿਆ ਹੈ। ਫੇਰ ਇਹ ਨਿਸ਼ਾਨ ਸਾਹਿਬ ਉੱਪਰ ਵਿਵਾਦ ਕਿਥੋਂ ਆ ਗਿਆ? ਕਿਤੇ ਗਰਾਰੀਆਂ ਅੰਦਰ ਗਰਾਰੀਆਂ ਤਾਂ ਨਹੀਂ ਚੱਲ ਰਹੀਆਂ ਜਿਹੜੀਆਂ ਰਾਜੇਵਾਲ ਵਰਗੀਆਂ ਕਮਜ਼ੋਰ ਕੜੀਆਂ ਨੂੰ ਬਰੀਫ ਕਰਦੀਆਂ ਹਨ?

ਕੈਨੇਡਾ ਤੋਂ ਪੱਤਰਕਾਰ ਤੇ ਸਿੱਖ ਚਿੰਤਕ ਡਾ. ਗੁਰਵਿੰਦਰ ਸਿੰਘ ਨੇ ਰਾਜੇਵਾਲ ਉੱਪਰ ਟਿੱਪਣੀ ਕਰਦਿਆਂ ਕਿਹਾ ਕਿ ਬਲਬੀਰ ਸਿੰਘ ਰਾਜੇਵਾਲ ਨੇ ਭਾਸ਼ਣ ਵਿੱਚ ਜੋ ਕੁਝ ਕਿਹਾ, ਉਸ ਵਿਚ ਭਗਵੇਂ ਬ੍ਰਿਗੇਡ, ਸਰਕਾਰੀ ਆਈ ਟੀ ਸੈੱਲ ਅਤੇ ਅੰਦੋਲਨ ਵਿਰੋਧੀ ਤਾਕਤਾਂ ਨੂੰ ਬਲ ਮਿਲਿਆ ਹੈ। ਅੱਜ ਸੰਘਰਸ਼ ਵਿਚ ਸਿੱਖ, ਮੁਸਲਮਾਨ, ਹਿੰਦੂ, ਜੈਨੀ, ਬੋਧੀ ਸਾਰੇ ਇਕੱਠੇ ਹੋ ਕੇ, ਆਪੋ ਆਪਣੇ ਧਰਮ ਪ੍ਰਤੀ ਸਮਰਪਿਤ ਹਨ, ਕਿਤੇ ਖੱਬੇ ਪੱਖੀ ਧਿਰਾਂ ਜਾਂ ਅਵਿਸ਼ਵਾਸੀ ਲੋਕ ਆਪਣੀ ਭਾਵਨਾ ਨਾਲ ਕਿਸਾਨੀ ਮੁੱਦੇ ’ਤੇ ਖੜੇ ਹਨ। ਸਭ ਦੀ ਭਾਵਨਾ ਦਾ ਸਤਿਕਾਰ ਕਰੀਏ। ਇਹ ਸਿੱਖੀ ਭਾਵਨਾ ਹੀ ਹੈ, ਜੋ ਪੰਜਾਬ ਨੂੰ ਇਸ ਸੰਘਰਸ਼ ਵਿੱਚ ਮੋਹਰੀ ਬਣਾ ਕੇ ਖੜਾ ਕਰ ਰਹੀ ਹੈ।

ਸਿੱਖ ਗੁਰੂਆਂ ਦੀ ਬਖ਼ਸ਼ਿਸ਼ ਨਿਸ਼ਾਨ ਸਾਹਿਬ ਨਾ ਤਾਂ ਫਿਰਕੂਵਾਦ ਦਾ ਪ੍ਰਤੀਕ ਹਨ, ਨਾ ਹੀ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ ਦੇ ਜੈਕਾਰੇ ਫਿਰਕੂਵਾਦ ਦਾ ਪ੍ਰਤੀਕ ਹਨ। ਹਾਂ, ਇਹ ਜ਼ਰੂਰ ਹੈ ਕਿ ਸੰਘਰਸ਼ ਵਿਰੋਧੀ ਤਾਕਤਾਂ ਇਹ ਪ੍ਰਾਪੇਗੰਡਾ ਕਰ ਰਹੀਆਂ ਹਨ ਜੋ ਕਿ ਨਿਰਮੂਲ ਅਤੇ ਤੱਥਾਂ ਤੋਂ ਹੀਣਾ ਹੈ। ਜਿਸ ਦਾ ਸਹੀ ਉੱਤਰ ਸਾਨੂੰ ਦੇਣਾ ਬਣਦਾ ਹੈ, ਪਰ ਭਾਸ਼ਣ ਦੌਰਾਨ ਇਸ ਪ੍ਰਤੀ ਬੇਲੋੜੀ ਬਹਿਸ ਖੜੀ ਕਰਨਾ ਸਹੀ ਨਹੀਂ ਸੀ। ਇਸੇ ਕਾਰਨ ਹੀ ਬਲਬੀਰ ਸਿੰਘ ਰਾਜੇਵਾਲ ਨੇ ਇਸ ਕਥਨ ਦੇ ਲਈ ਸਮਾਂ ਵਿਚਾਰਦਿਆਂ ਤੁਰੰਤ ਮੁਆਫ਼ੀ ਮੰਗ ਲਈ ਹੈ।

ਕਿਸਾਨ ਆਗੂ ਸੁਖਦਰਸ਼ਨ ਨਤ ਦਾ ਕਹਿਣਾ ਹੈ ਕਿ ਮੈਂ ਪੰਜਾਬ ਕਿਸਾਨ ਯੂਨੀਅਨ ਦਾ ਇਕ ਸੂਬਾਈ ਆਗੂ ਹਾਂ ਅਤੇ 27 ਨਵੰਬਰ ਤੋਂ ਪਰਿਵਾਰ ਸਮੇਤ ਉੱਥੇ ਟੀਕਰੀ ਬਾਰਡਰ ਉੱਤੇ ਸੀ ਅਤੇ ਬੁਲਾਰਿਆਂ ਵਿੱਚ ਸ਼ਾਮਲ ਸੀ। ਦਮੇ ਦੀ ਪੁਰਾਣੀ ਤਕਲੀਫ਼ ਵੱਧ ਜਾਣ ਕਾਰਨ 13 ਦਸੰਬਰ ਨੂੰ ਮਜਬੂਰਨ ਇਲਾਜ ਲਈ ਘਰ ਵਾਪਸ ਆਉਣਾ ਪਿਆ। ਵੀਰ ਜੀ, ਉੱਥੇ ਅੰਮ੍ਰਿਤਧਾਰੀ ਖ਼ਾਲਸੇ ਵੀ ਹਨ, ਨਿਹੰਗ ਸਿੰਘ ਵੀ ਅਤੇ ਹਰਿਆਣਾ ਤੇ ਯੂ.ਪੀ. ਦੇ ਕਿਸਾਨ ਵੀ ਆਪਣੇ ਹੁੱਕਿਆਂ ਸਮੇਤ ਇਕੱਠ ਵਿੱਚ ਜਗਾ ਜਗਾ ਮੌਜੂਦ ਹਨ। ਇਹ ਸਹੀ ਹੈ ਕਿ ਬੈਰੀਕੇਡ ਤੋੜ ਕੇ ਦਿੱਲੀ ਤੱਕ ਪਹੁੰਚਣ ਵਿੱਚ ਸਭ ਤੋਂ ਮੋਹਰੀ ਭੂਮਿਕਾ ਹਰਿਆਣੇ ਤੇ ਪੰਜਾਬ ਦੇ ਸਿੱਖ ਕਿਸਾਨ ਨੌਜਵਾਨਾਂ ਦੀ ਰਹੀ। ਇਸੇ ਲਈ ਮੋਦੀ ਸਰਕਾਰ ਇਸ ਨੂੰ ਸਿਰਫ਼ ਸਿੱਖਾਂ ਦਾ ਅੰਦੋਲਨ ਕਹਿ ਕੇ ਅਤੇ ਇਸ ਤੋਂ ਅੱਗੇ ਇਸ ਨੂੰ ਖਾਲਿਸਤਾਨੀ ਸਿੱਖਾਂ ਵੱਲੋਂ ਖੜਾ ਕੀਤਾ ਹੰਗਾਮਾ ਕਰਾਰ ਦੇ ਕੇ ਦੇਸ਼ ਦੀ ਬਹੁਗਿਣਤੀ ਨੂੰ ਗੁੰਮਰਾਹ ਕਰਨਾ ਚਾਹੁੰਦੀ ਹੈ। ਤਾਂ ਜੋ ਇਸ ਨੂੰ ਕੁਚਲਨ ਦਾ ਰਾਹ ਪੱਧਰਾ ਕੀਤਾ ਜਾ ਸਕੇ। ਹਰਿਆਣਾ ਤੇ ਹੋਰ ਸੂਬਿਆਂ ਦੇ ਗੈਰ ਸਿੱਖ ਕਿਸਾਨ ਅੰਦੋਲਨ ਦੀ ਢਾਲ ਬਣੇ ਹੋਏ ਹਨ। ਉਨਾਂ ਦੀ ਮੌਜੂਦਗੀ ਵਿੱਚ ਬੀਜੇਪੀ ਸਮੁੱਚੇ ਉੱਤਰੀ ਭਾਰਤ ਵਿੱਚ ਹੋਣ ਵਾਲੇ ਪ੍ਰਤੀਕਰਮ ਦੇ ਡਰੋਂ ਹਮਲਾ ਕਰਨੋਂ ਹਿਚਕ ਰਹੀ ਹੈ। ਅੰਦੋਲਨ ਦੀ ਤਾਕਤ ਅਤੇ ਕਾਮਯਾਬੀ ਹੀ ਇਹ ਹੈ ਕਿ ਇਹ ਸਮੁੱਚੀ ਕਿਸਾਨੀ ਦਾ ਸੰਘਰਸ਼ ਬਣਿਆ ਰਹੇ। ਸਾਨੂੰ ਸਭ ਨੂੰ ਸਿੱਖ ਇਤਿਹਾਸ ਅਤੇ ਸਾਡੇ ਕੁਰਬਾਨੀਆਂ ਭਰੇ ਵਿਰਸੇ ਉੱਤੇ ਤੁਹਾਡੇ ਵਾਂਗ ਹੀ ਸ਼ਰਧਾ ਤੇ ਮਾਣ ਹੈ। ਰਾਜੇਵਾਲ ਸਮੇਤ ਬਹੁਗਿਣਤੀ ਕਿਸਾਨ ਆਗੂ ਪੂਰਨ ਗੁਰਸਿੱਖ ਹਨ। ਪਰ ਅੰਦੋਲਨ ਦੇ ਹਿਤ ਵਿੱਚ ਉਹ ਸਰਬਸੰਮਤੀ ਨਾਲ ਇਸ ਅੰਦੋਲਨ ਨੂੰ ਧਾਰਮਿਕ ਰੰਗਤ ਦੇਣ ਅਤੇ ਕਿਸੇ ਸੰਭਾਵਿਤ ਭੜਕਾਹਟ ਤੋਂ ਬਚਣ ਲਈ ਹੀ ਉਕਤ ਅਪੀਲਾਂ ਤੇ ਅਰਜੋਈਆਂ ਕਰ ਰਹੇ ਹਨ। ਕਿਉਂਕਿ ਉਹ ਜਾਣਦੇ ਹਨ ਕਿ ਇੱਥੇ ਸਿਰਫ਼ ਸਿਰਲੱਥ ਨੌਜਵਾਨ ਹੀ ਨਹੀਂ, ਬਲਕਿ ਲੱਖਾਂ ਬਜ਼ੁਰਗ ਕਿਸਾਨ, ਮਾਵਾਂ, ਬੀਬੀਆਂ ਅਤੇ ਬੱਚੇ ਮੌਜੂਦ ਹਨ, ਜੇ ਇੱਥੇ ਹਮਲਿਆਂ ਹੋਇਆ ਤਾਂ ਇਹ ਇਕ ਨਵਾਂ ਘੱਲੂਘਾਰਾ ਸਾਬਤ ਹੋਵੇਗਾ ਅਤੇ ਉਹ ਵੀ ਸਾਡੇ ਪਿਆਰੇ ਪੰਜਾਬ ਤੋਂ ਦੂਰ ਵਿਰੋਧੀਆਂ ਦੇ ਗੜ ਵਿੱਚ। ਸਿਆਣਿਆਂ ਦਾ ਕਹਿਣਾ ਹੈ ਕਿ ਬਹਾਦਰੀ ਅਤੇ ਮੂਰਖਤਾ ਦਰਮਿਆਨ ਐਵੇਂ ਵਾਲ ਭਰ ਦਾ ਹੀ ਅੰਤਰ ਹੁੰਦਾ ਹੈ! ਸੰਭਵ ਹੈ ਦੂਰ ਬੈਠੇ ਅਨੇਕਾਂ ਸੱਜਣਾਂ ਨੂੰ ਦਿੱਲੀ ਵਿੱਚ ਨਵੀਆਂ ‘ਕੁਰਬਾਨੀਆਂ’ ਦੇਣ ਦਾ ਮੌਕਾ ਰੋਮਾਂਚਿਤ ਕਰ ਰਿਹਾ ਹੋਵੇ, ਪਰ ਕੁਰਬਾਨੀ ਸਵੈ-ਇੱਛਾ ਨਾਲ ਆਪਣੀ ਦਿੱਤੀ ਜਾਂਦੀ ਹੈ, ਪਰ ਯਾਦ ਰੱਖੋ ਦੂਜਿਆਂ ਨੂੰ ਪਾਣ ਦੇ ਕੇ ਮੌਤ ਦੇ ਮੂੰਹ ਧੱਕਣਾ ਕੁਰਬਾਨੀ ਨਹੀਂ, ‘ਬਲੀ’ ਦੇਣਾ ਕਹਾਉਂਦਾ ਹੈ। ਕ੍ਰਿਪਾ ਕਰਕੇ ਸਾਡਾ ਸਾਥ ਦਿਓ, ਸਾਨੂੰ ਠੀਕ ਸਲਾਹ ਦਿਓ ਅਤੇ ਸਾਡੇ ਆਗੂਆਂ ਦੇ ਸਮੂਹ ਫ਼ੈਸਲਿਆਂ ਦਾ ਸਤਿਕਾਰ ਕਰੋ।

# 20ਵੀਂ ਸਦੀ ਦਾ ਚੋਟੀ ਦਾ ਸਾਇੰਸਦਾਨ, ਡਾ. ਨਰਿੰਦਰ ਕਪਾਨੀ



- ਡਾ. ਹਰਸ਼ਿੰਦਰ ਕੌਰ, ਐਮ. ਡੀ.

ਫਾਰਚੂਨ ਮੈਗਜ਼ੀਨ ਨੇ ਸੰਨ 1999 ਵਿਚ 20ਵੀਂ ਸਦੀ ਦੇ ਦੁਨੀਆ ਭਰ ਵਿੱਚੋਂ ਸਿਰਫ਼ ਸੱਤ 'ਬਿਜ਼ਨਸਮੈੱਨ ਔਫ਼ ਦੀ ਸੈਂਚਰੀ ਚੁਣੇ' ਜਿਨਾਂ ਨੇ ਮਨੁੱਖਤਾ ਦੀ ਬਿਹਤਰੀ ਲਈ ਬਾਕਮਾਲ ਈਜਾਦਾਂ ਕੀਤੀਆਂ ਸਨ। ਉਸ ਵਿਚ ਤੀਜੇ ਨੰਬਰ ਉੱਤੇ ਮੋਗੇ (ਪੰਜਾਬ) ਦੇ ਜੰਮਪਲ ਡਾ. ਨਰਿੰਦਰ ਸਿੰਘ ਕਪਾਨੀ ਦਾ ਨਾਂ ਸ਼ਾਮਲ ਸੀ। ਡਾ. ਕਪਾਨੀ ਨੂੰ ਫਾਈਬਰ ਓਪਟਿਕ ਦਾ ਭੀਸ਼ਮ ਪਿਤਾਮਾ ਮੰਨਿਆ ਗਿਆ ਹੈ। ਲੇਜ਼ਰ, ਬਾਇਓ ਮੈਡੀਕਲ ਇੰਸਟਰੂਮੈਂਟੇਸ਼ਨ, ਸੂਰਜੀ ਕਿਰਨਾਂ ਦੀ ਵਰਤੋਂ (ਸੋਲਰ ਐਨਰਜੀ) ਅਤੇ ਪ੍ਰਦੂਸ਼ਣ ਦੀ ਰੋਕਥਾਮ ਲਈ ਜੋ ਖੋਜਾਂ ਡਾ. ਕਪਾਨੀ ਨੇ ਕੀਤੀਆਂ ਹਨ ਉਨਾਂ ਦਾ ਹਾਲੇ ਤਕ ਦੁਨੀਆ ਵਿਚ ਕੋਈ ਸਾਨੀ ਨਹੀਂ। ਫਾਈਬਰ ਤਾਰਾਂ, ਟੈਲੀਫ਼ੋਨ, ਇੰਟਰਨੈੱਟ, ਕੇਬਲ ਨੈੱਟਵਰਕ ਹੁੰਦਾ ਹੀ ਨਾ ਜੇ ਡਾ. ਕਪਾਨੀ ਵੱਲੋਂ ਕੀਤੀ ਗਈ ਖੋਜ ਨਾ ਹੁੰਦੀ। ਉਸ ਦੀਆਂ ਲਾਸਾਨੀ ਖੋਜਾਂ ਦੇ 100 ਪੇਟੈਂਟ ਉਸ ਦੇ ਨਾਮ ਹਨ।

ਸੰਨ 1926, 31 ਦਸੰਬਰ ਨੂੰ ਜੰਮੇ ਡਾ. ਕਪਾਨੀ ਦੇਹਰਾਦੂਨ ਦੇ ਸਕੂਲ ਵਿਚ ਪੜੇ ਅਤੇ ਆਗਰਾ ਯੂਨੀਵਰਸਿਟੀ ਵਿੱਚੋਂ ਗਰੈਜੂਏਸ਼ਨ ਕੀਤੀ। ਉਸ ਤੋਂ ਬਾਅਦ ਇੰਪੀਰੀਅਲ ਕਾਲਜ ਲੰਡਨ ਵਿਖੇ ਸੰਨ 1952 ਵਿਚ ਓਪਟਿਕਸ ਉੱਤੇ ਪੀ.ਐੱਚ. ਡੀ. ਕਰ ਕੇ ਯੂਨੀਵਰਸਿਟੀ ਔਫ਼ ਲੰਡਨ ਤੋਂ ਸੰਨ 1955 ਵਿਚ ਡਿਗਰੀ ਹਾਸਲ ਕੀਤੀ। ਆਈਨਸਟਾਈਨ ਦੀ ਖੋਜ ਅਨੁਸਾਰ ਰੌਸ਼ਨੀ ਸਿੱਧੀ ਲਾਈਨ ਵਿਚ ਤੁਰਦੀ ਦੱਸੀ ਗਈ ਸੀ ਪਰ ਇਹ ਪਹਿਲੀ ਵਾਰ ਹੋਇਆ ਜਦੋਂ ਡਾ. ਨਰਿੰਦਰ ਸਿੰਘ ਕਪਾਨੀ ਨੇ ਆਪਣੀਆਂ ਖੋਜਾਂ ਰਾਹੀਂ ਸਾਬਤ ਕਰ ਦਿੱਤਾ ਕਿ ਰੌਸ਼ਨੀ ਨੂੰ ਮੋੜਿਆ ਜਾ ਸਕਦਾ ਹੈ। ਇਸੇ ਆਧਾਰ ਉੱਤੇ ਫਾਈਬਰ ਓਪਟਿਕ ਦਾ ਜਨਮ ਹੋਇਆ ਜਿਸ ਨੇ ਮਨੁੱਖੀ ਇਲਾਜ ਦਾ ਕਾਇਆਕਲਪ ਕਰ ਦਿੱਤਾ।

ਉਸ ਖੋਜ ਦੇ ਆਧਾਰ ਉੱਤੇ ਦਿਲ, ਦਿਮਾਗ਼, ਫੇਫੜੇ, ਅੰਤੜੀਆਂ, ਜੋੜਾਂ, ਅੱਖਾਂ ਅੰਦਰ ਝਾਕਿਆ ਜਾ ਸਕਦਾ ਹੈ ਅਤੇ ਅਪਰੇਸ਼ਨ ਵੀ ਕੀਤੇ ਜਾ ਸਕਦੇ ਹਨ। ਕੈਂਸਰ ਦਾ ਅਪਰੇਸ਼ਨ, ਦਿਲ ਦੇ ਬਾਈਪਾਸ ਅਪਰੇਸ਼ਨ ਤੋਂ ਲੈ ਕੇ ਹਰ ਔਖੇ ਤੋਂ ਔਖਾ ਅਪਰੇਸ਼ਨ ਸਿਰਫ਼ ਇਸ ਖੋਜ ਸਦਕਾ ਸੰਭਵ ਹੋ ਸਕਿਆ ਹੈ।

ਲੇਜ਼ਰ ਨੇ ਜੋ ਮਨੁੱਖੀ ਇਲਾਜ ਵਿਚ ਤਬਦੀਲੀ ਕੀਤੀ ਹੈ, ਉਹ ਵੀ ਡਾ. ਕਪਾਨੀ ਸਦਕਾ ਹੀ ਸੰਭਵ ਹੋ ਸਕਿਆ ਹੈ।

ਦੁਨੀਆ ਦੇ ਚੌਥੇ ਸਭ ਤੋਂ ਵੱਧ ਪੜ ਲਿਖ ਕੇ ਪੇਟੈਂਟ ਕਰਵਾਉਣ ਵਾਲੇ ਭਾਰਤੀ ਖ਼ੋਜੀ ਵਜੋਂ ਮੰਨੇ ਜਾਂਦੇ ਡਾ. ਕਪਾਨੀ ਨੂੰ ਜਦੋਂ 82 ਸਾਲਾਂ ਦੀ ਉਮਰ ਵਿਚ ਇਕ ਬੀ.ਬੀ.ਸੀ. ਟੈਲੀਵਿਜ਼ਨ ਦੇ ਪੱਤਰਕਾਰ ਨੇ ਪੁੱਛਿਆ ਕਿ ਇਸ ਉਮਰ ਵਿਚ ਉਹ ਕਿਵੇਂ ਸਮਾਂ ਬਿਤਾ ਰਹੇ ਹਨ ਤਾਂ ਡਾ. ਕਪਾਨੀ ਦਾ ਜਵਾਬ ਸੀ, 'ਬਹੁਤ ਜ਼ਿਆਦਾ ਕਰਨ ਵਾਲਾ ਕੰਮ ਹੈ। ਹੁਣ ਤੱਕ 100 ਪੇਟੈਂਟ ਮੇਰੇ ਨਾਂ ਹੋ ਚੁੱਕੇ ਹਨ। ਇਕ ਹੋਰ ਖੋਜ ਦਾ ਪੇਟੈਂਟ ਪਿਛਲੇ ਹਫ਼ਤੇ ਹੀ ਲੈ ਕੇ ਹਟਿਆ ਹਾਂ ਜੋ ਸੋਲਰ ਐਨਰਜੀ ਸਿਸਟਮ ਨਾਲ ਸੰਬੰਧਤ ਹੈ ਤੇ ਦੁਨੀਆ ਭਰ ਦੀ ਬਿਜਲੀ ਦੀ ਕਮੀ ਦੂਰ ਕਰ ਸਕਦਾ ਹੈ। ਹਾਲੇ ਹੋਰ ਅਨੇਕ ਖੋਜਾਂ ਕਰਨੀਆਂ ਬਾਕੀ ਹਨ। ਉੱਕਾ ਹੀ ਵਿਹਲ ਨਹੀਂ ਹੈ।'

ਸਿੱਖੀ ਸੋਚ ਨੂੰ ਪ੍ਰਣਾਏ ਡਾ. ਕਪਾਨੀ ਨੇ ਜਿੱਥੇ ਬੇਅੰਤ ਲੋੜਵੰਦਾਂ ਅਤੇ ਸੰਸਥਾਵਾਂ ਦੀ ਮਦਦ ਕੀਤੀ, ਉੱਥੇ ਅਮਰੀਕਨਾਂ ਦੇ ਮਨਾਂ ਵਿਚ ਸਿੱਖਾਂ ਪ੍ਰਤੀ ਭਰੀ ਨਫ਼ਰਤ ਨੂੰ ਘਟਾਉਣ ਲਈ ਬਾਕਮਾਲ ਜਤਨ ਕੀਤੇ।

ਚਾਲੀ ਮੂਰਤੀਆਂ ਬਣਾਉਣ ਵਾਲੇ ਕਲਾ ਪ੍ਰੇਮੀ ਡਾ. ਕਪਾਨੀ ਨੇ ਆਪਣੇ ਹੱਥੀਂ ਮੂਰਤੀਆਂ ਵਿਚ ਇਸ ਕਿਸਮ ਦੀ ਜਾਨ ਭਰੀ ਕਿ ਉਹ ਦੁਨੀਆ ਦੇ ਵੱਖੋ-ਵੱਖ ਮਿਊਜ਼ਮਾਂ ਦੀ ਸ਼ਾਨ ਬਣ ਚੁੱਕੀਆਂ ਹਨ।



ਪੁਰਾਤਨ ਸਿੱਖ ਕਲਾ ਨੂੰ ਲੱਭ ਕੇ ਸਾਂਭ ਕੇ ਰੱਖਣ ਵਿਚ ਵੀ ਡਾ. ਕਪਾਨੀ ਦਾ ਕਮਾਲ ਦਾ ਯੋਗਦਾਨ ਸੀ। ਉਹ ਸਿੱਖ ਫਾਊਂਡੇਸ਼ਨ ਦੇ ਸੰਸਥਾਪਕ ਚੇਅਰਮੈਨ ਸਨ ਤੇ 50 ਸਾਲ ਤੱਕ ਉਸ ਫਾਊਂਡੇਸ਼ਨ ਨੂੰ ਚਲਾਉਣ ਵਿਚ ਆਪਣੀ ਸਾਰੀ ਕਮਾਈ ਲਾਉਂਦੇ ਰਹੇ। ਸੰਨ 1998 ਵਿਚ ਕਪਾਨੀ ਨੇ ਯੂਨੀਵਰਸਿਟੀ ਔਫ਼ ਕੈਲੀਫੋਰਨੀਆ, ਸਾਂਤਾ ਬਾਰਬਰਾ ਵਿਚ ਸਿੱਖ ਸਟੱਡੀਜ਼ ਦੀ ਚੇਅਰ ਸਥਾਪਤ ਕੀਤੀ। ਇਸ ਵਾਸਤੇ ਆਪਣੀ ਮਾਤਾ ਦੇ ਨਾਂ ਉੱਤੇ ਤਿੰਨ ਲੱਖ 50 ਹਜ਼ਾਰ ਡਾਲਰ ਦਾਨ ਦਿੱਤੇ।

ਸਿੱਖ ਕਲਾ ਨੂੰ ਜਿਸ ਵੱਡੇ ਪੱਧਰ ਉੱਤੇ ਡਾ. ਕਪਾਨੀ ਨੇ ਉਜਾਗਰ ਕੀਤਾ, ਓਨਾ ਕੋਈ ਹੋਰ ਨਹੀਂ ਕਰ ਸਕਿਆ। ਸੰਨ 1999 ਵਿਚ 5 ਲੱਖ ਡਾਲਰ ਦੇ ਕੇ ਸੈਨ ਫਰਾਂਸਿਸਕੋ ਦੇ ਏਸ਼ੀਅਨ ਆਰਟ ਮਿਊਜ਼ੀਅਮ ਵਿਚ ਨਵੀਂ ਬਿਲਡਿੰਗ ਬਣਾ ਕੇ ਇੱਕ ਪੂਰੀ ਗੈਲਰੀ ਸਿੱਖ ਕਲਾ ਤੇ ਪੁਰਾਤਨ ਪੇਂਟਿੰਗਜ਼ ਦੀ ਤਿਆਰ ਕਰਵਾ ਦਿੱਤੀ ਜਿਸ ਵਿਚ ਆਪ ਮਿਹਨਤ ਨਾਲ ਇਕੱਠੀਆਂ ਕੀਤੀਆਂ ਪੁਰਾਤਨ ਕਲਾਕ੍ਰਿਤੀਆਂ ਸ਼ਾਮਲ ਕੀਤੀਆਂ। ਇਨਾਂ ਕਲਾਕ੍ਰਿਤੀਆਂ ਦੀ ਪ੍ਰਦਰਸ਼ਨੀ ਲੰਡਨ ਦੇ ਵਿਕਟੋਰੀਆ ਅਤੇ ਐਲਬਰਟ ਮਿਊਜ਼ੀਅਮ ਵਿਚ ਮਾਰਚ 1999 ਵਿਚ ਲਾਈ ਗਈ। ਉੱਥੋਂ ਸੈਨ ਫਰਾਂਸਿਸਕੋ ਅਤੇ ਫਿਰ ਮਈ 2000 ਵਿਚ ਰੌਇਲ ਓਨਟਾਰੀਓ ਮਿਊਜ਼ੀਅਮ ਟੋਰਾਂਟੋ ਵਿਖੇ ਵੀ ਸਿੱਖ ਕਲਾ ਦੀ ਪ੍ਰਦਰਸ਼ਨੀ ਲਗਾਈ ਗਈ। ਇਹ ਵੀ ਸਿਰਫ਼ ਡਾ. ਕਪਾਨੀ ਸਦਕਾ ਹੀ ਹੋਇਆ ਕਿ ਏਸ਼ੀਅਨ ਆਰਟ ਮਿਊਜ਼ੀਅਮ ਅਤੇ ਬਰਕਲੇ ਯੂਨੀਵਰਸਿਟੀ ਨੇ ਸਾਂਝੇ ਤੌਰ 'ਤੇ ਸਿੱਖ ਫਾਊਂਡੇਸ਼ਨ ਦੀ 25ਵੀਂ ਵਰ੍ਹੇਗੰਢ ਮਨਾਈ। ਡਾ. ਕਪਾਨੀ ਦੀਆਂ ਹੱਥੀਂ ਬਣਾਈਆਂ ਡਾਇਨੌਪਟਿਕ ਮੂਰਤੀਆਂ ਪੈਲੇਸ ਔਫ਼ ਫਾਈਨ ਆਰਟਸ ਸੈਨ ਫਰਾਂਸਿਸਕੋ ਅਤੇ ਸ਼ਿਕਾਗੋ, ਮੌਂਟਰੇ, ਪੈਲੋ ਆਲਟੋ, ਸਟੈਨਫੋਰਡ ਦੇ ਮਿਊਜ਼ੀਅਮ ਤੇ ਆਰਟ ਗੈਲਰੀਆਂ ਵਿਚ ਸੁਸ਼ੋਭਿਤ ਹਨ।

ਚੋਟੀ ਦੇ ਫਿਜ਼ਿਕਸ ਦੇ ਮਾਹਿਰ ਡਾ. ਕਪਾਨੀ ਨੇ ਹੈਰਲਡ ਹੌਪਕਿਨਜ਼ ਨਾਲ ਮਿਲ ਕੇ ਸੰਨ 1953 ਵਿਚ ਫਾਈਬਰ ਓਪਟੀਕਲ ਰਾਹੀਂ ਸਾਫ਼ ਵੇਖੀ ਜਾਣ ਵਾਲੀ ਤਸਵੀਰ ਪਹਿਲੀ ਵਾਰ ਜਗ ਜ਼ਾਹਿਰ ਕੀਤੀ। ਨੀਦਰਲੈਂਡ ਦੇ ਸਾਇੰਸਦਾਨ ਵੈਨ ਹੀਲ ਨੇ ਇਸ ਖੋਜ ਬਾਰੇ ਪਤਾ ਲੱਗਦੇ ਸਾਰ ਝਟਪਟ ਆਪਣਾ ਖੋਜ ਪੱਤਰ 'ਨੇਚਰ' ਰਸਾਲੇ ਵਿਚ ਪਹਿਲਾਂ ਛਪਵਾ ਲਿਆ ਜਿਸ ਨੂੰ ਡਾ.ਕਪਾਨੀ ਨਾਲ ਕੀਤਾ ਧੱਕਾ ਮੰਨਿਆ ਗਿਆ ਪਰ ਡਾ. ਕਪਾਨੀ ਨੇ ਇਸ ਦਾ ਗਿਲਾ ਨਹੀਂ ਕੀਤਾ।

ਇਸ ਤੋਂ ਕਾਫ਼ੀ ਚਿਰ ਬਾਅਦ ਸੰਨ 2009 ਵਿਚ ਫਿਜ਼ਿਕਸ ਲਈ ਨੋਬਲ ਪ੍ਰਾਈਜ਼ ਸ਼ੰਘਾਈ ਦੇ ਜੰਮਪਲ ਚਾਰਲਜ਼ ਕੁਇਨ ਕਾਓ ਨੂੰ ਫਾਈਬਰ ਓਪਟਿਕਸ ਉੱਤੇ ਕੀਤੇ ਕੰਮ ਲਈ ਦਿੱਤਾ ਗਿਆ ਜਦਕਿ ਅਸਲ ਹੱਕਦਾਰ ਡਾ. ਕਪਾਨੀ ਨੂੰ ਨਜ਼ਰ ਅੰਦਾਜ਼ ਕਰ ਦਿੱਤਾ ਗਿਆ। ਕਮਾਲ ਦੀ ਗੱਲ ਇਹ ਸੀ ਕਿ ਜਦੋਂ ਡਾ. ਕਪਾਨੀ ਨੂੰ ਪੱਤਰਕਾਰ ਇਸ ਬਾਬਤ ਪੁੱਛਣ ਗਏ ਤਾਂ ਉਨਾਂ ਦਾ ਜਵਾਬ ਸੀ, 'ਮੇਰੇ ਵੱਲੋਂ ਕੁਇਨ ਕਾਓ ਨੂੰ ਢੇਰ ਸਾਰੀਆਂ ਮੁਬਾਰਕਾਂ। ਮੇਰਾ ਮਕਸਦ ਕੰਮ ਕਰਨਾ ਹੈ, ਫਲ ਦੀ ਚਿੰਤਾ ਕਰਨਾ ਜਾਂ ਇਨਾਮ ਲੈਣਾ ਨਹੀਂ। ਜੋ ਜੱਜਾਂ ਨੇ ਫ਼ੈਸਲਾ ਕੀਤਾ, ਸਹੀ ਹੋਵੇਗਾ। ਮੈਂ ਇਸ ਵਿਚ ਕੋਈ ਕਿੰਤੂ ਪਰੰਤੂ ਨਹੀਂ ਕਰਨਾ ਚਾਹੁੰਦਾ। ਮੈਂ ਤਾਂ ਚਾਹੁੰਦਾ ਕਿ ਦੁਨੀਆ ਭਰ ਵਿੱਚੋਂ ਹੋਰ ਫਿਜ਼ਿਕਸ ਦੇ ਪ੍ਰੇਮੀ ਜੁਟਣ ਤੇ ਮਨੁੱਖਤਾ ਦੀ ਭਲਾਈ ਲਈ ਖੋਜਾਂ ਜਾਰੀ ਰਹਿ ਸਕਣ। ਜੋ ਮੇਰੇ ਵੱਲੋਂ ਹੋ ਸਕਦਾ ਹੋਵੇਗਾ, ਮੈਂ ਉਨਾਂ ਦੀ ਹਰ ਸੰਭਵ ਮਦਦ ਕਰਾਂਗਾ।'

ਭਾਰਤ ਦੇ ਸਵ. ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਜੀ ਨੇ ਸੰਨ 2000 ਵਿਚ 'ਪ੍ਰਵਾਸੀ ਭਾਰਤੀ ਸਨਮਾਨ-ਦ ਐਕਸੀਲੈਂਸ' ਨਾਲ ਡਾ. ਨਰਿੰਦਰ ਸਿੰਘ ਕਪਾਨੀ ਨੂੰ ਨਿਵਾਜਿਆ।

ਡਾ. ਕਪਾਨੀ ਨੇ ਬਤੌਰ ਚੇਅਰਮੈਨ, ਪ੍ਰੈਜ਼ੀਡੈਂਟ ਅਤੇ ਡਾਇਰੈਕਟਰ ਰਿਸਰਚ ਓਪਟਿਕਸ ਟੈਕਨਾਲੋਜੀ ਵਿਖੇ ਕੰਮ ਕਰਦਿਆਂ ਨਾ ਸਿਰਫ਼ ਅਮਰੀਕਾ, ਬਲਕਿ ਦੁਨੀਆ ਭਰ ਦੇ ਖ਼ੋਜੀਆਂ ਅਤੇ ਕੰਪਨੀਆਂ ਨੂੰ ਪ੍ਰੇਰਿਆ ਕਿ ਫਾਈਬਰ ਓਪਟਿਕ ਤਕਨੀਕ ਨੂੰ ਮਨੁੱਖਤਾ ਦੀ ਭਲਾਈ ਲਈ ਵਰਤਿਆ ਜਾਵੇ।

ਬਰਕਲੇ ਯੂਨੀਵਰਸਿਟੀ ਵਿਖੇ ਬਤੌਰ ਪ੍ਰੋਫੈਸਰ ਤੇ ਸੈਂਟਰ ਫੌਰ ਇਨੋਵੇਸ਼ਨ ਐਂਡ ਐਂਟਰਪ੍ਰੀਨੁਰੀਅਲ ਵਿਭਾਗ ਵਿਖੇ ਡਾਇਰੈਕਟਰ ਵਜੋਂ ਡਾ. ਕਪਾਨੀ ਦੇ ਕੰਮਾਂ ਦੀ ਅੱਜ ਤੱਕ ਸ਼ਲਾਘਾ ਹੋ ਰਹੀ ਹੈ।

ਅਮਰੀਕਾ ਦੇ ਵਿਗਿਆਨ ਦੇ ਵਿਦਿਆਰਥੀ ਵੀ ਡਾ. ਕਪਾਨੀ ਕੋਲੋਂ ਪੀ.ਐਚ.ਡੀ. ਡਿਗਰੀ ਹਾਸਲ ਕਰਨ ਪਹੁੰਚਦੇ ਸਨ ਕਿਉਂਕਿ ਉਸ ਜਿੰਨਾ ਖ਼ੋਜੀ ਵਿਦਵਾਨ ਉਸ ਸਮੇਂ ਕੋਈ ਹੋਰ ਹੈ ਹੀ ਨਹੀਂ ਸੀ। ਅਨੇਕ ਵਿਓਪਾਰਕ ਅਦਾਰੇ ਸਥਾਪਤ ਕਰ ਕੇ ਡਾ. ਕਪਾਨੀ ਨੇ ਦੁਨੀਆ ਭਰ ਦੇ ਸਿੱਖਾਂ ਦਾ ਨਾਂ ਉੱਚਾ ਕਰ ਦਿੱਤਾ।

'ਰੌਸ਼ਨੀ ਨੂੰ ਮੋੜਨ ਵਾਲਾ ਯੋਧਾ' ਵਜੋਂ ਜਾਣੇ ਜਾਂਦੇ ਡਾ. ਕਪਾਨੀ 4 ਦਸੰਬਰ ਸੰਨ 2020 ਨੂੰ ਇਸ ਫ਼ਾਨੀ ਦੁਨੀਆ ਨੂੰ 94 ਸਾਲਾਂ ਦੀ ਉਮਰ ਵਿਚ ਸਦੀਵੀ ਅਲਵਿਦਾ ਕਹਿ ਗਏ।

ਸਿੱਖੀ ਸੋਚ ਅਤੇ ਪੰਜਾਬੀ ਜ਼ਬਾਨ ਪ੍ਰਤੀ ਯੋਗਦਾਨ ਜੋ ਡਾ. ਕਪਾਨੀ ਨੇ ਪਾਇਆ ਹੈ, ਓਨਾ ਹਾਲੇ ਤੱਕ ਕੋਈ ਹੋਰ ਨਹੀਂ ਕਰ ਸਕਿਆ। ਦੁਨੀਆ ਵਿਚ ਪਹਿਲੀ ਵਾਰ ਡਾ. ਕਪਾਨੀ ਨੇ ਵਿਸ਼ਵ ਪੱਧਰ ਉੱਤੇ ਸਿੱਖੀ ਸੋਚ, ਸਿਧਾਂਤ ਅਤੇ ਸੱਭਿਆਚਾਰ ਨੂੰ ਕਿਤਾਬਾਂ, ਕੈਲੰਡਰਾਂ, ਪੋਸਟਰਾਂ, ਕਾਰਡਾਂ ਰਾਹੀਂ ਪੂਰੀ ਦੁਨੀਆ ਵਿਚ ਉਜਾਗਰ ਕਰਨਾ ਸ਼ੁਰੂ ਕੀਤਾ।

ਸਿੱਖ ਧਰਮ ਉੱਤੇ ਸਥਾਪਿਤ ਕੀਤੀ ਲਾਇਬਰੇਰੀ ਵਿਚ ਸਿੱਖੀ ਉੱਤੇ 300 ਕਿਤਾਬਾਂ, 55 ਵਿਸ਼ਵ ਪੱਧਰੀ ਖੋਜਾਂ, ਬੱਚਿਆਂ ਲਈ 20 ਮਿਸਾਲੀ ਕਿਤਾਬਾਂ ਰਖਾ ਕੇ ਅਮਰੀਕਾ ਦੇ ਲੋਕਾਂ ਨੂੰ ਸਿੱਖ ਧਰਮ ਦੀਆਂ ਡੂੰਘਾਈਆਂ ਤੋਂ ਜਾਣੂੰ ਕਰਵਾਇਆ।

ਸਿੱਖ ਹੈਰੀਟੇਜ ਨਾਲ ਸਬੰਧਤ ਅਨੇਕ ਪੁਰਾਤਨ ਬਿਲਡਿੰਗਾਂ ਨੂੰ ਸੰਭਾਲਣ ਲਈ ਮਾਇਆ ਦਿੱਤੀ। ਯੂਨੈਸਕੋ ਨਾਲ ਰਲ ਕੇ ਆਪਣੀ ਫਾਊਂਡੇਸ਼ਨ ਅਧੀਨ 'ਗੁਰੂ ਕੀ ਮਸੀਤ' ਨੂੰ ਦੁਬਾਰਾ ਸੁਰਜੀਤ ਕੀਤਾ। ਗੁਰਦਾਸਪੁਰ ਵਿਚ ਸ੍ਰੀ ਹਰਗੋਬਿੰਦਪੁਰ ਵਿਖੇ ਗੁਰੂ ਹਰਗੋਬਿੰਦ ਸਾਹਿਬ ਵੱਲੋਂ ਬਣਵਾਈ ਇਸ ਮਸੀਤ ਨੂੰ ਯਾਦਗਾਰ ਵਜੋਂ ਸੰਭਾਲਣ ਲਈ ਪੂਰਾ ਜਤਨ ਇਕੱਲੇ ਡਾ. ਕਪਾਨੀ ਦਾ ਹੀ ਸੀ।

ਸੌ ਤੋਂ ਉੱਪਰ ਪੁਰਾਤਨ ਅਤੇ ਦੁਰਲੱਭ ਸਿੱਖ ਧਰਮ ਨਾਲ ਆਧਾਰਿਤ ਪੇਂਟਿੰਗਜ਼ ਸੰਭਾਲ ਕੇ ਅਮਰੀਕਾ ਦੀ ਗੈਲਰੀ ਨੂੰ ਭੇਂਟ ਕੀਤੀਆਂ ਤਾਂ ਜੋ ਉਹ ਕਲਾ ਅਤੇ ਵਿਰਸਾ ਅਮਰ ਹੋ ਸਕੇ।

'ਸਪਲੈਂਡਰਜ਼ ਔਫ਼ ਪੰਜਾਬ-ਸਿੱਖ ਆਰਟ ਐਂਡ ਲਿਟਰੇਚਰ-1992' ਫੈਸਟੀਵਲ ਨੂੰ ਏਸ਼ੀਅਨ ਆਰਟ ਮਿਊਜ਼ੀਅਮ ਅਤੇ ਬਰਕਲੇ ਯੂਨੀਵਰਸਿਟੀ ਦੇ ਸਾਂਝੇ ਪ੍ਰੋਗਰਾਮ ਵਜੋਂ ਆਯੋਜਿਤ ਕਰਨਾ ਕੋਈ ਖ਼ਾਲਾ ਜੀ ਦਾ ਘਰ ਨਹੀਂ ਸੀ। ਇਹ ਸਿਰਫ਼ ਤੇ ਸਿਰਫ਼ ਡਾ. ਕਪਾਨੀ ਦੀ ਮਿਹਨਤ ਸਦਕਾ ਸੰਭਵ ਹੋ ਸਕਿਆ ਸੀ। ਸਿਰਫ਼ ਏਥੇ ਹੀ ਬਸ ਨਹੀਂ, ਸਟੈਨਫੋਰਡ ਯੂਨੀਵਰਸਿਟੀ ਅਤੇ ਯੂਨੀਵਰਸਿਟੀ ਔਫ਼ ਕੈਲੀਫੋਰਨੀਆ ਵਿਖੇ ਪੰਜਾਬੀ ਜ਼ਬਾਨ ਨਾਲ ਸੰਬੰਧਤ ਪ੍ਰੋਗਰਾਮ ਜਾਰੀ ਕਰਨੇ ਅਤੇ ਸਿੱਖ ਹਾਈ ਸਕੂਲ ਸਥਾਪਤ ਕਰਨਾ ਵੀ ਡਾ. ਕਪਾਨੀ ਦੇ ਹੀ ਹਿੱਸੇ ਆਇਆ!

ਮੌਤ ਤੋਂ ਸਿਰਫ਼ ਇਕ ਸਾਲ ਪਹਿਲਾਂ ਹੀ ਵਿਕਟੋਰੀਆ ਤੇ ਐਲਬਰਟ ਮਿਊਜ਼ੀਅਮ ਲੰਡਨ ਵਿਖੇ ਸਦੀਵੀ ਸਲਾਨਾ ਲੈਕਚਰ ਸੀਰੀਜ਼, ਸਿੱਖ ਕਲਾ ਉੱਤੇ ਕਰਨ ਦਾ ਕਾਨਟਰੈਕਟ ਵੀ ਪੂਰਾ ਕੀਤਾ ਤਾਂ ਜੋ ਉਨਾਂ ਦੀ ਮੌਤ ਬਾਅਦ ਵੀ ਇਹ ਕੰਮ ਅਤੇ ਸੋਚ ਰੁਕੇ ਨਾ!

'ਮਿਸਟੇਕਨ ਆਈਡੈਂਟਟੀ ਔਫ਼ ਸਿੱਖਸ ਇਨ ਅਮੈਰਿਕਾ' ਸਬੰਧੀ ਢੇਰ ਸਾਰਾ ਲਿਖਤੀ ਮਸਾਲਾ, ਚਿੱਤਰਾਂ, ਕੈਲੰਡਰਾਂ, ਇਸ਼ਤਿਹਾਰਾਂ ਰਾਹੀਂ ਅਤੇ ਫ਼ਿਲਮਾਂ ਬਣਾ ਕੇ ਚੁਫੇਰੇ ਅਮਰੀਕਨਾਂ ਵਿਚ ਮੁਫ਼ਤ ਵੰਡੀਆਂ ਗਈਆਂ ਤਾਂ ਜੋ ਬੇਦੋਸੇ ਸਿੱਖਾਂ ਉੱਤੇ ਹੁੰਦੇ ਹਮਲੇ ਬੰਦ ਹੋ ਸਕਣ।

ਕਮਾਲ ਤਾਂ ਇਹ ਹੈ ਕਿ ਮਰਨ ਤੋਂ ਪਹਿਲਾਂ ਡਾ. ਕਪਾਨੀ ਨੇ ਆਪਣੀ ਸਿੱਖ ਫਾਊਂਡੇਸ਼ਨ ਰਾਹੀਂ ਟੋਰਾਂਟੋ ਵਿਖੇ ਪਹਿਲੀ ਵਾਰ 'ਸਿੱਖ ਫ਼ਿਲਮ ਫ਼ੈਸਟੀਵਲ' ਵੀ ਆਰੰਭ ਕਰਵਾ ਦਿੱਤਾ!

ਇਹੋ ਜਿਹੇ ਮਿਸਾਲੀ ਸਿੱਖ ਬੌਧਿਕ ਵਿਗਿਆਨੀ ਨੂੰ ਜਦੋਂ 90 ਵਰੇ ਦੀ ਉਮਰ ਪੂਰੀ ਹੋਣ ਉੱਤੇ ਪੁੱਛਿਆ ਗਿਆ ਕਿ ਉਨਾਂ ਦੀਆਂ ਕਿਹੜੀਆਂ ਤਮੰਨਾਵਾਂ ਅਜੇ ਅਧੂਰੀਆਂ ਹਨ, ਤਾਂ ਉਸ ਦਾ ਜਵਾਬ ਸੀ, 'ਜੋ ਮੇਰਾ ਧਰਮ ਹੈ ਉਹ ਸਿਰਫ਼ ਕਿਰਤ ਕਰਨਾ ਸਿਖਾਉਂਦਾ ਹੈ, ਦਸਵੰਧ ਵੰਡਣਾ ਸਿਖਾਉਂਦਾ ਹੈ ਤੇ ਸਰਬੱਤ ਦੀ ਭਲਾਈ ਦੇ ਕਾਰਜਾਂ ਲਈ ਪ੍ਰੇਰਿਤ ਕਰਦਾ ਹੈ। ਮੇਰਾ ਕਰਮ ਮੈਨੂੰ ਲਗਾਤਾਰ ਖੋਜ ਕਰਨ ਵੱਲ ਤੋਰਦਾ ਹੈ। ਮੈਂ ਮਨੁੱਖੀ ਭਲਾਈ ਉੱਤੇ ਪੂਰੀ ਉਮਰ ਖੋਜ ਕਰਦਾ ਰਿਹਾ ਹਾਂ। ਹੁਣ ਇਸ ਉਮਰੇ ਕੁੱਝ ਕਰਜ਼ਾ ਆਪਣੇ ਗੁਰੂਆਂ ਦੀ ਬਖ਼ਸ਼ੀ ਜ਼ਬਾਨ ਅਤੇ ਉਸ ਸਮੇਂ ਦੀ ਕਲਾ ਸਾਂਭਣ ਉੱਤੇ ਲਾ ਕੇ ਮਰਨ ਬਾਅਦ ਦਸਮੇਸ਼ ਪਿਤਾ ਨੂੰ ਦੱਸਣਾ ਚਾਹਾਂਗਾ ਕਿ ਮੈਂ ਮਿਸਾਲੀ ਮੌਤ ਮਰਿਆ ਹਾਂ। ਤਮੰਨਾ ਸਿਰਫ਼ ਇਹ ਹੈ ਕਿ ਮੈਂ ਨੌਜਵਾਨਾਂ ਨੂੰ ਫਿਜ਼ਿਕਸ ਨਾਲ ਜੋੜ ਕੇ ਲੋਕ-ਭਲਾਈ ਦੇ ਕਾਰਜਾਂ ਵੱਲ ਪ੍ਰੇਰ ਸਕਾਂ।'

ਸਲਾਮ, ਸਿਜਦਾ ਅਜਿਹੇ ਜੋਧੇ ਨੂੰ!

**ਬੱਚਿਆਂ ਦੀ ਮਾਹਰ,**
**28, ਪ੍ਰੀਤ ਨਗਰ, ਲੋਅਰ ਮਾਲ**
**ਪਟਿਆਲਾ। ਫੋਨ ਨੰ. 0175-2216783**

# ਟਰੱਕ ਨੇ 5 ਸਾਇਕਲ ਸਵਾਰਾਂ ਨੂੰ ਕੁਚਲਿਆ, 4 ਹੋਰ ਜ਼ਖ਼ਮੀ


ਘਟਨਾ ਵਾਲੀ ਥਾਂ 'ਤੇ ਇਨਸੈਟ 'ਚ ਦੁਰਘਟਨਾ ਵਾਲਾ ਟਰੱਕ

**ਕੈਲੀਫੋਰਨੀਆ/ਹੁਸਨ ਲੜੋਆ ਬੰਗਾ:** ਲਾਸ ਵੇਗਾਸ ਵਿਚ ਇਕ ਸੜਕ ਹਾਦਸੇ ਵਿਚ 5 ਸਾਇਕਲ ਸਵਾਰਾਂ ਦੀ ਮੌਤ ਹੋ ਗਈ ਤੇ 4 ਹੋਰ ਜ਼ਖ਼ਮੀ ਹੋ ਗਏ। ਨੇਵਾਡਾ ਹਾਈਵੇਅ ਪਟਰੋਲ ਦੇ ਬੁਲਾਰੇ ਜੈਸਨ ਬੁਰਾਟਜੁਕ ਅਨੁਸਾਰ ਇਹ ਹਾਦਸਾ ਬੋਲਡਰ ਸ਼ਹਿਰ ਦੇ ਦੱਖਣ ਵਿਚ ਯੂ ਐਸ 95 ਸੜਕ ਉੱਪਰ ਉਸ ਵੇਲੇ ਵਾਪਰਿਆ ਜਦੋਂ ਇਕ ਟਰੱਕ 20 ਸਾਇਕਲ ਸਵਾਰਾਂ ਦੇ ਇਕ ਗਰੁੱਪ ਨਾਲ ਟਕਰਾ ਗਿਆ। 4 ਮਰਦਾਂ ਤੇ 1 ਔਰਤ ਦੀ ਮੌਕੇ ਉੱਪਰ ਹੀ ਮੌਤ ਹੋ ਗਈ। ਇਕ ਜ਼ਖ਼ਮੀ ਨੂੰ ਗੰਭੀਰ ਹਾਲਤ ਵਿਚ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਹਾਦਸੇ ਉਪਰੰਤ ਟਰੱਕ ਉੱਥੇ ਹੀ ਖੜਾ ਹੋ ਗਿਆ। ਅਧਿਕਾਰੀਆਂ ਵੱਲੋਂ ਹਾਦਸੇ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਸਾਇਕਲ ਸਵਾਰ ਇਕ ਭਾਈਚਾਰੇ ਨਾਲ ਸਬੰਧਤ ਸੇਵਾ ਮੁਕਤ ਵਿਅਕਤੀ ਸਨ ਤੇ ਉਹ ਆਪਣੇ ਤੌਰ 'ਤੇ ਆਯੋਜਿਤ ਦੌਰੇ ਉੱਪਰ ਸਨ। ਬੁਰਾਟਜੁਕ ਅਨੁਸਾਰ ਇਹ ਬਹੁਤ ਭਿਆਨਕ ਹਾਦਸਾ ਸੀ ਤੇ ਜੋ ਵਿਅਕਤੀ ਇਸ ਹਾਦਸੇ ਤੋਂ ਬਚ ਗਏ ਹਨ ਉਹ ਬਹੁਤ ਸਹਿਮੇ ਹੋਏ ਹਨ।

# ਅਮਰੀਕੀ ਸੰਸਦਾਂ ਨੇ ਭਾਰਤੀ ਕਿਸਾਨਾਂ ਦੇ ਸਮਰਥਨ ਵਿਚ ਰਾਜਦੂਤ ਨੂੰ ਲਿਖਿਆ ਪੱਤਰ

**ਕੈਲੇਫੋਰਨੀਆ (ਹੁਸਨ ਲੜੋਆ ਬੰਗਾ)** ਕਾਂਗਰਸ ਵਿਚ ਅਮਰੀਕਨ-ਸਿੱਖ ਗੁੱਟ ਦੇ ਸਹਿ ਪ੍ਰਧਾਨ ਰਿਪਬਲੀਕਨ ਸੰਸਦ ਮੈਂਬਰ ਜੌਹਨ ਗਰਾਮੈਂਡੀ ਤੇ ਉਸ ਦੇ ਸਾਥੀ ਸੰਸਦ ਮੈਂਬਰਾਂ ਜਿਮ ਕੋਸਟਾ ਤੇ ਸ਼ੈਲੀਆ ਜੈਕਸਨ ਲੀ ਨੇ ਅਮਰੀਕਾ ਵਿਚਲੇ ਭਾਰਤੀ ਰਾਜਦੂਤ ਤਰਨਜੀਤ ਸਿੰਘ ਸੰਧੂ ਨੂੰ ਇਕ ਪੱਤਰ ਭੇਜ ਕੇ ਪ੍ਰਦਰਸ਼ਨਕਾਰੀ ਭਾਰਤੀ ਕਿਸਾਨਾਂ ਦਾ ਸਮਰਥਨ ਕਰਦਿਆਂ ਕਿਹਾ ਹੈ ਕਿ ਸ਼ਾਂਤਮਈ ਪ੍ਰਦਰਸ਼ਨ ਕਰਨਾ ਕਿਸਾਨਾਂ ਦਾ ਅਧਿਕਾਰ ਹੈ। ਗਰਾਮੈਂਡੀ ਦੇ ਦਫ਼ਤਰ ਵੱਲੋਂ ਜਾਰੀ ਪ੍ਰੈਸ ਰਲੀਜ਼ ਅਨੁਸਾਰ ਅਮਰੀਕਨ ਸਿੱਖ ਗੁੱਟ ਨੇ ਸੰਧੂ ਨੂੰ ਹਾਲ ਹੀ ਵਿਚ ਕਿਸਾਨਾਂ ਨੂੰ ਜਬਰਨ ਦਿੱਲੀ ਜਾਣ ਤੋਂ ਰੋਕਣ ਦਾ ਜ਼ਿਕਰ ਕੀਤਾ ਹੈ। ਪੱਤਰ ਵਿਚ ਕਿਹਾ ਗਿਆ ਹੈ ਕਿ 'ਪੰਜਾਬ ਤੇ ਹਰਿਆਣਾ ਦੇ ਹਜ਼ਾਰਾਂ ਕਿਸਾਨਾਂ ਨੇ ਨਵੇਂ ਖੇਤੀ ਕਾਨੂੰਨਾਂ ਵਿਰੁੱਧ ਸ਼ਾਂਤਮਈ ਪ੍ਰਦਰਸ਼ਨ ਕਰਨ ਲਈ ਦਿੱਲੀ ਵੱਲ ਨੂੰ ਕੂਚ ਕੀਤਾ ਸੀ ਪਰੰਤੂ ਭਾਰਤ ਸਰਕਾਰ ਨੇ ਇਨਾਂ ਪ੍ਰਦਰਸ਼ਨਕਾਰੀਆਂ ਨਾਲ ਸਖ਼ਤੀ ਵਰਤੀ। ਉਨਾਂ ਉੱਪਰ ਅੱਥਰੂ ਗੈਸ ਛੱਡੀ, ਪਾਣੀ ਦੀਆਂ ਬੁਛਾਰਾਂ ਮਾਰੀਆਂ, ਲਾਠੀਚਾਰਜ ਕੀਤਾ ਤੇ ਸੜਕਾਂ ਉੱਪਰ ਵੱਡੇ ਪੱਧਰ ਉੱਪਰ ਰੋਕਾਂ ਖੜੀਆਂ ਕੀਤੀਆਂ। ਪੱਤਰ ਵਿਚ ਹੋਰ ਕਿਹਾ ਗਿਆ ਹੈ ਕਿ ਇਨਾਂ ਕਿਸਾਨਾਂ ਵਿਚੋਂ ਬਹੁਤ ਸਾਰਿਆਂ ਦੇ ਬੱਚੇ, ਰਿਸ਼ਤੇਦਾਰ ਤੇ ਮਿੱਤਰ ਅਮਰੀਕੀ ਸ਼ਹਿਰੀ ਹਨ ਜਿਨਾਂ ਨੇ ਕਿਸਾਨਾਂ ਦੇ ਅੰਦੋਲਨ ਸਬੰਧੀ ਆਪਣੀ ਚਿੰਤਾ ਸਾਡੇ ਨਾਲ ਸਾਂਝੀ ਕੀਤੀ ਹੈ। ਅਸੀਂ ਭਾਰਤ ਸਰਕਾਰ ਨੂੰ ਬੇਨਤੀ ਕਰਦੇ ਹਾਂ ਕਿ ਉਹ ਲੋਕਤੰਤਰ ਵਿਚ ਅਧਿਕਾਰਾਂ ਤੇ ਕਦਰਾਂ-ਕੀਮਤਾਂ ਦੀ ਕਦਰ ਕਰੇ। 'ਗਰਾਮੈਂਡੀ ਨੇ ਕਿਹਾ ਹੈ ਕਿ ਕਾਂਗਰਸ ਵਿਚ ਅਮਰੀਕਨ ਸਿੱਖ ਗੁੱਟ ਦੇ ਸਹਿ ਪ੍ਰਧਾਨ ਵਜੋਂ ਇਨਾਂ ਵਿਖਾਵਾਕਾਰੀਆਂ ਉੱਪਰ ਤਸ਼ੱਦਦ ਦੀ ਜਾਣਕਾਰੀ ਮੇਰੇ ਦਫ਼ਤਰ ਵਿਚ ਪੁੱਜੀ ਹੈ ਜੋ ਪ੍ਰਦਰਸ਼ਨਕਾਰੀ ਖੇਤੀਬਾੜੀ ਵਿਚ ਸੁਧਾਰਾਂ ਸਬੰਧੀ ਹਾਲ ਹੀ ਵਿਚ ਬਣਾਏ ਕਾਨੂੰਨਾਂ ਬਾਰੇ ਆਪਣਾ ਵਿਰੋਧ ਪ੍ਰਗਟਾਉਣ ਜਾ ਰਹੇ ਸਨ।' ਪੱਤਰ ਵਿਚ ਉਨਾਂ ਕਿਹਾ ਹੈ ਕਿ ਮੈ ਭਾਰਤ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਉਹ ਆਪਣੇ ਸ਼ਹਿਰੀਆਂ ਵਿਰੁੱਧ ਦਮਨਕਾਰੀ ਕਾਰਵਾਈ ਬੰਦ ਕਰੇ ਤੇ ਉਨਾਂ ਦੇ ਸ਼ਾਂਤਮਈ ਇਕੱਠ ਦਾ ਸਨਮਾਨ ਕਰੇ।

## ਸਾਹਿਬਜ਼ਾਦਿਆਂ ਦੀ ਲਾਸਾਨੀ

ਫ਼ਤਿਹਗੜ ਸਾਹਿਬ ਦੀ ਪਵਿੱਤਰ ਧਰਤੀ ਨੂੰ ਸਿੱਖਾਂ ਦਾ ਕਰਬਲਾ ਵੀ ਕਿਹਾ ਜਾਂਦਾ ਹੈ, ਕਿਉਂਕਿ ਇਸ ਥਾਂ 'ਤੇ ਹੀ ਦੁਨੀਆ ਦਾ ਇਕ ਅਜੀਬ ਸਾਕਾ ਵਾਪਰਿਆ। ਇਕ ਪਾਸੇ ਮੁਗ਼ਲ ਹਕੂਮਤ ਤੇ ਦੂਜੇ ਪਾਸੇ 7 ਤੇ 9 ਸਾਲ ਦੀ ਉਮਰ ਦੇ ਛੋਟੇ-ਛੋਟੇ ਬੱਚੇ।

ਭੋਰਾ ਸਾਹਿਬ, ਇਹ ਉਹ ਇਤਿਹਾਸਕ ਅਸਥਾਨ ਹੈ ਜਿੱਥੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘ ਨੂੰ ਦੀਵਾਰ ਵਿੱਚ ਚਿਣਵਾ ਦਿੱਤਾ ਗਿਆ ਸੀ।

ਗੁਰਦੁਆਰਾ ਬਿਬਾਨਗੜ ਸਾਹਿਬ, ਜਿੱਥੇ ਮਾਤਾ ਗੁਜਰੀ ਜੀ ਨੂੰ ਭਾਈ ਮੋਤੀ ਰਾਮ ਮਹਿਰਾ ਨੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਦੀ ਪੂਰੀ ਗਾਥਾ ਸੁਣਾਈ ਤੇ ਇਸੇ ਥਾਂ 'ਤੇ ਹੀ ਮਾਤਾ ਗੁਜਰੀ ਜੀ ਨੇ ਆਪਣੇ ਸਵਾਸ ਤਿਆਗੇ।

ਗੁਰਦੁਆਰਾ ਸ੍ਰੀ ਜੋਤੀ ਸਰੂਪ ਫ਼ਤਿਹਗੜ ਸਾਹਿਬ, ਜਿਸ ਨੂੰ ਦੁਨੀਆ ਦੀ ਸਭ ਤੋਂ ਮਹਿੰਗੀ ਧਰਤੀ ਵੀ ਕਿਹਾ ਜਾਂਦਾ ਹੈ। ਇੱਥੇ ਹੀ ਦੋਵਾਂ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦਾ ਅੰਤਮ ਸਸਕਾਰ ਕੀਤਾ ਗਿਆ। ਫ਼ਤਿਹਗੜ ਸਾਹਿਬ ਜੀ ਵਿਖੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਨਾਲ ਸਬੰਧਤ ਕਈ ਇਤਿਹਾਸਕ ਗੁਰਧਾਮ ਬਣੇ ਹੋਏ ਹਨ। ਜਿੱਥੇ ਵੱਡੀ ਗਿਣਤੀ ਵਿੱਚ ਲੋਕ ਸਿੱਜਦਾ ਕਰਨ ਆਉਂਦੇ ਹਨ। ਗੁਰਦੁਆਰਾ ਕਤਲਗੜ ਸਾਹਿਬ, ਚਮਕੌਰ ਸਾਹਿਬ ਉਹ ਇਤਿਹਾਸਕ ਸਥਾਨ ਹੈ, ਜਿੱਥੇ ਗੁਰੂ ਸਾਹਿਬ ਦੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਜੀ ਮੁਗ਼ਲਾਂ ਨਾਲ ਲੜਦੇ ਹੋਏ 'ਜੰਗ-ਏ-ਮੈਦਾਨ' ਵਿੱਚ ਸ਼ਹੀਦ ਹੋਏ ਸਨ।

ਇਸ ਦੇ ਨਾਲ ਹੀ ਪੰਜਾਂ ਪਿਆਰਿਆਂ ਵਿਚੋਂ ਤਿੰਨ ਪਿਆਰੇ ਭਾਈ ਹਿੰਮਤ ਸਿੰਘ, ਭਾਈ ਮੋਹਕਮ ਸਿੰਘ, ਭਾਈ ਸਾਹਿਬ ਸਿੰਘ ਵੀ ਸ਼ਹੀਦ ਹੋਏ ਸਨ। ਇੱਥੇ ਗੁਰੂ ਗ੍ਰੰਥ ਸਾਹਿਬ ਸੁਸ਼ੋਭਿਤ ਹਨ। ਵੱਡੇ ਸਾਹਿਬਜ਼ਾਦਿਆਂ ਤੇ 27 ਸਿੰਘਾਂ ਦੀ ਸ਼ਹੀਦੀ ਤੋਂ ਬਾਅਦ ਗੁਰੂ ਜੀ ਨੇ ਚਮਕੌਰ ਦੀ ਗੜੀ ਛੱਡ ਕੇ ਮਾਛੀਵਾੜੇ ਜਾਣ ਤੋਂ ਪਹਿਲਾਂ ਇਸੇ ਬੁਰਜ 'ਤੇ ਬਾਬਾ ਸੰਗਤ ਸਿੰਘ ਨੂੰ ਆਪਣੀ ਕਲਗ਼ੀ ਤੇ ਸ਼ਸਤਰ-ਬਸਤਰ ਸੌਂਪ ਕੇ ਬਿਠਾਇਆ ਸੀ।

ਗੁਰਦੁਆਰਾ ਚਮਕੌਰ ਸਾਹਿਬ ਵਿਖੇ ਇਸ ਪਵਿੱਤਰ ਖੂਹੀ ਤੋਂ ਗੁਰੂ ਗੋਬਿੰਦ ਸਿੰਘ ਤੇ ਵੱਡੇ ਸਾਹਿਬਜ਼ਾਦਿਆਂ ਨੇ ਜਲ ਛਕਿਆ ਸੀ। ਸ਼ਹੀਦੀ ਸਾਕੇ ਦੀ ਯਾਦ ਵਿੱਚ ਹਰ ਸਾਲ ਗੁਰਦੁਆਰਾ ਗੁਰ ਸਾਗਰ ਤੋਂ ਇੱਕ ਮਹਾਨ ਸ਼ਹੀਦੀ ਨਗਰ ਕੀਰਤਨ ਚਮਕੌਰ ਸਾਹਿਬ ਤੋਂ ਫ਼ਤਿਹਗੜ ਸਾਹਿਬ ਤੱਕ ਸਜਾਇਆ ਜਾਂਦਾ ਹੈ। ਗੁਰਦੁਆਰਾ ਕੋਤਵਾਲੀ ਸਾਹਿਬ ਜਿੱਥੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਨੂੰ ਗੰਗੂ ਦੇ ਪਿੰਡ ਸਹੇੜੀ ਤੋਂ ਗ੍ਰਿਫ਼ਤਾਰ ਕਰਕੇ ਥਾਣਾ ਕੋਤਵਾਲੀ ਮੋਰਿੰਡਾ ਵਿਖੇ ਕੈਦ ਕੀਤਾ ਗਿਆ ਸੀ।

ਇਹ ਉਹੀ ਇਤਿਹਾਸਕ ਸਥਾਨ ਹੈ ਜਿੱਥੇ ਬਿਰਧ ਮਾਤਾ ਆਪਣੇ ਛੋਟੇ ਪੋਤਿਆਂ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਅਤੇ ਸਾਹਿਬਜ਼ਾਦਾ ਫਤਹਿ ਸਿੰਘ ਨਾਲ ਕੈਦ ਵਿੱਚ ਰਹੇ ਸਨ। ਇਸ ਪੁਰਾਤਨ ਇਮਾਰਤ ਦੀ ਦਿੱਖ ਨੂੰ ਉਸੇ ਤਰਾਂ ਕਾਇਮ ਰੱਖਿਆ ਗਿਆ।

## ਅਡਾਨੀ ਅੰਬਾਨੀ ਵਿਰੁਧ...

ਮੋਹਸਿਨ ਕੰਪਨੀ ਭਾਰਤ ਵਿੱਚੋਂ ਬਾਸਮਤੀ ਚਾਵਲ ਦੀ ਖ਼ਰੀਦ ਕਰਦੀ ਸੀ। ਹਰਿਆਣਾ ਵਿੱਚੋਂ ਹਰ ਸਾਲ ਲਗਭਗ 40 ਹਜ਼ਾਰ ਕਰੋੜ ਤੋਂ ਵੱਧ ਦਾ ਚਾਵਲ ਵਿਦੇਸ਼ਾਂ ਨੂੰ ਜਾਂਦਾ ਹੈ। ਇਸ ਵਿੱਚੋਂ ਜ਼ਿਆਦਾਤਰ ਬਾਸਮਤੀ ਚਾਵਲ ਦਾ ਖ਼ਰੀਦਦਾਰ ਈਰਾਨ ਹੈ। ਮੋਹਸਿਨ ਕੰਪਨੀ ਵੱਲ ਚਾਵਲ ਨਿਰਯਾਤਕ ਵਪਾਰੀਆਂ ਦਾ 400 ਕਰੋੜ ਰੁਪਏ ਬਕਾਇਆ ਸੀ। ਅਡਾਨੀ ਗਰੁੱਪ ਨੇ ਮੋਹਸਿਨ ਖ਼ਰੀਦਣ ਸਮੇਂ ਉਸ ਦੀ ਇਸ ਦੇਣਦਾਰੀ ਨੂੰ ਵੀ ਆਪਣੇ ਸਿਰ ਲੈ ਲਿਆ ਸੀ। ਅਡਾਨੀ ਗਰੁੱਪ ਦੀ ਨੌਲੱਖਾ ਪਿੰਡ ਦੀ ਜ਼ਮੀਨ ਵਿੱਚ ਗੋਦਾਮ ਤੋਂ ਇਲਾਵਾ ਸ਼ੈਲਰ ਲਾਉਣ ਦੀ ਵੀ ਯੋਜਨਾ ਹੈ, ਤਾਂ ਜੋ ਹਰਿਆਣੇ ਦੀ ਚਾਵਲ ਉਪਜ ਉੱਤੇ ਮੁਕੰਮਲ ਕਬਜ਼ਾ ਕੀਤਾ ਜਾ ਸਕੇ। ਸੋਨੀਪਤ ਜ਼ਿਲੇ ਦੇ ਮੁੰਡਲਾਨਾ ਤੇ ਕੈਥਲ ਵਿੱਚ ਵੀ ਇਹੋ ਕਾਰਪੋਰੇਟ ਗਤੀਵਿਧੀਆਂ ਚੱਲ ਰਹੀਆਂ ਹਨ।

ਇਹ ਸਪੱਸ਼ਟ ਹੈ ਕਿ ਮੋਦੀ ਸਰਕਾਰ ਜੋ ਵੀ ਕੰਮ ਕਰ ਰਹੀ ਹੈ, ਉਹ ਅਡਾਨੀ ਤੇ ਅੰਬਾਨੀ ਲਈ ਹੀ ਕਰ ਰਹੀ ਹੈ। ਸਰਕਾਰ ਨੇ ਰਿਲਾਇੰਸ ਸਮੂਹ ਦੇ ਆਨਲਾਈਨ ਕਰਿਆਨਾ ਡਿਲੀਵਰੀ ਸ਼ਾਪਿੰਗ ਪੋਰਟਲ 'ਜੀਓ ਮਾਰਟ' ਦੀ ਮਦਦ ਕਰਨ ਲਈ ਖੇਤੀ ਕਾਨੂੰਨਾਂ ਰਾਹੀਂ ਸਮੁੱਚਾ ਖੇਤੀ ਕਿੱਤਾ ਉਸ ਦੇ ਹਵਾਲੇ ਕਰਨ ਦਾ ਕੰਮ ਸ਼ੁਰੂ ਕੀਤਾ ਹੋਇਆ ਹੈ। ਹੁਣ ਤੱਕ 15 ਹਜ਼ਾਰ ਕਰਿਆਨਾ ਸਟੋਰ 'ਜੀਓ ਮਾਰਟ' ਨਾਲ ਜੁੜ ਚੁੱਕੇ ਹਨ। ਇਸ ਸਾਲ ਟੀਚਾ 30 ਲੱਖ ਕਰਨ ਦਾ ਹੈ, 'ਜੀਓ ਮਾਰਟ' ਹਰ ਕਰਿਆਨਾ ਦੁਕਾਨ ਨਾਲ ਸਮਝੌਤਾ ਕਰਕੇ ਉਸ ਨੂੰ ਆਪਣੇ ਵੱਲੋਂ ਤੈਅ ਕੀਮਤ ਉੱਤੇ ਮਾਲ ਸਪਲਾਈ ਕਰੇਗਾ ਤੇ ਅੱਗੋਂ ਦੁਕਾਨਦਾਰ ਗਾਹਕਾਂ ਤੱਕ ਪੁਚਾਉਣ ਲਈ ਉਸ ਦਾ ਕਰਿੰਦਾ ਹੋਵੇਗਾ। ਕਿਸਾਨ ਆਗੂਆਂ ਦਾ ਮੰਨਣਾ ਹੈ ਕਿ ਸਾਨੂੰ ਸਭ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਅਡਾਨੀ ਤੇ ਅੰਬਾਨੀ ਦੀ ਮਾਇਆ ਰੂਪੀ ਨਾਗ ਦਾ ਡੰਗ ਸਿਰਫ਼ ਕਿਸਾਨਾਂ ਲਈ ਨਹੀਂ ਸਮੁੱਚੇ ਅਵਾਮ ਲਈ ਖ਼ਤਰਨਾਕ ਹੋਵੇਗਾ। ਇਹ ਸਭ ਨੂੰ ਘਸਿਆਰਾ ਬਣਾਉਣ ਦੀ ਤਿਆਰੀ ਹੈ। ਅਨਾਜ, ਸਾਡੀ ਰੋਟੀ ਉੱਪਰ ਕਬਜ਼ਾ ਕਰਨ ਦੀ ਤਿਆਰੀ ਹੈ। ਕੀ ਰੋਟੀ ਵਪਾਰ ਹੋ ਸਕਦੀ ਹੈ ? ਤਾਂ ਕਿ ਇਸ ਨੂੰ ਕਾਲੇ ਬਜ਼ਾਰ ਦਾ ਅੰਗ ਬਣਾ ਕੇ ਭੁੱਖਮਰੀ ਪੈਦਾ ਕੀਤੀ ਜਾ ਸਕੇ।

## ..ਤੇ ਤੁਸੀਂ ਸੋਚਦੇ ਹੋ ਕਿ...

ਆਖ਼ਰ ਹੁਣੇ ਕਿਉਂ ? ਅਤੇ ਕਿਰਤ ਕਾਨੂੰਨਾਂ 'ਚ ਸੋਧਾਂ ਲਈ ਵੀ ਇੰਨੀ ਕਾਹਲ ਕਿਉਂ ਪਈ ਹੋਈ ਹੈ, ਇਹੋ ਜਿਹੇ ਗੰਭੀਰ ਸਵਾਲਾਂ 'ਤੇ ਇਕ ਵਾਰ ਵੀ ਧਿਆਨ ਕੇਂਦਰਤ ਨਹੀਂ ਕੀਤਾ ਗਿਆ। ਪ੍ਰਧਾਨ ਮੰਤਰੀ ਨੇ ਪਿਛਲੀਆਂ ਚੋਣਾਂ ਵਿਚ ਜਬਰਦਸਤ ਬਹੁਮਤ ਹਾਸਲ ਕੀਤਾ ਸੀ। ਘੱਟੋ-ਘੱਟ ਹੋਰ ਦੋ-ਤਿੰਨ ਸਾਲ ਉਨ੍ਹਾਂ ਦਾ ਬਹੁਮਤ ਕਾਇਮ ਰਹੇਗਾ। ਭਾਜਪਾ ਸਰਕਾਰ ਕਿਉਂ ਮਹਿਸੂਸ ਕਰਦੀ ਹੈ ਕਿ ਮਹਾਮਾਰੀ ਦਾ ਇਹ ਸਮਾਂ ਬਿਮਾਰੀ ਵੱਲ ਫੌਰੀ ਧਿਆਨ ਦੇਣ ਦੇ ਹੋਰ ਹਜ਼ਾਰਾਂ ਕੰਮ ਛੱਡ ਕੇ ਇਹ ਕਾਨੂੰਨ ਲਾਗੂ ਕਰਵਾਉਣ ਦਾ ਸਭ ਤੋਂ ਵਧੀਆ ਮੌਕਾ ਹੈ ?

ਖ਼ੈਰ, ਗਿਣਤੀ ਮਿਣਤੀ ਇਹ ਸੀ ਕਿ ਇਹੀ ਸਮਾਂ ਹੈ ਜਦੋਂ ਕੋਵਿਡ-19 ਦੇ ਭੰਨੇ ਤੇ ਮਹਾਮਾਰੀ ਤੋਂ ਦਬਕਾਏ ਕਿਸਾਨ ਤੇ ਮਜ਼ਦੂਰ ਲਾਮਬੰਦ ਹੋ ਕੇ ਅਸਰਦਾਰ ਜਵਾਬ ਨਹੀਂ ਦੇ ਸਕਣਗੇ। ਥੋੜ੍ਹੇ ਸ਼ਬਦਾਂ 'ਚ, ਇਹੋ ਜਿਹਾ ਮੌਕਾ ਸ਼ਾਇਦ ਫ਼ਿਰ ਛੇਤੀ ਕੀਤਿਆਂ ਹੱਥ ਨਹੀਂ ਲੱਗਣਾ। ਇਸ ਦਰਮਿਆਨ ਉਨ੍ਹਾਂ ਦੀ ਟੇਕ ਆਪਣੇ ਕੁਝ ਉਨ੍ਹਾਂ ਮਾਹਿਰਾਂ 'ਤੇ ਸੀ ਜਿਨ੍ਹਾਂ 'ਚੋਂ ਕੁਝ ਦਾ ਕਹਿਣਾ ਸੀ ਕਿ ਇਹ '1991 ਦੇ ਸੁਧਾਰਾਂ' ਵਰਗਾ ਦੂਜਾ ਪਲ, ਤਿੱਖੇ ਸੁਧਾਰਾਂ ਨੂੰ ਅਗਾਂਹ ਵਧਾਉਣ, ਡਿੱਗੇ ਹੌਸਲਿਆਂ, ਮੁਸੀਬਤ ਤੇ ਅਫ਼ਰਾ-ਤਫ਼ਰੀ ਤੋਂ ਲਾਹਾ ਉਠਾਉਣ ਦਾ ਮੌਕਾ ਹੈ। ਉੱਘੇ ਸੰਪਾਦਕਾਂ ਨੇ ਸਰਕਾਰ ਨੂੰ ਨਸੀਹਤਾਂ ਦਿੱਤੀਆਂ ਕਿ "ਵਧੀਆ ਸੰਕਟ ਨੂੰ ਅਜਾਈਂ ਨਾ ਜਾਣ ਦਿਓ"; ਤੇ ਨੀਤੀ ਆਯੋਗ ਦਾ ਮੁਖੀ ਜਿਸ ਨੂੰ ਇਹ ਦੇਖ ਕੇ ਬਹੁਤ ਅਫ਼ਸੋਸ ਹੋ ਰਿਹਾ ਹੈ ਕਿ ਭਾਰਤ ਵਿਚ 'ਲੋੜ ਤੋਂ ਜ਼ਿਆਦਾ ਹੀ ਲੋਕਰਾਜ' ਹੁੰਦਾ ਜਾ ਰਿਹਾ ਹੈ।

ਕਾਨੂੰਨਾਂ ਦੇ ਗ਼ੈਰਸੰਵਿਧਾਨਕ ਹੋਣ ਦੇ ਬਹੁਤ ਅਹਿਮ ਸਵਾਲ ਬਾਰੇ ਕੋਈ ਚਲਦੀ ਚਲਦੀ, ਸਰਸਰੀ ਤੇ ਗ਼ੈਰਸੰਜੀਦਾ ਟਿੱਪਣੀ ਨਹੀਂ ਹੋ ਸਕਣੀ। ਕੇਂਦਰ ਨੇ ਇਸ ਕਾਨੂੰਨ ਰਾਹੀਂ ਸੂਬਾਈ ਵਿਸ਼ੇ 'ਤੇ ਕਿਵੇਂ ਛਾਪਾ ਮਾਰਿਆ ਹੈ ਜਿੱਥੇ ਉਸ ਦਾ ਕੋਈ ਹੱਕ ਨਹੀਂ ਬਣਦਾ।

ਸੰਪਾਦਕੀਆਂ ਵਿਚ ਇਸ 'ਤੇ ਖਾਸ ਚਰਚਾ ਨਹੀਂ ਕੀਤੀ ਗਈ ਕਿ ਕਿਸਾਨਾਂ ਨੇ ਕਮੇਟੀਆਂ ਦੀ ਮੌਤੇ ਮਰਨ ਦੀ ਸਰਕਾਰੀ ਪੇਸ਼ਕਸ਼ ਨੂੰ ਕਿਉਂ ਇੰਨੀ ਕੁਰਖ਼ਤਗੀ ਨਾਲ ਦਰਕਿਨਾਰ ਕਰ ਦਿੱਤਾ ਸੀ। ਜੇ ਕਿਸੇ ਕਮੇਟੀ ਦੀ ਰਿਪੋਰਟ ਤੇ ਉਸ ਦੀਆਂ ਮੰਗਾਂ ਨੂੰ ਦੇਸ਼ ਭਰ ਦਾ ਹਰ ਕਿਸਾਨ ਜਾਣਦਾ ਹੈ ਤਾਂ ਉਹ ਹੈ ਕੌਮੀ ਕਿਸਾਨ ਕਮਿਸ਼ਨ ( ) ਜਿਸ ਨੂੰ ਉਹ ਸਵਾਮੀਨਾਥਨ ਰਿਪੋਰਟ ਸੱਦਦੇ ਹਨ। ਹਾਲਾਂਕਿ ਕਾਂਗਰਸ ਤੇ ਭਾਜਪਾ, ਦੋਵਾਂ ਨੇ ਇਸ ਰਿਪੋਰਟ ਨੂੰ ਲਾਗੂ ਕਰਨ ਦਾ ਵਾਅਦਾ ਕੀਤਾ ਸੀ ਪਰ ਇਨ੍ਹਾਂ 'ਚ ਹੋੜ ਲੱਗੀ ਹੈ ਕਿ ਇਸ ਰਿਪੋਰਟ ਨੂੰ ਪਹਿਲਾਂ ਕੌਣ ਦਫ਼ਨਾਏਗਾ।

ਹਾਂ, ਯਾਦ ਆਇਆ ਨਵੰਬਰ 2018, ਜਦੋਂ ਉਸ ਰਿਪੋਰਟ ਦੀਆਂ ਕੁਝ ਮੁੱਖ ਸਿਫ਼ਾਰਸ਼ਾਂ ਲਾਗੂ ਕਰਵਾਉਣ ਲਈ ਇਕ ਲੱਖ ਤੋਂ ਜ਼ਿਆਦਾ ਲੋਕ ਦਿੱਲੀ ਵਿਚ ਪਾਰਲੀਮੈਂਟ ਦੇ ਨੇੜੇ ਇਕੱਤਰ ਹੋਏ ਸਨ। ਉਨ੍ਹਾਂ ਕਰਜ਼ ਮੁਆਫ਼ੀ, ਐਮਐਸਪੀ ਦੀ ਜ਼ਾਮਨੀ ਅਤੇ ਖੇਤੀਬਾੜੀ ਸੰਕਟ 'ਤੇ ਵਿਚਾਰ ਚਰਚਾ ਕਰਨ ਲਈ ਸੰਸਦ ਦਾ ਵਿਸ਼ੇਸ਼ ਸੈਸ਼ਨ ਬੁਲਾਉਣ ਜਿਹੀਆਂ ਕੁਝ ਮੰਗਾਂ ਰੱਖੀਆਂ ਸਨ। ਬਹੁਤੀਆਂ ਉਹੀ ਮੰਗਾਂ ਹਨ ਜੋ ਇਸ ਵੇਲੇ ਕਿਸਾਨ ਲੈ ਕੇ ਦਿੱਲੀ ਦਰਬਾਰ ਨੂੰ ਵੰਗਾਰ ਰਹੇ ਹਨ; ਉਹ ਵੀ ਸਿਰਫ਼ ਪੰਜਾਬ ਤੋਂ ਨਹੀਂ ਸਗੋਂ 22 ਰਾਜਾਂ ਤੇ ਚਾਰ ਕੇਂਦਰ ਸਾਸ਼ਿਤ ਪ੍ਰਦੇਸ਼ਾਂ ਤੋਂ ਆਏ ਸਨ।

ਸਰਕਾਰ ਦਾ ਚਾਹ ਦਾ ਕੱਪ ਪੀਣ ਤੋਂ ਵੀ ਇਨਕਾਰ ਕਰਨ ਵਾਲੇ ਕਿਸਾਨਾਂ ਨੇ ਦਿਖਾਇਆ ਹੈ ਕਿ ਉਨ੍ਹਾਂ ਬਾਰੇ ਭੈਅਭੀਤ ਅਤੇ ਮੁਥਾਜ ਹੋਣ ਦੇ ਅਨੁਮਾਨ ਗ਼ਲਤ ਸਨ। ਉਹ ਆਪਣੇ (ਤੇ ਸਾਡੇ ਵੀ) ਹੱਕਾਂ ਦੀ ਖਾਤਰ ਡਟਣ ਦੇ ਇੱਛੁਕ ਸਨ ਤੇ ਵੱਡੇ ਜੋਖ਼ਮ ਲੈ ਕੇ ਇਨ੍ਹਾਂ ਕਾਨੂੰਨਾਂ ਦਾ ਵਿਰੋਧ ਕਰਨ ਲਈ ਤਿਆਰ-ਬਰ-ਤਿਆਰ ਹਨ।

ਉਹ ਲਗਾਤਾਰ ਕਹਿ ਰਹੇ ਹਨ ਕਿ 'ਮੁੱਖਧਾਰਾ' ਉਨ੍ਹਾਂ ਨੂੰ ਨਜ਼ਰਅੰਦਾਜ਼ ਕਰਦੀ ਹੈ। ਉਹ ਸਾਨੂੰ ਖ਼ਬਰਦਾਰ ਕਰ ਰਹੇ ਹਨ ਕਿ ਖਾਧ ਖੁਰਾਕ 'ਤੇ ਕਾਰਪੋਰੇਟ ਕੰਟਰੋਲ ਨਾਲ ਦੇਸ਼ ਦਾ ਕੀ ਹਸ਼ਰ ਹੋਵੇਗਾ। ਕੀ ਹਾਲ ਫਿਲਹਾਲ ਤੁਸੀਂ ਇਸ 'ਤੇ ਕੋਈ ਸੰਪਾਦਕੀ ਪੜ੍ਹੀ ਹੈ ? ਉਨ੍ਹਾਂ 'ਚੋਂ ਕੁਝ ਕੁ ਹੀ ਹੋਣਗੇ ਜਿਹੜੇ ਇਹ ਜਾਣਦੇ ਹਨ ਕਿ ਉਹ ਅਜਿਹੀ ਲੜਾਈ ਲੜ ਰਹੇ ਹਨ ਜੋ ਇਨ੍ਹਾਂ ਤਿੰਨ ਕਾਨੂੰਨਾਂ ਨੂੰ ਰੱਦ ਕਰਨ, ਜਾਂ ਪੰਜਾਬ ਜਾਂ ਉਨ੍ਹਾਂ ਦੇ ਸਵੈ ਨਾਲੋਂ ਕਿਤੇ ਵਡੇਰੀ ਹੈ। ਵਾਹ ਲਗਦੀ ਕਾਨੂੰਨ ਰੱਦ ਹੋਣ ਨਾਲ ਅਸੀਂ ਮੁੜ ਕਈ ਸਾਲਾਂ ਤੋਂ ਚਲੀ ਆ ਰਹੀ ਉਸੇ ਜਗ੍ਹਾ ਪਹੁੰਚ ਜਾਵਾਂਗੇ। ਉਹ ਕੋਈ ਬਹੁਤੀ ਵਧੀਆ ਜਗ੍ਹਾ ਨਹੀਂ: ਖੌਫ਼ਨਾਕ ਖੇਤੀਬਾੜੀ ਸੰਕਟ ਵਾਲੀ ਜਗ੍ਹਾ, ਪਰ ਇਸ ਨਾਲ ਖੇਤੀਬਾੜੀ ਦੀਆਂ ਮੁਸੀਬਤਾਂ ਵਿਚ ਕੀਤਾ ਜਾ ਰਿਹਾ ਹੋਰ ਵਾਧਾ ਬੰਦ ਹੋ ਜਾਵੇਗਾ ਜਾਂ ਘਟ ਜਾਵੇਗਾ। 'ਮੁੱਖਧਾਰਾ ਮੀਡੀਆ' ਦੇ ਐਨ ਉਲਟ ਉਹ ਦੇਸ਼ ਦੇ ਨਾਗਰਿਕਾਂ ਦੇ ਕਾਨੂੰਨੀ ਚਾਰਾਜੋਈ ਦੇ ਹੱਕ ਨੂੰ ਤਹਿਸ ਨਹਿਸ ਕਰਨ ਅਤੇ ਸਾਡੇ ਅਧਿਕਾਰਾਂ ਨੂੰ ਲੱਗ ਰਹੇ ਖੋਰੇ ਦੇ ਪੱਖ ਤੋਂ ਇਨ੍ਹਾਂ ਕਾਨੂੰਨਾਂ ਦੀ ਅਹਿਮੀਅਤ ਨੂੰ ਵੇਖਦੇ ਹਨ। ਹੋ ਸਕਦਾ ਹੈ, ਉਹ ਇਹ ਗੱਲ ਇਸ ਤਰ੍ਹਾਂ ਨਾ ਵੇਖ ਤੇ ਸਮਝਾ ਸਕਣ ਪਰ ਉਹ ਸੰਵਿਧਾਨ ਦੇ ਮੂਲ ਢਾਂਚੇ ਅਤੇ ਆਪਣੇ ਆਪ ਵਿਚ ਲੋਕਤੰਤਰ ਦੀ ਰਾਖੀ ਕਰ ਰਹੇ ਹਨ।



# ਗੁਰੂ ਦਾ ਦੀਪ ਬਣ ਕੇ ਚਾਨਣ ਵੰਡਣ ਵਾਲਾ ਸੂਰਬੀਰ ਯੋਧਾ ਸ਼ਹੀਦ ਗੁਰਦੀਪ ਸਿੰਘ ਦੀਪਾ ਹੇਰਾਂ

**- ਲਵਸ਼ਿੰਦਰ ਸਿੰਘ ਡੱਲੇਵਾਲ**




ਭਾਈ ਗੁਰਦੀਪ ਸਿੰਘ ਦਾ ਜਨਮ ਜ਼ਿਲਾ ਜਲੰਧਰ ਦੇ ਪਿੰਡ ਹੇਰਾਂ, ਤਹਿਸੀਲ ਨਕੋਦਰ ਵਿਖੇ ਸ. ਸੁਰਜੀਤ ਸਿੰਘ ਦੇ ਘਰੇ ਮਾਤਾ ਗੁਰਬਚਨ ਕੌਰ ਦੀ ਕੁੱਖੋਂ ਹੋਇਆ । ਭਾਈ ਗੁਰਦੀਪ ਸਿੰਘ ਦੀਪੇ ਦੇ ਦੋ ਭਰਾ ਸ. ਜੰਗ ਬਹਾਦਰ ਸਿੰਘ ਅਤੇ ਸ.ਅਮ੍ਰਿਤਪਾਲ ਸਿੰਘ ਹਨ ਅਤੇ ਦੋ ਭੈਣਾਂ ਹਨ। ਪਿੰਡ ਹੇਰਾਂ ਜਲੰਧਰ ਤੋਂ ਕਰੀਬ ਅਠਾਰਾਂ ਕਿਲੋਮੀਟਰ ਦੂਰ ਹੈ । ਸ੍ਰ, ਸੁਰਜੀਤ ਸਿੰਘ ਭਾਰਤ ਦੀ ਸਮੁੰਦਰੀ ਫ਼ੌਜ (ਨੇਵੀ) ਵਿੱਚ ਨੌਕਰੀ ਕਰਦੇ ਸੀ ਜਿੱਥੋਂ ਉਨਾਂ ਦੀ ਰਿਟਾਇਰਮੈਂਟ ਹੋਈ ਸੀ । ਮੁੱਢਲੀ ਪੜਾਈ ਦੀਪੇ ਨੇ ਆਪਣੇ ਹੀ ਪਿੰਡ ਦੇ ਪ੍ਰਾਇਮਰੀ ਸਕੂਲ ਤੋਂ ਪ੍ਰਾਪਤ ਕੀਤੀ ਅਤੇ ਬਾਅਦ ਵਿੱਚ ਹਾਈ ਸਕੂਲ ਵਿੱਚ ਦਾਖਲਾ ਲੈ ਲਿਆ । ਇਸ ਸਮੇਂ ਕਿਸੇ ਨੂੰ ਖ਼ਿਆਲ ਨਹੀਂ ਸੀ ਕਿ ਜਵਾਨੀ ਦੀ ਦਹਿਲੀਜ਼ 'ਤੇ ਪੈਰ ਧਰਦਿਆਂ ਹੀ ਬਚਪਨ ਵਿੱਚ ਸ਼ਰਾਰਤੀ ਕਿਸਮ ਦਾ ਦੀਪਾ ਧਾਰਮਿਕ ਵਿਚਾਰਾਂ ਦਾ ਧਾਰਨੀ ਬਣ ਕੇ ਕੌਮ ਦੀ ਵਡਮੁੱਲੀ ਸੇਵਾ ਕਰੇਗਾ । ਬਲਕਿ ਗੁਰੂ ਦਾ ਦੀਪ ਬਣ ਕੇ ਜਲੰਧਰ ਜ਼ਿਲੇ ਵਿੱਚ ਅਜਿਹਾ ਚਾਨਣ ਕਰੇਗਾ ਕਿ ਆਉਣ ਵਾਲੀਆਂ ਪੀੜੀਆਂ ਜਿੱਥੇ ਦੀਪੇ 'ਤੇ ਮਾਣ ਕਰਨਗੀਆਂ ਉੱਥੇ ਹੇਰਾਂ ਪਿੰਡ ਵੀ ਪੂਰੀ ਦੁਨੀਆ ਵਿੱਚ ਮਸ਼ਹੂਰ ਹੋ ਜਾਵੇਗਾ ।

'ਜੂਨ 1984 ਦੇ ਖ਼ੂਨੀ ਘੱਲੂਘਾਰੇ ਨਾਲ ਸਿੱਖ ਮਾਨਸਿਕਤਾ ਬੁਰੀ ਤਰਾਂ ਜ਼ਖ਼ਮੀ ਹੋ ਚੁੱਕੀ ਸੀ । ਦੀਪਾ ਵੀ ਇਸ ਪੀੜ ਨੂੰ ਬਹੁਤ ਗਹਿਰਾਈ ਨਾਲ ਮਹਿਸੂਸ ਕਰ ਰਿਹਾ ਸੀ , ਉਹ ਧੁਰ ਅੰਦਰ ਤੱਕ ਹਲੂਣਿਆ ਗਿਆ । ਉਸ ਨੇ ਸੋਚਿਆ ਕਿ ਭਾਰਤ ਦੇ ਹਾਕਮਾਂ ਨੂੰ ਨੇਸਤੋ ਨਾਬੂਤ ਕਰ ਦਿਆਂ। ਪੰਥ ਦੇ ਦੁਸ਼ਮਣ ਲੋਕਾਂ ਦਾ ਪੂਰੀ ਤਰਾਂ ਨਾਲ ਖ਼ਾਤਮਾ ਕਰਨ ਲਈ ਸੋਚਦਾ ਰਹਿੰਦਾ ਸੀ । ਚਾਰ ਅਗਸਤ 1982 ਨੂੰ ਸ਼੍ਰੋਮਣੀ ਅਕਾਲੀ ਦਲ ਨੇ ਅਨੰਦਪੁਰ ਸਾਹਿਬ ਦੇ ਮਤੇ ਸਮੇਤ 45 ਮੰਗਾਂ 'ਤੇ ਅਧਾਰਤ ਧਰਮ ਯੁੱਧ ਮੋਰਚਾ ਅਰੰਭ ਕੀਤਾ ਸੀ, ਜਿਸ ਵਿੱਚ ਦੋ ਸੌ ਤੋਂ ਵੱਧ ਸਿੱਖ ਸ਼ਹੀਦ ਹੋ ਗਏ ਸਨ । ਇੱਕ ਵਾਰ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨੇ ਮੰਜੀ ਸਾਹਿਬ ਦੀਵਾਨ ਹਾਲ ਵਿੱਚ ਭਾਸ਼ਣ ਦੌਰਾਨ ਕੁਰਸੀ ਦੇ ਆਸ਼ਕਾਂ ਨੂੰ ਖ਼ਬਰਦਾਰ ਕਰਦਿਆਂ ਕਿਹਾ ਸੀ ਕਿ 'ਅਨੰਦਪੁਰ ਸਾਹਿਬ ਦੇ ਮਤੇ ਦੀ ਪੂਰਤੀ ਤੋਂ ਇੱਕ ਇੰਚ ਵੀ ਘੱਟ ਅਗਰ ਕਿਸੇ ਨੇ ਕੇਂਦਰ ਨਾਲ ਸਮਝੌਤਾ ਕੀਤਾ ਤਾਂ ਉਸ ਨੂੰ ਗੱਡੀ ਚਾੜਨ ਵਿੱਚ ਸਿੰਘੋ ਢਿੱਲ ਨਾ ਕਰਿਓ ਪੁੰਨ ਬਹੁਤ ਲੱਗੇਗਾ।' ਇਹੀ ਸ਼ਰਤ ਸੰਤਾਂ ਨੇ ਮੋਰਚੇ ਦੀ ਅਰੰਭਤਾ ਵੇਲੇ ਰੱਖੀ ਸੀ ਕਿ ਅਗਰ ਇਕੱਠੇ ਹੋ ਕੇ ਮੋਰਚਾ ਲਾਉਣਾ ਹੈ ਤਾਂ ਜੂਸ ਦਾ ਗਿਲਾਸ ਮੂੰਹ ਨੂੰ ਲਗਾ ਕੇ ਜਿਵੇਂ ਫਤਿਹ ਸਿੰਘ ਨੇ ਮਰਨ ਵਰਤ ਤੋੜ ਲਿਆ ਸੀ ਇਸ ਵਾਰ ਤੁਸੀਂ ਅਜਿਹਾ ਨਹੀਂ ਕਰ ਸਕੋਗੇ ।

ਪਰ ਜਿਨਾਂ ਨੂੰ ਪੈਰ ਪੈਰ ਸਿੱਖ ਕੌਮ ਨਾਲ ਧੋਖਾ ਕਰਨ ਦੀ ਆਦਤ ਪੈ ਜਾਵੇ ਉਹ ਕਿੱਥੋਂ ਬਾਜ਼ ਆਉਂਦੇ ਹਨ ।

ਗਦਾਰ ਏ ਆਜ਼ਮ ਲੌਂਗੋਵਾਲ, ਬਰਨਾਲਾ ਅਤੇ ਬਲਵੰਤੇ ਲੱਡੂ ਨੇ ਰਾਜੀਵ-ਲੌਂਗੋਵਾਲ ਸਮਝੌਤਾ ਕਰਵਾ ਦਿੱਤਾ। ਦਰਬਾਰ ਸਾਹਿਬ ਕੰਪਲੈਕਸ ਵਿੱਚ ਸਿੱਖਾਂ ਦੀਆਂ ਲਾਸ਼ਾਂ ਨੂੰ ਅੱਖੋਂ ਪਰੋਖੇ ਕਰਦਿਆਂ, ਸਿੱਖ ਬੀਬੀਆਂ ਦੀਆਂ ਕੁਰਲਾਹਟਾਂ ਨੂੰ ਅਣਗੌਲਿਆਂ ਕਰਦਿਆਂ ਠੰਢੇ ਰਸਗੁੱਲਿਆਂ ਦੇ ਭਾਅ ਪੂਰੀ ਕੌਮ ਨੂੰ ਵੇਚ ਕੇ ਰੱਖ ਦਿੱਤਾ। ਇਸ ਰਾਜੀਵ-ਲੌਂਗੋਵਾਲ ਸਮਝੌਤੇ ਨੂੰ ਸਿੱਖ ਜਥੇਬੰਦੀਆਂ ਵੱਲੋਂ ਪੂਰੀ ਤਰਾਂ ਰੱਦ ਕਰ ਦਿੱਤਾ ਗਿਆ। ਜਦੋਂ ਸਮਝੌਤੇ ਬਆਦ ਲੌਂਗੋਵਾਲ ਦਰਬਾਰ ਸਾਹਿਬ ਆਇਆ ਤਾਂ ਉਸ ਵਕਤ ਉਸ ਦਾ ਜੰਮ ਕੇ ਵਿਰੋਧ ਕੀਤਾ ਗਿਆ ਸੀ ਉਸ ਵਕਤ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਦਫ਼ਤਰ ਮੂਹਰੇ ਅਸੀਂ ਪੰਦਰਾਂ ਵੀਹ ਸਿੰਘ ਖੜੇ ਹੋ ਇਸ ਦਾ ਰਸਤਾ ਰੋਕ ਰਹੇ ਸੀ ਤਾਂ ਇਸ ਗ਼ੱਦਾਰ ਦੇ ਬਾਡੀਗਾਰਡ ਨੇ ਦੋ ਫਾਇਰ ਕਰ ਦਿੱਤੇ, ਪਰ ਇਤਫ਼ਾਕ ਨਾਲ ਕਿਸੇ ਦੇ ਗੋਲੀ ਨਾ ਲੱਗੀ। ਇਸ ਉਪਰੰਤ ਇਕੱਠੇ ਹੋਏ ਸਿੰਘਾ ਨੇ ਇਨਾਂ ਵੱਲ ਵਹੀਰਾਂ ਘੱਤ ਦਿੱਤੀਆਂ, ਇੱਟਾਂ ਰੋੜੇ ਜੋ ਕਿਸੇ ਦੇ ਹੱਥ ਆਇਆ ਇਨਾਂ ਵੱਲ ਸੁੱਟਣੇ ਸ਼ੁਰੂ ਕਰ ਦਿੱਤੇ ਅਤੇ ਇਹ ਗ਼ੱਦਾਰ ਲੌਂਗੋਵਾਲ ਭੱਜ ਕੇ ਅੰਦਰ ਜਾ ਵੜਿਆ । ਦੂਜੇ ਹੀ ਦਿਨ ਤੜਕੇ ਦਰਬਾਰ ਸਾਹਿਬ ਵਿਚੋਂ ਚੱਲਿਆ ਗਿਆ ਅਤੇ ਸਮਝੌਤੇ ਦੇ ਪੱਚੀ ਦਿਨਾਂ ਬਾਅਦ ਹੀ ਉਸ ਸੱਤਵਾਦੀ ਮਹਾਂਪੁਰਖ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਲਿਆਂ ਦੇ ਬਚਨ ਪੂਰੇ ਹੋਏ ਇਸ ਗ਼ੱਦਾਰ ਨੂੰ ਸ਼ਹੀਦ ਭਾਈ ਜਰਨੈਲ ਸਿੰਘ ਹਲਵਾਰਾ, ਸ਼ਹੀਦ ਭਾਈ ਹਲਵਿੰਦਰ ਸਿੰਘ, ਭਾਈ ਗਿਆਨ ਸਿੰਘ ਲੀਲ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਸ਼ੇਰਪੁਰ ਵਿਖੇ ਨਰਕਾਂ ਦੇ ਰਾਹ ਤੋਰ ਦਿੱਤਾ ।

ਸਮਝੌਤੇ ਵਿੱਚ ਪਰਦੇ ਪਿੱਛੇ ਤਹਿ ਹੋਇਆ ਸੀ ਪੰਜਾਬ ਵਿੱਚ ਵਿਧਾਨ ਸਭਾ ਦੀਆਂ ਚੋਣਾਂ ਹੋਣਗੀਆਂ ਅਤੇ ਸੁਰਜੀਤ ਸਿੰਘ ਬਰਨਾਲਾ ਪੰਜਾਬ ਦਾ ਮੁੱਖ ਮੰਤਰੀ ਬਣੇਗਾ । ਚੋਣਾਂ ਦਾ ਸੰਯੁਕਤ ਅਕਾਲੀ ਦਲ ਅਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਵੱਲੋਂ ਬਾਈਕਾਟ ਕਰ ਦਿੱਤਾ ਗਿਆ। ਇਸ ਸਮੇਂ ਭਾਈ ਗੁਰਦੀਪ ਸਿੰਘ ਦੀਪਾ ਨੇ ਨਕੋਦਰ ਇਲਾਕੇ ਵਿੱਚ ਬਾਈਕਾਟ ਦਾ ਦੱਬ ਕੇ ਪ੍ਰਚਾਰ ਕੀਤਾ । 1986 ਦੇ ਅਖੀਰ ਵਿੱਚ ਪਿੰਡ ਹੇਰਾਂ ਦੇ ਮਾਸਟਰ ਰਾਮ ਰਤਨ ਨੇ ਪੁਲਿਸ ਕੋਲ ਮੁਖ਼ਬਰੀ ਕਰ ਦਿੱਤੀ ਕਿ ਇਹ ਫੈਡਰੇਸ਼ਨ ਦਾ ਸਰਗਰਮ ਮੈਂਬਰ ਹੈ , ਨਕੋਦਰ ਥਾਣੇ ਵਿੱਚ ਕੋਲ ਖੜਾ ਹੋ ਕੇ ਇਸ ਦੁਸ਼ਟ ਨੇ ਦੀਪੇ ਨੂੰ ਇੰਟੈਰੋਗੇਟ ਕਰਵਾਇਆ । ਦੀਪੇ ਤੇ ਅਸਲਾ ਐਕਟ ਦੀ ਧਾਰਾ 25, 54, 59 ਦਾ ਝੂਠਾ ਕੇਸ ਪਾ ਕੇ ਜਲੰਧਰ ਜੇਲ ਵਿੱਚ ਭੇਜ ਦਿੱਤਾ ਅਤੇ ਦੋ ਮਹੀਨਿਆਂ ਬਾਅਦ ਹੀ ਦੀਪੇ ਦੀਆਂ ਜ਼ਮਾਨਤਾਂ ਹੋ ਗਈਆਂ। ਪਿੰਡ ਆ ਕੇ ਉਸ ਨੇ ਫ਼ੈਸਲਾ ਕਰ ਲਿਆ ਕਿ ਪੂਰੀ ਤਰਾਂ ਖਾੜਕੂ ਸਫ਼ਾਂ ਵਿੱਚ ਸ਼ਾਮਲ ਹੋ ਜਾਣਾ ਹੈ। ਮਾਰਚ 1987 ਦੌਰਾਨ ਮਾਸਟਰ ਰਾਮ ਰਤਨ ਨੂੰ ਆਪਣੇ ਸਾਥੀ ਦੀ ਮਦਦ ਨਾਲ ਸੋਧ ਕੇ ਫ਼ਰਾਰ ਹੋ ਗਿਆ। ਕੁੱਝ ਸਮਾਂ ਆਸੇ ਪਾਸੇ ਰਹਿਣ ਮਗਰੋਂ ਅਪ੍ਰੈਲ ਮਹੀਨੇ ਭਾਈ ਗੁਰਦੀਪ ਸਿੰਘ ਦੀਪਾ ਗੁਰਦਵਾਰਾ ਬਾਬਾ ਸੰਗ ਢੇਸੀਆਂ ਵਿਖੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਹੈੱਡ ਕੁਵਾਟਰ ਵਿਖੇ ਆਇਆ। ਇੱਥੇ ਹੀ 22 ਅਪ੍ਰੈਲ, 1987 ਵਾਲੇ ਦਿਨ ਭਾਈ ਗੁਰਦੀਪ ਸਿੰਘ ਦੀਪਾ ਨਾਲ ਪਹਿਲੀ ਮੁਲਾਕਾਤ ਹੋਈ ਸੀ, ਜਦੋਂ ਮੈਂ ਤਿੰਨ ਦਿਨ ਪਹਿਲਾਂ ਗੁਰਾਇਆ ਠਾਣੇ ਤੋਂ ਫ਼ਰਾਰ ਹੋ ਕੇ ਆਇਆ ਸੀ। ਬਾਅਦ ਵਿੱਚ ਸੰਘਰਸ਼ ਦੌਰਾਨ ਵਿਚਰਦਿਆਂ ਅਨੇਕਾਂ ਯਾਦਾਂ ਦੀ ਗੂਹੜੀ ਸਾਂਝ ਬਣੀ ਰਹੀ। ਖ਼ਾਲਿਸਤਾਨ ਕਮਾਂਡੋ ਫੋਰਸ ਦੇ ਭਾਈ ਗੁਰਨੇਕ ਸਿੰਘ ਨੇਕਾ ਨਾਲ ਮਿਲ ਕੇ ਖਾੜਕੂ ਕਾਰਵਾਈਆਂ ਦੀ ਅਰੰਭਤਾ ਕਰ ਦਿੱਤੀ । ਜਿਵੇਂ ਜਿਵੇਂ ਸਮਾਂ ਬੀਤਦਾ ਗਿਆ ਭਾਈ ਦੀਪਾ ਸਿੱਖ ਸੰਘਰਸ਼ ਵਿੱਚ ਉਸਾਰੂ ਰੋਲ ਅਦਾ ਕਰਦਾ ਗਿਆ। ਦੀਪੇ ਗਰੁੱਪ ਦੀ ਚੜਦੀ ਕਲਾ ਨੂੰ ਰੂਪਮਾਨ ਕਰਦੀਆਂ ਹੋਈਆਂ ਅਨੇਕਾਂ ਘਟਨਾਵਾਂ ਹਨ। ਸਾਲ 1988 ਵਿੱਚ ਇੱਕ ਵਾਰ ਦੀਪੇ ਗੁਰੱਪ ਦਾ ਪੁਲਿਸ ਨਾਲ ਆਹਮਣਾ-ਸਾਹਮਣਾ ਹੋ ਗਿਆ, ਜਿਹੜੀ ਪੁਲਿਸ ਚਾਰ ਘੰਟੇ ਤੋਂ ਉਸ ਨੂੰ ਫੜਨ ਲਈ ਨਾਕਾ ਲਗਾ ਕੇ ਬੈਠੀ ਸੀ, ਜਦੋਂ ਦੀਪਾ ਆਪਣੇ ਸਾਥੀਆਂ ਨਾਲ ਨਾਕੇ ਦੇ ਨਜ਼ਦੀਕ ਪਹੁੰਚਿਆ ਤਾਂ ਪੁਲਿਸ ਵਾਲੇ ਗੋਲੀ ਨਾ ਚਲਾ ਸਕੇ । ਮਗਰੋਂ ਹਥਿਆਰ ਖ਼ਰਾਬ ਹੋਣ ਦਾ ਬਹਾਨਾ ਘੜ ਲਿਆ ਤਾਂ ਅਗਲੇ ਦਿਨ ਅਖ਼ਬਾਰਾਂ ਵਿੱਚ ਖ਼ਬਰ ਸੀ ਕਿ 'ਜਦੋਂ ਸ਼ਿਕਾਰ ਨਿਕਲਿਆ ਤਾਂ ---। ਇਹ ਘਟਨਾ ਨੂਰਮਹਿਲ ਅਤੇ ਜੰਡਿਆਲੇ ਦੇ ਵਿਚਕਾਰ ਵਾਪਰੀ ਸੀ । ਕਈ ਵਾਰ ਪੁਲਿਸ ਲੋਕਾਂ ਨੂੰ ਪੁੱਛਦੀ ਕਿ ਦੀਪਾ ਆਪਣੇ ਸਾਥੀਆਂ ਨਾਲ ਕਿੱਧਰ ਨੂੰ ਲੰਘਿਆ ? ਜਦੋਂ ਲੋਕ ਕਹਿੰਦੇ ਇਸ ਪਾਸੇ ਤਾਂ ਪੁਲਿਸ ਵਾਲੇ ਲੋਕਾਂ ਨੂੰ ਗਾਲਾਂ ਕੱਢਦੇ ਕਿ ਤੁਸੀਂ ਉਹ ਨੂੰ ਫੜਿਆ ਕਿਉਂ ਨਹੀਂ ? ਪਰ ਆਪ ਪੁਲਿਸ ਵਾਲੇ ਜਾਣ ਬੁੱਝ ਕੇ ਉਲਟ ਪਾਸੇ ਨੂੰ ਤੁਰ ਪੈਂਦੇ ।

'ਦੀਪੇ ਨੇ ਨਕੋਦਰ ਲਾਗੇ ਨੂਰਪੁਰ ਦੇ ਲੁੱਚੇ ਸਾਧ, ਮੁਠੱਡਾ ਕਲਾਂ ਦੇ ਕਾਮਰੇਡ ਆਗੂ ਡਾਕਟਰ ਗੁਰਦਿਆਲ ਸਿੰਘ, ਅੱਪਰਾ ਨੇੜੇ ਪੁਲਿਸ ਕਰਮਚਾਰੀਆਂ ਦਾ ਕਤਲ, ਠੇਕੇਦਾਰ ਤੀਰਥ ਰਾਮ, ਤਰਖਾਣ ਮਜਾਰੇ ਦੇ ਕੈਟਾਂ ਦਾ ਸਫ਼ਾਇਆ, ਕਾਮਰੇਡ ਸੋਹਣ ਸਿੰਘ ਢੇਸੀ, ਪੁਲਿਸ ਟਾਊਟ ਅਵਤਾਰ ਸਿੰਘ ਸਮਰਾੜੀ, ਮੁਖਬਰ ਚੂਹੜ ਤੱਖਰ, ਮਾਨ ਸਿੰਘ ਥਾਣੇਦਾਰ, ਵਰਿੰਦਰ ਗਗਨ, ਦਰਸ਼ਨ ਸਿੰਘ ਕੇਥਪੀ, ਮੁਰਲੀ ਮਨੋਹਰ ਜੋਸ਼ੀ ਦੀ ਅਖੌਤੀ ਸ਼ਾਂਤੀ ਯਾਤਰਾ ਤੇ ਹਮਲਾ, ਕਾਮਰੇਡ ਸਰਵਣ ਚੀਮੇ ਨੂੰ ਅੰਗ ਰੱਖਿਅਕਾਂ ਸਮੇਤ ਸੋਧਣਾ, ਬਲਵੰਤੇ ਸਰਹਾਲ, ਪੁਲਿਸ ਮੁਖਬਰ ਬਣ ਚੁੱਕੇ ਅਕਾਲੀ ਦਲ ਮਾਨ ਦੇ ਆਗੂ ਸਤਨਾਮ ਸਿੰਘ ਅਤੇ ਉਸ ਦੇ ਮੁਖਬਰ ਸਾਥੀ ਬਲਵਿੰਦਰ ਸਿੰਘ ਬਾਲੀ, ਰੁੜਕਾ ਕਲਾਂ ਦੇ ਕਾਮਰੇਡ ਕੇਵਲ ਅਤੇ ਬਿੰਦਰ, ਢਕਾਰੇ ਦਾ ਕਾਮਰੇਡ ਦਾ ਖਾਤਮਾ, ਦਰਸ਼ਨ ਸਿੰਘ ਕੇਥਪੀ ਸਮੇਤ ਅਨੇਕਾਂ ਦੁਸ਼ਟਾਂ ਨੂੰ ਸੋਧ ਕੇ ਸ਼ਹੀਦ ਸਿੰਘਾਂ ਦਾ ਬਦਲਾ ਲਿਆ ਅਤੇ ਧਰਮ ਦੇ ਦੋਖੀਆਂ ਨੂੰ ਉਨਾਂ ਦੇ ਕੀਤੇ ਪਾਪਾਂ ਦੀ ਸਜ਼ਾ ਦਿੱਤੀ।'

## 12 ਦਸੰਬਰ ਨੂੰ ਬਰਸੀ 'ਤੇ ਵਿਸ਼ੇਸ਼

'ਭਾਈ ਦੀਪੇ ਨੇ ਪੁਲਿਸ ਦੀਆਂ ਕਾਲੀਆਂ ਬਿੱਲੀਆਂ ਦਾ ਵੀ ਸਫ਼ਾਇਆ ਕੀਤਾ ਉੱਥੇ ਬਲਾਤਕਾਰੀ ਕੁਲਵੰਤ ਕੰਤੇ ਲੱਚਰ ਗਾਇਕ ਅਮਰ ਚਮਕੀਲਾ ਵਰਗਿਆਂ ਨੂੰ ਢੋਲਕੀਆਂ ਛੈਣਿਆਂ ਵਾਲੇ ਸਮੇਤ ਨਰਕਾਂ ਦੇ ਰਾਹ ਤੋਰਿਆ ।' ਪੁਲਿਸ ਦੇ ਰਿਕਾਰਡ ਅਨੁਸਾਰ ਉਸਨੇ 217 ਦੁਸ਼ਟਾਂ ਦਾ ਖ਼ਾਤਮਾ ਕੀਤਾ ਅਤੇ 37 ਵਾਹਨ ਖੋਹੇ ਜਿਨਾਂ ਦੀ ਵਰਤੋਂ ਦੁਸ਼ਟਾਂ ਨੂੰ ਸੋਧਣ ਲਈ ਕੀਤੀ। ਆਪਣੇ ਰੂਪੋਸ਼ ਜੀਵਨ ਦੌਰਾਨ ਭਾਈ ਦੀਪੇ ਨੇ ਔਸਤਨ ਹਰ ਨੌਵੇਂ ਦਿਨ ਇੱਕ ਦੁਸ਼ਟ ਨੂੰ ਸੋਧ ਕੇ ਸਿੱਖ ਸੰਘਰਸ਼ ਨੂੰ ਬੁਲੰਦੀਆਂ ਤੱਕ ਪਹੁੰਚਾਇਆ। ਉਸ ਨੇ ਬਤੌਰ ਖ਼ਾਲਿਸਤਾਨ ਕਮਾਂਡੋ ਫੋਰਸ ਦੇ ਲੈਫ਼ਟੀਨੈਂਟ ਜਨਰਲ ਵਜੋਂ ਸਿੱਖ ਸੰਘਰਸ਼ ਦੀ ਮਹਾਨ ਸੇਵਾ ਕੀਤੀ ।

ਭਾਈ ਦੀਪੇ ਦੇ ਗਰੁੱਪ ਵਿੱਚ ਭਾਈ ਸੁਖਦੇਵ ਸਿੰਘ ਸੋਢੀ ਰੁੜਲਾ ਕਲਾਂ, ਭਾਈ ਗੁਰਦੇਵ ਸਿੰਘ ਦੇਵ ਰੁੜਕਾ ਕਲਾਂ,ਭਾਈ ਰਸ਼ਪਾਲ ਸਿੰਘ ਕਰਨਾਣਾ ,ਭਾਈ ਅਮਰਜੀਤ ਸਿੰਘ ਜੀਤਾ, ਭਾਈ ਪਰਮਜੀਤ ਸਿੰਘ ਪੰਮਾ, ਭਾਈ ਕਮਲਜੀਤ ਸਿਘ ਧਨਾਲ, ਭਾਈ ਮਨਜੀਤ ਸਿੰਘ ਬਿੱਲਾ ਰੁੜਕਾ ਕਲਾਂ, ਭਾਈ ਸੱਤਨਾਮ ਸਿੰਘ ਸੱਤੀ, ਰਾਜੂ ਜੱਜਾ ਕਲਾਂ ਆਦਿ ਅਨੇਕਾਂ ਯੋਧੇ ਸ਼ਾਮਲ ਸਨ। ਜਿਨਾਂ ਨੇ ਸਮੇਂ ਸਮੇਂ ਭਾਈ ਦੀਪਾ ਦੀ ਅਗਵਾਈ ਵਿੱਚ ਖ਼ਾਲਿਸਤਾਨ ਦੀ ਜੰਗੇ ਅਜ਼ਾਦੀ ਦੌਰਾਨ ਯੋਗ ਹਿੱਸਾ ਪਾਇਆ ਅਤੇ ਆਪਣੇ ਸੀਸ ਤੱਕ ਕੁਰਬਾਨ ਕਰ ਦਿੱਤੇ । ਪੁਲਿਸ ਅਤੇ ਸਰਕਾਰ ਨੇ ਭਾਈ ਦੀਪਾ ਨੂੰ ਗ੍ਰਿਫ਼ਤਾਰ ਕਰਨ ਲਈ ਚੱਪੇ ਚੱਪੇ ਤੇ ਆਪਣੇ ਸੂਹੀਏ ਛੱਡੇ ਹੋਏ ਸਨ । ਪਰ ਸਿੱਖ ਬਜ਼ੁਰਗ, ਸਿੱਖ ਮਾਤਾਵਾਂ ਉਸ ਨੂੰ ਆਪਣੇ ਪੁੱਤਰਾਂ ਨਾਲੋਂ ਵੱਧ ਅਤੇ ਸਿੱਖ ਵੀਰ ਅਤੇ ਸਿੱਖ ਭੈਣਾਂ ਉਸ ਨੂੰ ਆਪਣੇ ਸਕੇ ਭਰਾਵਾਂ ਤੋਂ ਵੱਧ ਪਿਆਰ ਕਰਦੇ ਸਨ । ਇਸੇ ਪਿਆਰ ਦੇ ਸਦਕੇ ਉਹ ਪੰਜ ਸਾਲ ਆਪਣੇ ਇਲਾਕੇ ਵਿੱਚ ਰਹਿ ਕੇ ਦੁਸ਼ਟਾਂ ਨੂੰ ਸੋਧਣ ਵਿੱਚ ਕਾਮਯਾਬ ਹੋ ਸਕਿਆ। ਹਰ ਕੌਮੀ ਦਰਦ ਰੱਖਣ ਵਾਲੇ ਪਰਿਵਾਰ ਨੇ ਉਸ ਦੀ ਆਦ ਲਈ ਆਪਣੇ ਘਰਾਂ ਦੇ ਦਰਵਾਜ਼ੇ ਖੁੱਲੇ ਰੱਖੇ ਹੋਏ ਸਨ ।'

ਇਸ ਨੂੰ ਰੂਪਮਾਨ ਕਰਦੀ ਹੋਈ ਪਿੰਡ ਮਹਿਸੂਲਪੁਰ ਘਟਨਾ ਇੱਕ ਘਟਨਾ ਹੈ ਕਿ ਭਾਈ ਦੀਪਾ ਆਪਣੇ ਸਾਥੀ ਨਾਲ ਜਾ ਰਿਹਾ ਸੀ ਕਿ ਭੁੱਖ ਨੇ ਜ਼ੋਰ ਪਾ ਲਿਆ । ਰਾਤ ਦਾ ਵਕਤ ਸੀ, ਇੱਕ ਘਰ ਦਾ ਦਰਵਾਜ਼ਾ ਖੜਕਾਇਆ ਅਤੇ ਕਿਹਾ ਅਸੀਂ ਰੋਟੀ ਖਾਣੀ ਹੈ । ਘਰ ਦੀ ਨੌਜਵਾਨ ਲੜਕੀ ਨੇ ਦਰਵਾਜ਼ਾ ਖੋਲਣ ਸਾਰ ਪੁੱਛ ਲਿਆ ਕਿ ਤੁਸੀਂ ਕੌਣ ਹੋ ਜਦੋਂ ਦੀਪੇ ਨੇ ਆਪਣੀ ਪਛਾਣ ਦੱਸੀ ਤਾਂ ਉਹ ਭੈਣ ਆਖ ਲੱਗੀ ਕਿ ਜ਼ਰਾ ਠਹਿਰ ਜਾਓ। ਅਜੇ ਅੰਦਰ ਨਾ ਵੜਿਓ। ਉਹ ਝੱਟ ਪੱਟ ਰਸੋਈ ਵਿੱਚ ਗਈ, ਸਰੋਂ ਦੇ ਤੇਲ ਦੀ ਬੋਤਲ ਲੈ ਕੇ ਆਪਣੀ ਮਾਤਾ ਨਾਲ ਵਾਪਸ ਦਰਵਾਜ਼ੇ ਤੇ ਆ ਗਈ ਉਸ ਨੇ ਪਹਿਲਾਂ ਤੇਲ ਚੋਇਆ ਤੇ ਫਿਰ ਕਿਹਾ ਕਿ ਹੁਣ ਲੰਘ ਆਓ । ਉਸ ਮਾਤਾ ਦਾ ਕਹਿਣਾ ਸੀ ਕਿ ਪੁੱਤਰੋ ਰੋਟੀ ਦੀ ਕਿਹੜੀ ਗੱਲ ਹੈ ਅਸੀਂ ਤਾਂ ਤੁਹਾਡੇ ਦਰਸ਼ਨਾਂ ਨੂੰ ਤਰਸਦੇ ਹਾਂ ।'

12 ਦਸੰਬਰ ਦੇ 1992 ਦਿਨ ਭਾਈ ਗੁਰਦੀਪ ਸਿੰਘ ਦੀਪਾ ਗੜੇ ਦੇ ਭਾਗ ਸਿੰਘ ਦੇ ਘਰੇ ਗਿਆ, ਜੋ ਕਿ ਉਸ ਦੀ ਠਾਹਰ ਵੀ ਸੀ । ਪਰ ਅੱਜ ਭਾਗ ਨੇ ਵਿਸ਼ਵਾਸ਼ ਘਾਤ ਕਰਦਿਆਂ ਕੌਮ ਦੇ ਮਹਾਨ ਯੋਧੇ ਨਾਲ ਧੋਖਾ ਕਰਦਿਆਂ ਸਿੱਖ ਸੰਘਰਸ਼ ਦੀ ਪਿੱਠ ਵਿੱਚ ਛੁਰਾ ਮਾਰ ਦਿੱਤਾ । ਕੁਦਰਤ ਦੀ ਖੇਡ ਕੇ ਹਰ ਵਕਤ ਹਥਿਆਰਾਂ ਨਾਲ ਲੈਸ ਰਹਿਣ ਵਾਲਾ ਦੀਪਾ ਅੱਜ ਖਾਲੀ ਹੱਥ ਸੀ ਜਿਸ ਦਾ ਭਾਗ ਦੁਸ਼ਟ ਨੂੰ ਇਲਮ ਹੋ ਗਿਆ । ਅਜੇ ਕੁੱਝ ਸਮਾਂ ਹੀ ਦੀਪੇ ਨੂੰ ਆਇਆਂ ਹੋਇਆ ਸੀ ਕਿ ਭਾਗ ਨੇ ਪੁਲਿਸ ਨੂੰ ਸੱਦ ਕੇ ਘੇਰਾ ਪੁਆ ਦਿੱਤਾ ਅਤੇ ਕਮਰੇ ਨੂੰ ਬਾਹਰੋਂ ਕੁੰਡਾ ਲਗਾ ਦਿੱਤਾ । ਪਰ ਕੌਮ ਦੇ ਮਾਣ ਅਤੇ ਪੰਥ ਦੀ ਸ਼ਾਨ ਬਣ ਚੁੱਕੇ ਭਾਈ ਦੀਪੇ ਨੇ ਸਾਇਨਾਈਡ ਦਾ ਕੈਪਸੂਲ ਨਿਗਲ ਲਿਆ । ਦੋ ਦੋ ਅਸਾਲਟਾਂ ਰੱਖਣ ਵਾਲਾ ਯੋਧਾ ਅੱਜ ਧੋਖੇਬਾਜ਼ ਅਤੇ ਮਹਾਂਗੱਦਾਰ ਭਾਗੇ ਦੀ ਕਮੀਨੀ ਹਰਕਤ ਨਾਲ ਖਾਲੀ ਸਤਿਨਾਮ ਵਾਹਿਗੁਰੂ ਆਖ ਆਪਣੇ ਖੂਨ ਦਾ ਆਖਰੀ ਕਤਰਾ ਅਤੇ ਆਖਰੀ ਸਵਾਸ ਕੌਮ ਦੀ ਅਜ਼ਾਦੀ ਹਿਤ ਭੇਂਟ ਕਰ ਗਿਆ । ਬਾਅਦ ਵਿੱਚ ਪੁਲਿਸ ਨੇ ਪਿੰਡ ਤੇਹਿੰਗ ਲਾਗੇ ਝੂਠਾ ਪੁਲਿਸ ਮੁਕਾਬਲਾ ਦਿਖਾ ਦਿੱਤਾ । ਅੱਜ ਵੀ ਲੋਕਾਂ ਦੇ ਮਨਾਂ ਅੰਦਰ ਭਾਈ ਗੁਰਦੀਪ ਸਿੰਘ ਦੀਪਾ ਦੀ ਯਾਦ ਉਸੇ ਤਰਾਂ ਹੀ ਕਾਇਮ ਹੈ ਅਤੇ ਰਹਿੰਦੀ ਦੁਨੀਆਂ ਤੱਕ ਕਾਇਮ ਰਹੇਗੀ । ਉਹ ਜਿਉਂਦੇ ਜੀਅ ਸਿੱਖ ਕੌਮ ਨੂੰ ਪਿਆਰ ਦੀਆਂ ਖੁਸ਼ਬੋਆਂ ਵੰਡਦਾ ਰਿਹਾ ਅਤੇ ਸ਼ਹੀਦ ਹੋ ਕੇ ਖਾਲਿਸਤਾਨ ਦੀ ਜੰਗੇ ਅਜਾਦੀ ਦੇ ਮਹਾਨ ਸ਼ਹੀਦ ਵਜੋਂ ਸਿੱਖ ਇਤਿਹਾਸ ਵਿੱਚ ਆਪਣਾ ਨਾਮ ਦਰਜ ਕਰਾ ਗਿਆ । ਸਰਕਾਰ ਵਲੋਂ ਉਸ ਦੇ ਸਿਰ ਦਾ ਇਨਾਮ 15 ਲੱਖ ਰੁਪਏ ਰੱਖਿਆ ਹੋਇਆ ਸੀ । ਇਹ ਉਸ ਦੀ ਯੋਗ ਬੁੱਧੀ ਦਾ ਕਮਾਲ ਸੀ ਕਿ ਉਹ ਪੰਜ ਸਾਲ ਆਪਣੇ ਹੀ ਇਲਾਕੇ ਵਿੱਚ ਦੁਸ਼ਟਾਂ ਨੂੰ ਸੋਧਦਾ ਰਿਹਾ ਕਿਸੇ ਨੂੰ ਨਜ਼ਾਇਜ਼ ਤੰਗ ਨਹੀਂ ਕੀਤਾ, ਕਿਸੇ ਬੇਗੁਨਾਹ ਦਾ ਜਾਣ ਬੁੱਝ ਕੇ ਕਤਲ ਨਹੀਂ ਕੀਤਾ । ਛੋਟੀ ਉਮਰੇ ਵੱਡੀਆਂ ਮੱਲਾਂ ਮਾਰਨ ਵਾਲਾ ਉਹ ਗੁਰੂ ਦਾ ਸਹੀ ਅਰਥਾਂ ਵਿੱਚ ਦੀਪ ਸੀ, ਜਿਸ ਨੇ ਅਜਿਹਾ ਚਾਨਣ ਵੰਡਿਆ ਜਿਸ ਤੇ ਕੌਮ ਨੂੰ ਨਾਜ਼ ਰਹੇਗਾ । ਖਾਲਿਸਤਾਨ ਸਿੱਖਾਂ ਦਾ ਕੌਮੀ ਨਿਸ਼ਾਨਾ ਹੈ ਜੋ ਕਿ ਹੋਂਦ ਵਿੱਚ ਜਰੂਰ ਆਵੇਗਾ ।

# ਸ਼ਹੀਦ ਭਾਈ ਸਵਰਨਜੀਤ ਸਿੰਘ ਪਿੰਡ ਅਲਾਦੀਨ

## ਭਿੰਡਰਾਂਵਾਲਾ ਟਾਈਗਰਜ਼ ਫੋਰਸ ਦਾ ਲੈਫਟੀਨੈਂਟ ਜਨਰਲ ਸ਼ਹੀਦ ਭਾਈ ਸਵਰਨਜੀਤ ਸਿੰਘ

**- ਲਵਸ਼ਿੰਦਰ ਸਿੰਘ ਡੱਲੇਵਾਲ**



ਸ਼ਹੀਦ ਭਾਈ ਸਵਰਨਜੀਤ ਸਿੰਘ ਦਾ ਜਨਮ ਪਿੰਡ ਅਲਾਦੀਨ, ਨਜਦੀਕ ਤਰਨਤਾਰਨ ਸਾਹਿਬ, ਜ਼ਿਲਾ ਅੰਮ੍ਰਿਤਸਰ ਵਿਖੇ ਸਰਦਾਰ ਚੰਨਣ ਸਿੰਘ ਦੇ ਘਰੇ ਮਾਤਾ ਗੁਰਨਾਮ ਦੀ ਕੁੱਖੋਂ ਹੋਇਆ ਸੀ । ਭਾਈ ਸਵਰਨਜੀਤ ਸਿੰਘ ਬਚਪਨ ਤੋਂ ਹੀ ਬੜਾ ਫੁਰਤੀਲਾ ਸੀ ਜੋ ਕਿ ਆਪਣੇ ਹਾਣੀਆਂ ਦੀਆਂ ਦੋ ਪਾਰਟੀਆਂ ਬਣਾ ਕੇ ਇੱਕ ਦੂਜੇ ਤੇ ਹਮਲਾ ਕਰਨ ਦੀਆਂ ਖੇਡਾਂ ਅਕਸਰ ਹੀ ਖੇਡਿਆ ਕਰਦਾ ਸੀ। ਭਾਈ ਸਵਰਨਜੀਤ ਸਿੰਘ ਨੇ ਜਿੱਥੇ ਖ਼ੁਦ ਸ਼ਹਾਦਤ ਦਿੱਤੀ ਉੱਥੇ ਉਸਦੇ ਦੋ ਭਰਾ ਵੀ ਪੁਲਿਸ ਨੇ ਅਗਵਾ ਕਰਕੇ ਸ਼ਹੀਦ ਕਰ ਦਿੱਤੇ । ਦਸਵੀਂ ਜਮਾਤ ਤੱਕ ਭਾਈ ਸਵਰਨਜੀਤ ਸਿੰਘ ਨੇ ਪੜਾਈ ਕੀਤੀ ਪਰ ਅੱਠਵੀਂ ਜਮਾਤ ਵਿੱਚ ਹੀ ਉਸ ਨੇ ਗੁਰਬਾਣੀ ਦੀ ਸੰਥਿਆ ਲੈਣੀ ਅਰੰਭ ਕਰ ਦਿੱਤੀ । ਦਸਵੀਂ ਤੋਂ ਬਾਅਦ ਭਾਈ ਸਵਰਨਜੀਤ ਸਿੰਘ ਨੇ ਗੁਰਬਾਣੀ ਦੀ ਸੰਥਿਆ ਤਖ਼ਤ ਸ੍ਰੀ ਦਮਦਮਾ ਸਾਹਿਬ ਅਤੇ ਗੁਰਦਵਾਰਾ ਗੁਰਦਰਸ਼ਨ ਪ੍ਰਕਾਸ਼ ਚੌਂਕ ਮਹਿਤਾ ਤੋਂ ਮੁਕੰਮਲ ਕੀਤੀ। ਇੱਥੇ ਰਹਿੰਦਿਆਂ ਹੀ ਉਸਦਾ ਮੇਲ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਨਾਲ ਹੋਇਆ । ਜਦੋਂ 19 ਜੁਲਾਈ, 1982 ਵਾਲੇ ਦਿਨ ਦਮਦਮੀ ਟਕਸਾਲ ਦੇ ਮੁਖੀ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਵੱਲੋਂ ਮੋਰਚਾ ਅਰੰਭ ਕੀਤਾ ਗਿਆ ਤਾਂ ਭਾਈ ਸਵਰਨਜੀਤ ਸਿੰਘ ਵੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਆ ਗਿਆ। ਇੱਥੇ ਰਹਿੰਦਿਆਂ ਹੀ ਭਾਈ ਸਵਰਨਜੀਤ ਸਿੰਘ ਨੇ ਭਾਈ ਸੁਰਿੰਦਰ ਸਿੰਘ ਸੋਢੀ, ਜਨਰਲ ਲਾਭ ਸਿੰਘ ਵਰਗੇ ਮਹਾਨ ਸੂਰਬੀਰ ਯੋਧਿਆਂ ਨਾਲ ਖਾੜਕੂ ਕਾਰਵਾਈਆਂ ਕਰਨੀਆਂ ਅਰੰਭ ਕਰ ਦਿੱਤੀ। ਕੱਛ, ਕੜਾ, ਕਿਰਪਾਨ, ਭੇਜ ਦਿਆਂਗੇ ਪਾਕਿਸਤਾਨ ਵਰਗੇ ਫ਼ਿਰਕੂ ਨਾਹਰੇ ਲਗਾਉਣ ਵਾਲੇ, ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਦੀ ਤਸਵੀਰ ਅਤੇ ਦਰਬਾਰ ਸਾਹਿਬ ਦਾ ਅੰਮ੍ਰਿਤਸਰ ਦੇ ਰੇਲਵੇ ਸਟੇਸ਼ਨ ਤੇ ਸਥਾਪਤ ਮਾਡਲ ਤੋੜਨ ਵਾਲੇ, ਹਿੰਦੂਤਵੀ ਮੁਤੱਸਵੀ ਆਗੂ ਹਰਬੰਸ ਲਾਲ ਖੰਨਾ ਸਮੇਤ ਅਨੇਕਾਂ ਸਿੱਖ ਕੌਮ ਦੇ ਦੋਖੀਆਂ ਨੂੰ ਸੋਧਿਆ। ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਅਤਿ ਨਜ਼ਦੀਕੀ ਸਾਥੀ ਭਾਈ ਸੁਰਿੰਦਰ ਸਿੰਘ ਸੋਢੀ ਨੂੰ ਸ਼ਹੀਦ ਕਰਨ ਵਾਲੇ ਸਮਗਲਰ ਜਗਪਾਲਪੁਰੀਏ ਛਿੰਦੇ ਨੂੰ 24 ਘੰਟਿਆਂ ਵਿੱਚ ਹੀ ਸੋਧ ਦਿੱਤਾ। ਜਲੰਧਰ ਸ਼ਹਿਰ ਵਿੱਚ ਜੱਗ ਬਾਣੀ ਅਖ਼ਬਾਰ ਦੇ ਮਾਲਕ ਸੰਪਾਦਕ ਰਮੇਸ਼ ਚੰਦਰ ਨੂੰ ਭਾਈ ਸਵਰਨਜੀਤ ਸਿੰਘ ਨੇ ਭਾਈ ਸੁਖਦੇਵ ਸਿੰਘ ਸੁੱਖਾ ਉਰਫ ਜਨਰਲ ਲਾਭ ਸਿੰਘ, ਭਾਈ ਦਲਜੀਤ ਸਿੰਘ ਉਰਫ ਬਿੱਟੂ ਅਤੇ ਭਾਈ ਗੁਰਿੰਦਰ ਸਿੰਘ ਭੋਲਾ ਨਾਲ ਮਿਲ ਕੇ ਸੋਧ ਦਿੱਤਾ। ਜ਼ਾਲਮ ਪੁਲਿਸ ਅਫ਼ਸਰ ਭੱਟੀ ਨੂੰ ਸੋਧਣ ਵਾਸਤੇ ਭਾਈ ਸਵਰਨਜੀਤ ਸਿੰਘ ਨੇ ਫਰੀਦਕੋਟ ਜਾ ਕੇ ਸੋਧਣ ਦੀ ਕੋਸ਼ਿਸ਼ ਕੀਤੀ ਪਰ ਹਮਲਾ ਕਰਨ ਤੋਂ ਪਹਿਲਾਂ ਹੀ ਉਸਦੀ ਗ੍ਰਿਫ਼ਤਾਰੀ ਹੋ ਗਈ । ਪੁਲਿਸ ਨੇ ਬਹੁਤ ਹੀ ਜ਼ਿਆਦਾ ਤਸ਼ੱਦਦ ਕੀਤਾ । ਜਿਸ ਨਾਲ ਉਸ ਦੀ ਇੱਕ ਲੱਤ ਟੁੱਟ ਗਈ ਸੀ ਅਤੇ ਸਾਰੀ ਉਮਰ ਭਾਈ ਸਵਰਨਜੀਤ ਸਿੰਘ ਥੋੜਾ ਜਿਹਾ ਲੰਗੜਾ ਕੇ ਤੁਰਦਾ ਰਿਹਾ। ਭਾਰੀ ਤਸ਼ੱਦਦ ਕਰਨ ਤੋਂ ਬਾਅਦ ਭਾਈ ਸਵਰਨਜੀਤ ਸਿੰਘ ਨੂੰ ਪਹਿਲਾਂ ਫਰੀਦਕੋਟ ਅਤੇ ਮਗਰੋਂ ਕੇਂਦਰੀ ਜੇਲ ਜਲੰਧਰ ਵਿੱਚ ਭੇਜ ਦਿੱਤਾ ਗਿਆ । ਜਲੰਧਰ ਦੀ ਕੇਂਦਰੀ ਜੇਲ ਦੀਆਂ 36 ਚੱਕੀਆਂ ਦੇ ਇੱਕ ਨੰਬਰ ਬਲਾਕ ਵਿੱਚ ਹੀ ਬੰਦ ਰਿਹਾ ਭਾਈ ਸਵਰਨਜੀਤ ਸਿੰਘ । ਚਾਰ ਦਸੰਬਰ, 1985 ਤੋਂ ਲੈ ਕੇ 5 ਅਪ੍ਰੈਲ, 1986 ਤੱਕ ਇਸੇ ਹੀ ਬਲਾਕ ਵਿੱਚ ਭਾਈ ਸਵਰਨਜੀਤ ਸਿੰਘ ਦੀ ਸੰਗਤ ਕਰਨ ਦਾ ਮੈਨੂੰ ਸੁਭਾਗ ਪ੍ਰਾਪਤ ਹੋਇਆ। ਇੱਕ ਨੰਬਰ ਬਲਾਕ ਵਿੱਚ ਕੁੱਲ ਦਸ ਚੱਕੀਆਂ ਸਨ ਜਿਨਾਂ ਵਿੱਚ ਇੱਕ ਚੱਕੀ ਭਾਈ ਸਵਰਨਜੀਤ ਸਿੰਘ ਦੀ 'ਤੇ ਇਕ ਚੱਕੀ ਸਾਡੀ ਸੀ ।ਇੱਥੇ ਹੀ ਮੈਂ ਭਾਈ ਸਵਰਨਜੀਤ ਸਿੰਘ ਤੋਂ ਗੁਰਬਾਣੀ ਦੀ ਸੰਥਿਆ ਪ੍ਰਾਪਤ ਕੀਤੀ ਸੀ। ਹਮੇਸ਼ਾ ਹੀ ਖ਼ੁਸ਼ ਰਹਿਣ ਵਾਲਾ ਅਤੇ ਸਦਾ ਹੀ ਚੜਦੀ ਕਲਾ ਵਿੱਚ ਰਹਿਣ ਵਾਲੇ ਭਾਈ ਸਵਰਨਜੀਤ ਸਿੰਘ ਦਾ ਸੁਭਾਅ ਬਹੁਤ ਹੀ ਮਿਲਾਪੜਾ ਸੀ । ਪੰਜ ਅਪ੍ਰੈਲ, 1986 ਵਾਲੇ ਵਾਲੇ ਦਿਨ ਭਾਈ ਸਵਰਨਜੀਤ ਸਿੰਘ, ਭਾਈ ਸਿੰਘ ਸੁੱਖਾ ਸਿਪਾਹੀ ਉਰਫ ਜਨਰਲ ਲਾਭ ਸਿੰਘ ਅਤੇ ਭਾਈ ਗੁਰਿੰਦਰ ਸਿੰਘ ਭੋਲਾ ਪੁਲਿਸ ਹਿਰਾਸਤ ਵਿੱਚੋਂ ਖ਼ਾਲਿਸਤਾਨ ਕਮਾਂਡੋ ਫੋਰਸ ਦੇ ਮੁਖੀ ਭਾਈ ਮਨਬੀਰ ਸਿੰਘ ਚਹੇੜੂ ਦੀ ਮਦਦ ਨਾਲ ਫ਼ਰਾਰ ਹੋ ਗਏ । ਖ਼ਾਲਿਸਤਾਨ ਕਮਾਂਡੋ ਫੋਰਸ ਵੱਲੋਂ ਪੁਲਿਸ ਪਾਰਟੀ ਤੇ ਜਲੰਧਰ ਕਚਹਿਰੀਆਂ ਵਿੱਚ ਵੱਡਾ ਹਮਲਾ ਕਰਕੇ ਸੱਤ ਪੁਲਿਸ ਕਰਮਚਾਰੀਆਂ ਨੂੰ ਮਾਰ ਦਿੱਤਾ ਗਿਆ ਅਤੇ ਇਨਾਂ ਨੂੰ ਛੁਡਾ ਲਿਆ ਗਿਆ ਸੀ। ਫ਼ਰਾਰ ਹੋਣ ਤੋਂ ਬਾਅਦ ਭਾਈ ਸਵਰਨਜੀਤ ਸਿੰਘ ਨੇ ਬਾਬਾ ਗੁਰਬਚਨ ਸਿੰਘ ਮਾਨੋਚਹਲ ਨਾਲ ਮਿਲਕੇ ਭਿੰਡਰਾਂਵਾਲਾ ਟਾਈਗਰਜ਼ ਫੋਰਸ ਦੀ ਸਥਾਪਨਾ ਕੀਤੀ ਅਤੇ ਪਹਿਲਾ ਐਕਸ਼ਨ ਜੀਵਨ ਸਿੰਹੁ ਉਮਰਾਨੰਗਲ ਦੇ ਪੁੱਤਰ ਸੁਖਦੇਵ ਸਿੰਘ ਨੂੰ ਮਾਰਨ ਦਾ ਕੀਤਾ । ਇਸ ਤੋਂ ਬਾਅਦ ਭਾਈ ਸਵਰਨਜੀਤ ਸਿੰਘ ਨੇ ਬਹੁਤ ਐਕਸ਼ਨ ਕੀਤੇ । ਰੂਪੋਸ਼ ਜੀਵਨ ਦੌਰਾਨ ਭਾਈ ਸਵਰਨਜੀਤ ਸਿੰਘ ਦਾ ਅਨੰਦ ਕਾਰਜ ਬੀਬੀ ਸਤਵੀਰ ਕੌਰ ਨਾਲ ਹੋਇਆ ਅਤੇ ਜਨਵਰੀ 1988 ਦੌਰਾਨ ਜਦੋਂ ਭਾਈ ਸਵਰਨਜੀਤ ਸਿੰਘ ਦੀ ਸ਼ਹਾਦਤ ਤੋਂ ਇੱਕ ਮਹੀਨਾ ਬਾਅਦ ਇੱਕ ਪੁੱਤਰ ਸ. ਜਗਜੀਤ ਸਿੰਘ ਦਾ ਜਨਮ ਹੋਇਆ । ਬੀਬੀ ਸਤਵੀਰ ਕੌਰ ਨੇ ਭਾਈ ਸਵਰਨਜੀਤ ਸਿੰਘ ਦੀ ਸ਼ਹਾਦਤ ਤੋਂ ਬਾਅਦ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਿੱਚ ਨੌਕਰੀ ਕਰਨੀ ਅਰੰਭ ਕਰ ਦਿੱਤੀ ਜੋ ਕਿ ਅੱਜ ਤੱਕ ਜਾਰੀ ਹੈ। ਬਹੁਤ ਹੀ ਕਠਿਨ ਘਾਲਣਾ ਘਾਲਦਿਆਂ ਆਪਣੇ ਪੁੱਤਰ ਦਾ ਪਾਲਣ ਪੋਸ਼ਣ ਕੀਤਾ । ਭਾਈ ਸਵਰਨਜੀਤ ਸਿੰਘ ਨੇ 1987 ਦੌਰਾਨ ਦਿੱਲੀ ਵੱਲ ਰੁੱਖ ਕੀਤਾ। ਨਿਸ਼ਾਨ ਦੇਹੀ ਕੀਤੀ ਕਿ ਕਿਨਾਂ ਕਿਨਾਂ ਝੁੱਗੀਆਂ ਵਿੱਚ ਟੈਲੀਵਿਜ਼ਨ, ਫ਼ਰਿਜਾਂ ਵਗੈਰਾ ਪਈਆਂ ਹਨ। ਪੂਰੀ ਤਸੱਲੀ ਕਰਨ ਤੋਂ ਬਾਅਦ ਉਨਾਂ ਝੁੱਗੀਆਂ ਵਾਲਿਆਂ ਨੂੰ ਲਾਈਨਾਂ ਵਿੱਚ ਖੜੇ ਕਰ ਕਰਕੇ ਗੋਲੀਆਂ ਮਾਰ ਕੇ ਸਜਾ ਦਿੱਤੀ। ਕਿਉਂ ਕਿ ਇਹ ਟੈਲੀਵਿਜ਼ਨ, ਫ਼ਰਿਜਾਂ ਉਨਾਂ ਵੱਲੋਂ ਨਵੰਬਰ 1984 ਦੌਰਾਨ ਸਿੱਖ ਪਰਿਵਾਰਾਂ ਦੇ ਘਰਾਂ ਤੋਂ ਲੁੱਟ ਕੇ ਲਿਆਂਦੀਆਂ ਹੋਈਆਂ ਸਨ । ਮਾਰਨ ਤੋਂ ਪਹਿਲਾਂ ਉਨਾਂ ਨੂੰ ਉਹ ਦਰਦਨਾਕ ਦੌਰ ਯਾਦ ਕਰਨ ਲਈ ਆਖਿਆ ਤਾਂ ਕਿ ਕਿਸੇ ਕਿਸਮ ਦਾ ਉਨਾਂ ਨੂੰ ਭੁਲੇਖਾ ਨਾ ਰਹੇ । ਇੱਕ ਵਾਰ ਭਾਈ ਸਵਰਨਜੀਤ ਸਿੰਘ ਨੂੰ ਅੰਮ੍ਰਿਤਸਰ ਸ਼ਹਿਰ ਵਿੱਚ ਕੁੱਝ ਦੋਸਤਾਂ ਸਮੇਤ ਗ੍ਰਿਫ਼ਤਾਰ ਕਰ ਲਿਆ ਗਿਆ। ਜਦੋਂ ਸ਼ਾਮ ਵੇਲੇ ਸਿਪਾਹੀ ਨੇ ਰੋਟੀ ਫੜਾਉਣ ਲਈ ਜਿੰਦਰਾ ਖੋਲਿਆ ਤਾਂ ਭਾਈ ਸਵਰਨਜੀਤ ਸਿੰਘ ਫ਼ਰਾਰ ਹੋ ਗਿਆ। ਇਸ ਸਮੇਂ ਤੱਕ ਪੁਲਿਸ ਨੂੰ ਇਹ ਨਹੀਂ ਸੀ ਪਤਾ ਕਿ ਇਹ ਸਵਰਨਜੀਤ ਸਿੰਘ ਪਿੰਡ ਅਲਾਦੀਨ ਹੈ । ਭੱਜ ਕੇ ਭਾਈ ਸਵਰਨਜੀਤ ਸਿੰਘ ਪਿੰਡ ਕੋਟਲੀ ਨਜਦੀਕ ਰਟੌਲ ਪਹੁੰਚਿਆ ਜਿੱਥੇ ਬਾਬਾ ਗੁਰਬਚਨ ਸਿੰਘ ਮਨੋਚਾਹਲ ਆਪਣੇ ਸਾਥੀਆਂ ਨਾਲ ਮੌਜੂਦ ਸੀ । ਭਾਈ ਸਵਰਨਜੀਤ ਸਿੰਘ ਨੂੰ ਮਿਲ ਕੇ ਬਾਬਾ ਗੁਰਬਚਨ ਸਿੰਘ ਮਨੋਚਾਹਲ ਨੇ ਆਖਿਆ ਕਿ ਮੈਨੂੰ ਤੇਰੇ ਉੱਪਰ ਬੜਾ ਮਾਣ ਹੈ ਅੱਜ ਜੋ ਤੂੰ ਪੁਲਿਸ ਹਿਰਾਸਤ ਵਿੱਚੋਂ ਫ਼ਰਾਰ ਹੋ ਕੇ ਆਇਆ ਇਸ ਨਾਲ ਮੇਰੇ ਮਾਣ ਵਿੱਚ ਹੋਰ ਵਾਧਾ ਹੋ ਗਿਆ । ਅਖੀਰ 13 ਦਸੰਬਰ, 1987 ਵਾਲੇ ਦਿਨ ਸੰਤੋਖ ਕਾਲੇ ਕੈਟ ਨੇ ਗ੍ਰਿਫ਼ਤਾਰ ਕਰ ਲਿਆ ਅਤੇ ਮਾਲ ਮੰਡੀ ਵਿੱਚ ਭਾਰੀ ਤਸੀਹੇ ਦਿੱਤੇ ਗਏ। ਤਸੀਹੇ ਦਿੰਦਿਆਂ ਪੁਲਿਸ ਦੇ ਬੁੱਚੜ ਅਫ਼ਸਰ ਇਜਹਾਰ ਆਲਮ ਨੇ ਪੁੱਛਿਆ ਕਿ ਤੇਰੀ ਕੋਈ ਆਖ਼ਰੀ ਖ਼ਾਹਿਸ਼ ਹੈ ਤਾਂ ਦੱਸ । ਭਾਈ ਸਵਰਨਜੀਤ ਸਿੰਘ ਨੇ ਜਵਾਬ ਦਿੱਤਾ ਹਾਂ ਮੇਰੀ ਇੱਕ ਆਖ਼ਰੀ ਖ਼ਾਹਿਸ਼ ਹੈ, ਜੇ ਪੂਰੀ ਕਰ ਸਕਦਾ ਹੈ ਤਾਂ ਦੱਸ । ਇਜਹਾਰ ਆਲਮ ਨੇ ਫੇਰ ਆਖਿਆ ਕਿ ਮੈਂ ਜ਼ਰੂਰ ਪੂਰੀ ਕਰਾਂਗਾ ਤਾਂ ਭਾਈ ਸਵਰਨਜੀਤ ਸਿੰਘ ਨੇ ਆਖਿਆ ਕਿ ਗੋਲੀ ਮੇਰੀ ਛਾਤੀ ਵਿੱਚ ਮਾਰੀ ਜਾਵੇ । ਇਹ ਜਵਾਬ ਸੁਣ ਕੇ ਉਹ ਬੁੱਚੜ ਇਜਹਾਰ ਆਲਮ ਜਰੂਰ ਕੰਬ ਗਿਆ ਹੋਵੇਗਾ।

## 15 ਦਸੰਬਰ, ਨੂੰ ਬਰਸੀ 'ਤੇ ਵਿਸ਼ੇਸ਼

ਸੋ 15 ਦਸੰਬਰ 1987 ਵਾਲੇ ਦਿਨ ਭਾਈ ਸਵਰਨਜੀਤ ਸਿੰਘ ਨੂੰ ਸ਼ਹੀਦ ਕਰ ਦਿੱਤਾ ਗਿਆ । ਝੂਠੇ ਪੁਲਿਸ ਮੁਕਾਬਲੇ ਦੀ ਕਹਾਣੀ ਘੜੀ ਗਈ ਕਿ ਵਰਪਾਲ ਥਾਣੇ ਅਧੀਨ ਆਉਂਦੇ ਪਿੰਡ ਉੱਪਲਾਂ ਦੇ ਪੁਲ ਤੇ ਪੁਲਿਸ ਮੁਕਾਬਲਾ ਹੋਇਆ, ਜੋ ਕਿ ਸਰਾਸਰ ਝੂਠ ਸੀ । ਭਾਈ ਸਵਰਜੀਤ ਸਿੰਘ ਨੂੰ ਥਾਣੇ ਵਿੱਚ ਹੀ ਸ਼ਹੀਦ ਕਰ ਦਿੱਤਾ ਗਿਆ ਸੀ। ਭਾਈ ਸਵਰਨਜੀਤ ਸਿੰਘ ਪਿੰਡ ਅਲਾਦੀਨ ਦੀ ਕੁਰਬਾਨੀ ਮਹਾਨ ਹੈ। ਯੂਨਾਈਟਿਡ ਖਾਲਸਾ ਦਲ ਯੂ.ਕੇ. ਵੱਲੋਂ ਭਾਈ ਸਵਰਨਜੀਤ ਸਿੰਘ ਦੀ ਮਹਾਨ ਸ਼ਹਾਦਤ ਅਤੇ ਪੰਥ ਕੀਤੀ ਕੁਰਬਾਨੀ ਨੂੰ ਕੇਸਰੀ ਪ੍ਰਣਾਮ ਹੈ । ਪੁਲਿਸ ਨੇ ਭਾਈ ਸਵਰਨਜੀਤ ਸਿੰਘ ਦੇ ਭਰਾ ਭਾਈ ਪ੍ਰੀਤਮ ਸਿੰਘ ਅਤੇ ਭਾਈ ਅਮਰਜੀਤ ਸਿੰਘ ਨੂੰ ਅਗਵਾ ਕਰਕੇ ਲਾਪਤਾ ਕਰ ਦਿੱਤਾ । ਸਮਝਿਆ ਜਾਂਦਾ ਹੈ ਕਿ ਪੁਲਿਸ ਨੇ ਉਨਾਂ ਨੂੰ ਸ਼ਹੀਦ ਕਰਨ ਮਗਰੋਂ ਲਾਵਾਰਿਸ ਲਾਸ਼ਾਂ ਕਰਾਰ ਦੇ ਕੇ ਖਪਾ ਦਿੱਤਾ ਹੈ ।

ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਰਾਜਸੀ ਵਿਚਾਰਧਾਰਾ ਤੇ ਬੌਧਿਕ ਪ੍ਰਤਿਭਾ ਬਾਰੇ ਅਣਗੌਲੇ ਸੱਚ ਨੂੰ ਉਜਾਗਰ ਕਰਦੀ ਪੁਸਤਕ

ਜਿਸ ਵਿਚ ਖਾੜਕੂ ਲਹਿਰ, ਖਾਲਿਸਤਾਨ ਤੇ 1992 ਦੀਆਂ ਚੋਣਾਂ ਬਾਰੇ ਸ਼ਹੀਦ ਖਾਲੜਾ ਦੇ ਸਿਧਾਂਤਕ ਨਜ਼ਰੀਏ ਸਮੇਤ ਉਸ ਦੇ ਸ਼ਹਾਦਤ ਦੇ ਸਫਰ ਤੇ ਦ੍ਰਿੜ ਸੰਕਲਪ ਦੀ ਸਿਧਾਂਤਕ ਵਿਆਖਿਆ ਕੀਤੀ ਗਈ ਹੈ





ਅਜਮੇਰ ਸਿੰਘ


MORE: SAVINGS.
TIRE DISCOUNTS FOR:
TRANS-ALLIANCE
TOGETHER WE SAVE
Trans-Alliance has partnered together with TA Truck Service to provide Trans-Alliance members with awesome discounts on tires.
It's simple - Just give your DOT number to the TA Truck Service attendant at the time of purchase and the savings will be automatically deducted from your bill.
ROADMASTER TIRES™
ENGINEERED BY COOPERTIRES
STEER
DRIVE
TRAILER
RM 180+ EM
$299.00
RETAIL $362.00
RM 852 EM
$309.00
RETAIL $378.00
RM 872 EM
$279.00
RETAIL $339.00
TRANS-ALLIANCE MEMBERS GET $35 OFF RETAIL PRICE ON OTHER TIRE BRANDS
Pricing valid 6/1/2019 through 12/31/2019 for Trans-Alliance members ONLY. This promotion applies to the unit retail price. Pricing shown above is for 295/75R22.5 sizes only; prices on other sizes may vary. Price does not include F.E.T., mounting labor, balancing, valve stem, state, or local taxes. Some brand exclusions may apply.
TA TRUCK SERVICE®
MORE: BAYS. EXPERTISE. SOLUTIONS.®
Visit ta-petro.com or find us on
TA
Nasdaq Listed


Sir Speedy Tustin
Printers to the Community
SUBWAY eat fresh.
OPEN 24 HOURS
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
OPEN 24 HOURS
OPEN HOUSE!
Welcome
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW


SHER®
BESAN
YEHI TO PURE HAI
SOURCE OF FIBER / SOURCE DE FIBRE
NO ADDITIVE / AUCUN ADDITIF
ZERO CHOLESTEROL / ZERO CHOLESTÉROL
NO TRANS FATTY ACIDS / AUCUN ACIDE GRAS TRANS
SHER®
BESAN
CHANA FLOUR
SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
SHER BESAN SUPER FINE
SHER BESAN SUPER FINE
www.sherbrarmills.com